ਜੂਨ 2023

# ਗੁਰਮਤਿ ਵਿਰਸਾ


## GURMAT VIRSA गुरमति विरसा

Year-4, Issue-11, June 2023, Ludhiana gurmatvirsa@gmail.com Multilingual Price 25/-

- ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ
- ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਮੂਲ ਕਾਰਣ



ਬੁੰਗਾ ਰਾਮਗੜ੍ਹੀਆ ਸੁਰੱਖਿਆ ਅਤੇ ਸਵੈਮਾਨ ਦਾ ਪ੍ਰਤੀਕ



ਸਿੱਖ ਇਤਿਹਾਸ ਦਾ ਖ਼ੂਨੀ ਘੱਲੂਘਾਰਾ ਜੂਨ 1984



ਸਿੱਖ ਰਾਜ ਦਾ ਦਰਵੇਸ਼ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਬੁਗਰਾ ਵਿਖੇ 37 ਪ੍ਰਾਣੀ ਖੰਡੇ ਬਾਟੇ ਦੀ ਪਹੁਲ ਲੈ ਕੇ ਗੁਰੂ ਵਾਲੇ ਬਣੇ



ਕੇਂਦਰ ਖਾਲੜਾ ਦੇ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਲਤਾਲਾ ਦੇ ਸਰਕਾਰੀ ਹਾਈ ਸਕੂਲ ਰੰਗੂਵਾਲ ਵਿਖੇ ਵਿਸ਼ਵ ਰੈੱਡ ਕਰਾਸ ਦਿਵਸ ਮਨਾਇਆ ਗਿਆ



ਕੇਂਦਰ ਨਵਾਂਸ਼ਹਿਰ ਦੇ ਜੈ ਭਾਰਤ ਮਾਡਲ ਸਕੂਲ ਸਮੁੰਦੜਾ ਵਿਖੇ 6 ਰੋਜ਼ਾ ਗੁਰਮਤਿ ਕੈਂਪ ਲਗਾਇਆ ਗਿਆ, ਕੇਂਦਰ ਚੱਕ ਸਿੰਘਾ ਤੇ ਗੜ੍ਹਸ਼ੰਕਰ ਦੇ ਵੀਰਾਂ ਨੇ ਵੀ ਸਹਿਯੋਗ ਕੀਤਾ।




ਕੇਂਦਰ ਲੁਧਿਆਣਾ ਦੇ ਸਾਹਿਬ ਪਬਲਿਕ ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ



ਸ਼ਿਵਾਲਿਕ ਪਬਲਿਕ ਸਕੂਲ ਪੰਜਵੜ (ਤਰਨਤਾਰਨ) ਵਿਖੇ ਪੰਜ ਰੋਜ਼ਾ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ।



ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸੁਰਸਿੰਘ ਵਿਖੇ ਛੋਟੇ ਘੱਲੂਘਾਰੇ ਬਾਰੇ ਵਿਚਾਰਾਂ ਸਾਂਝੀਆਂ ਕੀਤੀਆਂ ਗਈਆਂ।



ਸਰਕਾਰੀ ਐਲੀਮੈਂਟਰੀ ਸਕੂਲ ਤਰਨਤਾਰਨ ਵਿਖੇ ਪੰਜ ਰੋਜ਼ਾ ਕੈਂਪ ਉਪਰੰਤ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।



ਕੇਂਦਰ ਖਨਾਲ ਖੁਰਦ ਦੇ ਪਿੰਡ ਘਨੌੜ ਵਿਖੇ ਮਾਤਾਵਾਂ ਦੀ ਲੱਗ ਰਹੀ ਗੁਰਮਤਿ ਕਲਾਸ



ਗੁਰੂ ਨਾਨਕ ਪਬਲਿਕ ਸਕੂਲ ਬਿਲਾਸਪੁਰ (ਨਿਹਾਲਸਿੰਘਵਾਲਾ) ਵਿਖੇ ਲੱਗੇ ਗੁਰਮਤਿ ਕੈਂਪ ਦੌਰਾਨ ਬੱਚਿਆਂ ਦਾ ਧਾਰਮਿਕ ਪੇਪਰ ਲਿਆ ਗਿਆ।

# ਗੁਰਮਤਿ ਵਿਰਸਾ

ਜੂਨ 2023 (ਮਾਸਿਕ ਮੈਗਜ਼ੀਨ)

**ਮੁੱਖ ਸੰਪਾਦਕ** : ਰਾਣਾ ਇੰਦਰਜੀਤ ਸਿੰਘ
**ਸੰਪਾਦਕ** : ਪ੍ਰਿੰ. ਗੁਰਬਚਨ ਸਿੰਘ ਪੰਨਵਾਂ
**ਸੰਪਾਦਕ** : ਕੈਪਟਨ ਅਵਤਾਰ ਸਿੰਘ ਪਰਿੰਗੜੀ
**ਪ੍ਰਬੰਧਕ**: ਗੁਰਮਤਿ ਗਿਆਨ ਚੈਰੀਟੇਬਲ ਟਰੱਸਟ (ਰਜਿ:)
**ਪ੍ਰਕਾਸ਼ਕ**: ਗੁਰਮਤਿ ਗਿਆਨ ਮਿਸ਼ਨਰੀ ਕਾਲਜ
ਪੰਜਾਬੀ ਬਾਗ, ਜਵੱਦੀ, ਲੁਧਿਆਣਾ- 141013
**ਫੋਨ:** 98146-35655, 99155-29725, 79733-70542
**Email:** gurmatvirsa@gmail.com
**Website:** www.gurmatgian.org

**ਸੰਪਾਦਕੀ ਬੋਰਡ**: ਸੁਖਵਿੰਦਰ ਸਿੰਘ ਦਦੇਹਰ
ਬੀਬੀ ਗੁਰਪ੍ਰੀਤ ਕੌਰ, ਡਾ. ਸਰਬਜੋਤ ਕੌਰ।
**ਕਾਨੂੰਨੀ ਸਲਾਹਕਾਰ**: ਐਡਵੋਕੇਟ ਜਸਪਾਲ ਸਿੰਘ ਚੁੱਘ

## ਜੇਠ-ਹਾੜ੍ਹ ਮਹੀਨੇ ਦੇ ਖਾਸ ਦਿਹਾੜੇ

- ਸ੍ਰੀ ਅਕਾਲ ਤਖ਼ਤ ਸਾਹਿਬ ’ਤੇ ਹਮਲਾ 1984 — 21 ਜੇਠ (4 ਜੂਨ)
- ਗੁਰਗੱਦੀ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ — 28 ਜੇਠ (11 ਜੂਨ)
- ਸ਼ਹੀਦੀ ਦਿਵਸ ਸ੍ਰੀ ਗੁਰੂ ਅਰਜਨ ਸਾਹਿਬ ਜੀ — 2 ਹਾੜ੍ਹ (16 ਜੂਨ)
- ਸ਼ਹੀਦੀ ਬਾਬਾ ਬੰਦਾ ਸਿੰਘ ਜੀ ਬਹਾਦਰ — 10 ਹਾੜ੍ਹ (24 ਜੂਨ)

**ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ: 79733-70542**
ਤੁਸੀਂ ਚੰਦਾ AXIS Bank ਵਿਚ ਸਿੱਧਾ (Online) ਵੀ ਜਮ੍ਹਾ ਕਰਵਾ ਸਕਦੇ ਹੋ
**Branch: Phullanwal, IFS Code - UTIB0000196**

**A/C Name : GURMAT VIRSA**
**A/C No.: 913010032526897**

Printer & Publisher Inderjit Singh on Behalf of (Owner) Gurmat Gian Missionary College, Punjabi Bagh, Jawaddi, Distt. Ludhiana (Punjab) & Printed from Dutta Lamination, 10019, Durga Puri, Aare Wali Gali, Haibowal Kalan, Ludhiana Punjab.

**Editor- Gurbachan Singh Panwa ***

• Responsible for collection of all Printed matter as per PRB Act

**Registration Number of the Newspaper PUNMUL/2019/78309**

## ਗੁਰਮਤਿ ਗਿਆਨ ਚੈਰੀਟੇਬਲ ਟਰੱਸਟ ਵਲੋਂ ਚਲਾਏ ਜਾ ਰਹੇ ਪ੍ਰੋਜੈਕਟ

1. ਗੁਰਮਤਿ ਗਿਆਨ ਮਿਸ਼ਨਰੀ ਕਾਲਜ
2. ਗੁਰਮਤਿ ਪ੍ਰਚਾਰ ਕੇਂਦਰ
3. ਸਿੱਖੀ ਲਹਿਰ
4. ਐਜੂ-ਏਡ ਵਿੰਗ
5. ਗੁਰਮਤਿ ਐਲੀਮੈਂਟਰੀ ਕੋਰਸ
6. ਗੁਰਮਤਿ ਟ੍ਰੇਨਿੰਗ ਕੈਂਪ
7. ਗੁਰਮਤਿ ਗਿਆਨ ਲਾਇਬ੍ਰੇਰੀ
8. ਹੋਮਿਓਪੈਥੀ ਡਿਸਪੈਂਸਰੀ
9. ਰੋਜ਼ਾਨਾ ਅੰਮ੍ਰਿਤ ਵੇਲਾ ਅਤੇ ਹਫਤਾਵਾਰੀ ਸਮਾਗਮ
10. ਫਰੀ ਮੈਡੀਕਲ ਚੈੱਕਅੱਪ
11. ਗੁਰਮਤਿ ਵਿਰਸਾ ਮੈਗਜ਼ੀਨ
12. ਗੁਰਮਤਿ ਲਿਟਰੇਚਰ ਹਾਊਸ
13. ਗਰੇਸ ਪਬਲਿਕ ਸਕੂਲ

## ਕੀ ਅਤੇ ਕਿੱਥੇ ?


| | |
|---|---|
| ਮਹਿਮਾਨ ਸੰਪਾਦਕੀ | 4 |
| ਸਵਾਲ ਜਵਾਬ | 7 |
| ਸ਼ਬਦ ਵਿਚਾਰ | 8 |
| ਸਿੱਖ ਇਤਿਹਾਸ ਦਾ ਖੂਨੀ ਘੱਲੂਘਾਰਾ ਜੂਨ 1984 | 9 |
| ਸ਼ਹੀਦਾਂ ਦੇ ਸਿਰਤਾਜ- ਗੁਰੂ ਅਰਜਨ ਸਾਹਿਬ ਜੀ | 11 |
| ਸਿੱਖ ਰਾਜ ਦਾ ਦਰਵੇਸ਼ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ | 13 |
| ਪੰਜਾਬ ਵੀਰਾਂਗਣਾਂ ਦੀ ਸਰਜ਼ਮੀ ਪਰ ਅਜੇ ਵੀ ਪੰਜਾਬੀ (ਸਿੱਖ)... | 15 |
| ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਮੂਲ ਕਾਰਣ | 16 |
| ਬੁੰਗਾ ਰਾਮਗੜ੍ਹੀਆ ਸੁਰੱਖਿਆ ਅਤੇ ਸਵੈਮਾਣ ਦਾ ਪ੍ਰਤੀਕ | 18 |
| ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦਾ ਸੰਕਟ ਕੀ ਪਹਿਲਾਂ ਹੀ... | 20 |
| ਨੰਨੇ ਵਾਰਸ | 22 |
| ਬੁਰਾ ਨਹੀ ਸਭੁ ਭਲਾ ਹੀ ਹੈ ਰੇ... | 24 |
| ਜਨਰੇਸ਼ਨ ਗੈਪ ਜਾਂ ਹਉਮੈ? | 26 |
| ਅਸੀਂ ਕਿੰਨੇ ਅਸੰਵੇਦਨਸ਼ੀਲ ਹੋ ਗਏ ਹਾਂ | 28 |
| ਲੜੀਵਾਰ ਕਿਤਾਬ: ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ... | 30 |
| ਲੜੀਵਾਰ ਕਿਤਾਬ: ਸਰਬੋਤਮਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | 32 |
| ਅਨੰਦ ਕਾਰਜ (ਸਿੱਖ ਰਹੁਰੀਤ) ਕਿਤਾਬਚਾ | 34 |
| **ਅਰਦਾਸ ਕੀ ਸ਼ਕਿਤ** | **35** |
| Bhagat Kabir Ji | 36 |
| ਸਿਹਤ ਸੰਭਾਲ | 38 |
| ਸਾਡੀ ਖੇਤੀ | 39 |
| ਗੁਰਮਤਿ ਸੰਜੋਗ | 40 |
| ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ | 41 |


## ਗੁਰਮਤਿ ਵਿਰਸਾ ਮੰਗਵਾਉਣ ਲਈ ਚੰਦਾ

| ਚੰਦਾ | ਦੇਸ਼ | ਵਿਦੇਸ਼ |
|---|---|---|
| ਸਾਲਾਨਾ | 250/- | 50 $ USA |
| ਲਾਈਫ | 3000/- | 300 $ USA |

**ਹੇਠ ਲਿਖੇ ਬੈਂਕ ਅਕਾਊਂਟਸ ਰਾਹੀਂ ਸੇਵਾ ਭੇਜੋ ਜੀ**

**Axis Bank** **Branch : Phullanwal (Ldh)**
**IFS Code : UTIB0000196**

| | |
|---|---|
| - Gurmat Gian | : 913010032529069 |
| - Gurmat Gian Missionary College | : 913010032837193 |
| - Gurmat Gian Charitable Trust | : 913010032525014 |
| - Gurmat Parchar Kendra | : 913010032551518 |
| - Gurmat Virsa | : 913010032526897 |
| - GGT Edu Aid | : 913010032526884 |

## ਜ਼ਰੂਰੀ ਸੂਚਨਾਵਾਂ

- ‘ਗੁਰਮਤਿ ਵਿਰਸਾ’ ਮੈਗਜ਼ੀਨ ਵਿਚ ਛਪਣ ਵਾਲੀਆਂ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਨਿੱਜੀ ਹੁੰਦੇ ਹਨ। ਜ਼ਰੂਰੀ ਨਹੀਂ ਕਿ ਸੰਪਾਦਕੀ ਬੋਰਡ ਇਨ੍ਹਾਂ ਨਾਲ ਪੂਰੀ ਤਰ੍ਹਾਂ ਸਹਿਮਤ ਹੋਵੇ।
- ਕੋਈ ਵੀ ਵਾਦ-ਵਿਵਾਦ ਲੁਧਿਆਣਾ ਕਚਹਿਰੀਆਂ ਵਿਚ ਹੀ ਨਿਬੇੜੇ ਜਾਣਗੇ।
- ਸੰਪਾਦਕੀ ਬੋਰਡ ਨੂੰ ਕਿਸੇ ਵੀ ਰਚਨਾ ਨੂੰ ਕੱਟਣ ਜਾਂ ਰੱਦ ਕਰਨ ਦਾ ਪੂਰਾ ਹੱਕ ਹੈ।

**ਮਹਿਮਾਨ ਸੰਪਾਦਕੀ**

# ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ

**-ਗਿਆਨੀ ਜਗਤਾਰ ਸਿੰਘ ਜਾਚਕ, ਨਿਊਯਾਰਕ ੧-੫੧੬-੩੨੩-੯੧੮੮**

ਸ੍ਰੀ ਗੁਰੂ ਗ੍ਰੰਥ ਸਾਹਿਬ ਇੰਸਟੀਚਿਊਟ ਮੈਲਬੋਰਨ (ਅਸਟ੍ਰੇਲੀਆ) ਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਸੰਪੂਰਨ ਸੰਥਿਆ ਵੀਡੀਓ ਤਿਆਰ ਕਰਵਾਉਣਾ, ਖ਼ਾਲਸਾ ਪੰਥ ਦੀ ਪ੍ਰਤੀਨਿਧ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਦੁਆਰਾ ਉਹਦਾ ਰੀਲੀਜ਼ ਹੋਣਾ ਅਤੇ ਫਿਰ ਚੜ੍ਹਦੀਕਲਾ ਟਾਈਮ ਟੀ. ਵੀ. ਦੁਆਰਾ ਉਸ ਨੂੰ ਸੰਸਾਰ ਭਰ ਵਿੱਚ ਪ੍ਰਸਾਰਤ ਕਰਨ ਲਈ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਵੱਲੋਂ ਅਰਦਾਸ ਕਰਨਾ; ਰੱਬੀ ਰਮਜ਼ਾਂ ਦੀ ਸੂਝ ਰੱਖਣ ਵਾਲੇ ਗੁਰਮੁਖ ਸੱਜਣਾਂ ਦੀ ਦ੍ਰਿਸ਼ਟੀ ਵਿੱਚ ਕਿਸੇ ਰੱਬੀ ਕ੍ਰਿਸ਼ਮੇ ਤੋਂ ਘਟ ਨਹੀਂ ਹੈ। ਇੰਸਟੀਚਿਊਟ ਦੀ ਵੈਬਸਾਈਟ 'ਗੁਰਬਾਣੀ ਦਰਪਣ ਡਾਟ ਓਆਰਜੀ' (gurbaindarpan.org) 'ਤੇ ਭਾਵੇਂ ਇਹ ਸਾਰਾ ਵਿਆਕ੍ਰਨਿਕ ਸੰਥਿਆ ਪਾਠ ਉਪਲਭਦ ਹੈ ਅਤੇ ਗੁਰਬਾਣੀ ਪ੍ਰੇਮੀਆਂ ਲਈ ਉਥੋਂ ਫ੍ਰੀ ਡਾਊਨਲੋਡ ਕਰਨ ਦੀ ਸਹੂਲਤ ਵੀ ਹਾਸਲ ਹੈ; ਪਰ ਸਾਲ ੨੦੧੫ ਦੀ ਸ਼ੁਭ ਆਮਦ ਤੋਂ ਚੜ੍ਹਦੀਕਲਾ ਟਾਈਮ ਦੁਆਰਾ ਹਰ ਰੋਜ਼ ਪ੍ਰਸਾਰਤ ਕਰਨ ਨਾਲ ਸਿੱਖ ਸੰਗਤ ਦਾ ਜੋ ਪਿਆਰ ਭਰਿਆ ਹੁੰਗਾਰਾ ਮਿਲਿਆ ਹੈ, ਸਿੱਖ ਜਗਤ ਨਾਲ ਟੀ.ਵੀ.ਚੈਨਲ ਅਤੇ ਇੰਸਟੀਚਿਊਟ ਦੀ ਜੋ ਰੂਹਾਨੀ ਸਾਂਝ ਕਾਇਮ ਹੋਈ ਹੈ, ਦੋਵਾਂ ਅਦਾਰਿਆਂ ਦੇ ਸੇਵਾਦਾਰਾਂ ਲਈ ਉਹ ਹੋਰ ਵੀ ਵਿਸਮਾਦਮਈ ਤੇ ਉਤਸ਼ਾਹ ਜਨਕ ਹੈ। ਕਿਉਂਕਿ, ਹਰ ਰੋਜ਼ ਬੇਅੰਤ ਸ਼ਰਧਾਲੂ ਫੋਨ ਕਰਕੇ ਜਿਥੇ ਆਪਣਾ ਪਿਆਰ ਪ੍ਰਗਟਾਉਂਦੇ ਤੇ ਆਸੀਸਾਂ ਬਖ਼ਸ਼ਦੇ ਹਨ। ਉਥੇ ਕਈ ਸ਼ਰਧਾਲੂ ਗੁਰਬਾਣੀ ਦੇ ਪਾਠ ਉਚਾਰਨ, ਗੁਰਬਾਣੀ ਦੇ ਵਿਆਕਰਣ ਤੇ ਇਸ ਸਬੰਧੀ ਪ੍ਰਚਲਿਤ ਪ੍ਰੰਪਰਾਵਾਂ ਪ੍ਰਤੀ ਸ਼ੰਕੇ ਪ੍ਰਗਟ ਕਰਦੇ ਹੋਏ ਕਈ ਕਿਸਮ ਦੇ ਜਗਿਆਸਾ ਭਰੇ ਸੁਆਲ ਵੀ ਪੁੱਛ ਰਹੇ ਹਨ।

ਇੰਸਟੀਚਿਊਟ ਦੇ ਸੇਵਾਦਾਰ ਯਤਨਸ਼ੀਲ ਹਨ ਕਿ ਗੁਰਬਾਣੀ ਪ੍ਰੇਮੀਆਂ ਵੱਲੋਂ ਗੁਰਬਾਣੀ ਦੇ ਪਾਠ ਅਤੇ ਉਚਾਰਣ ਪ੍ਰਤੀ ਜੋ ਪ੍ਰਸ਼ਨ ਪੁੱਛੇ ਜਾ ਰਹੇ ਹਨ, ਉਹਨਾਂ ਦੇ ਉੱਤਰ ਲਿਖ ਕੇ ਪੁਸਤਕ ਦੇ ਰੂਪ ਵਿੱਚ ਇੱਕ 'ਸੰਥਿਆ ਪ੍ਰਸ਼ੋਨਤਰੀ' ਤਿਆਰ ਕਰ ਦਿੱਤੀ ਜਾਵੇ, ਤਾਂ ਜੋ ਗੁਰਬਾਣੀ ਦੇ ਸਿਖਿਆਰਥੀ ਉਸ ਤੋਂ ਸਦਾ ਹੀ ਸੇਧ ਲੈਂਦੇ ਰਹਿਣ। ਜਿਵੇਂ ਚੜ੍ਹਦੀਕਲਾ ਟਾਈਮ ਟੀ.ਵੀ. 'ਤੇ ਚੱਲ ਰਹੇ ਲੜੀਵਾਰ ਸੰਥਿਆ ਸਹਿਜ ਪਾਠ ਵਿੱਚ ਕੁਝ ਦਿਨ ਪਹਿਲਾਂ ਸਤਿਸੰਗੀਆਂ ਨੇ ਅੰਕ ੯੪੭ ਤੋਂ ''ਰਾਮਕਲੀ ਕੀ ਵਾਰ ਮਹਲਾ ੩॥ ਜੋਧੈ ਵੀਰੈ ਪੂਰਬਾਣੀ ਕੀ ਧੁਨੀ॥'' ਨਾਂ ਦੇ ਸਿਰਲੇਖ ਹੇਠ ਵਾਰ ਦਾ ਪਾਠ ਸਰਵਣ ਕੀਤਾ। ਜਿਉਂ ਹੀ ਉਸ ਦਿਨ ਟੀ.ਵੀ.'ਤੇ ਸੰਥਿਆ ਸਹਿਜ ਪਾਠ ਦਾ ਪ੍ਰੋਗਰਾਮ ਸਮਾਪਤ ਹੋਇਆ, ਤਿਉਂ ਹੀ ਹਰ ਰੋਜ਼ ਵਾਂਗ ਬਾਰ ਬਾਰ ਫੋਨ ਦੀ ਘੰਟੀ ਖੜਕੀ। ਗੁਰੂ ਫ਼ਤਹਿ ਦੀ ਸਾਂਝ ਕਰਨ ਉਪਰੰਤ ਸਾਰੇ ਹੀ ਸਤਿਸੰਗੀਆਂ ਦਾ ਲੱਗਭਗ ਇੱਕੋ ਹੀ ਸੁਆਲ ਸੀ ''ਗਿਆਨੀ ਜੀ ਨੇ ਮਹਲੇ ਤੀਜੇ ਦੀ ਰਾਮਕਲੀ ਕੀ ਵਾਰ ਵਿੱਚਲੀ 'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥' ਤੁਕ ਕੇਵਲ ਪਹਿਲੀ ਪਉੜੀ ਦੇ ਪਿੱਛੋਂ ਹੀ ਪੜ੍ਹੀ ਹੈ ; ਹਰੇਕ ਪਉੜੀ ਦੇ ਨਾਲ ਕਿਉਂ ਨਹੀਂ ਪੜ੍ਹੀ ?'' ਤੁਕ ਨਾ ਪੜ੍ਹਣੀ, ਗੁਰੂ ਮਹਾਰਾਜ ਦੇ ਹੁਕਮ ਦੀ ਉਲੰਘਣਾ ਹੈ।'' ਸਾਰੇ ਪ੍ਰਸ਼ਨ ਕਰਤਾ ਆਪਣੇ ਆਪ ਨੂੰ ਕਿਸੇ ਸੰਪਰਦਾਈ ਵਿਦਵਾਨ, ਡੇਰੇ ਜਾਂ ਟਕਸਾਲ ਦਾ ਵਿਦਿਆਰਥੀ ਦੱਸ ਰਹੇ ਸਨ।

ਗੁਰਬਾਣੀ ਦੇ ਸ਼ਰਧਾਲੂ ਸਰੋਤਿਆਂ ਵੱਲੋਂ ਅਜਿਹਾ ਸੁਆਲ ਉਠਾਏ ਜਾਣ ਦਾ ਅਸਲ ਵਿੱਚ ਮੁਖ ਕਾਰਣ ਇਹ ਹੈ ਕਿ ਗੁਰਬਾਣੀ ਦੇ ਟੀਕਾਕਾਰਾਂ ਵਿੱਚੋਂ ਕੇਵਲ ਸੰਪਰਦਾਈ ਵਿਦਵਾਨਾਂ ਨੇ ਹੀ ''ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥'' ਤੁਕ ਨੂੰ ਹਰੇਕ ਪਉੜੀ ਨਾਲ ਪੜ੍ਹਣ ਦੀ ਹਦਾਇਤ ਕੀਤੀ ਹੈ। ਜਿਵੇਂ ਫਰੀਦਕੋਟੀ ਟੀਕੇ ਵਿੱਚ ਲਿਖਿਆ ਹੈ – ਇਹ ਰਹਾਉ ਦੀ ਤੁਕ ਹੈ, ਸਾਰੀਆਂ ਪੌੜੀਯੋਂ ਮੇਂ ਪੜ੍ਹਨੀ ਚਾਹੀਏ।

ਸ੍ਰੀ ਮਾਨ ਪੰਥ ਰਤਨ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂ ਵਾਲਿਆਂ ਨੇ 'ਗੁਰਬਾਣੀ ਪਾਠ ਦਰਸ਼ਨ' ਅਠਵੀਂ ਐਡੀਸ਼ਨ, ਜੁਲਾਈ ੧੯੯੮, (ਪੰਨਾ ੪੬੭) 'ਤੇ ਲਿਖਿਆ ਹੈ – ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸ੍ਰੀ ਅਕਾਲ ਤਖ਼ਤ ਰਚ ਕੇ, ਮਹਾਰਾਜ ਦੇ ਸਰੂਪ ਵਿੱਚ ਜਦੋਂ ਨੌਂ ਧੁਨਾਂ ਚਾੜ੍ਹੀਆਂ ਹਨ ਤਾਂ ਰਾਮਕਲੀ ਦੀ ਪਹਿਲੀ ਵਾਰ ਬਾਬਤ ਆਗਿਆ ਕੀਤੀ ਕਿ ਜੋ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੀਜੇ ਪਾਤਿਸ਼ਾਹ ਦੀ ਵਾਰ ਦੀਆਂ ਪੰਜ ਪਉੜੀਆਂ ਲਿਖਾਈਆਂ ਹਨ ਗਿਣਤੀ ਦੀਆਂ ੨੧ ਹਨ, ਉਹਨਾਂ ਦੇ ਮਗਰੋਂ (ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ) ਇਹ ਤੁਕ ਹਰ ਪਉੜੀ ਦੇ ਅੰਤ ਵਿੱਚ ਪੜ੍ਹਨੀ ਭਾਵ ਇੱਕੀ ਵਾਰ ਪੜ੍ਹਨੀ ਹੈ। ਧੁਨ ਵਾਲੀ ਵਾਰ ਦੀ ਪਉੜੀ ਦੀਆਂ ਛੇ ਤੁਕਾਂ ਸਨ, ਮਹਾਰਾਜ ਜੀ ਨੇ ਇਹ ਤੁਕ ਪੜ੍ਹਨ ਦੀ ਆਗਿਆ ਦੇ ਕੇ ਛੇ ਤੁਕੀ ਵਾਰ ਦੀ ਧੁਨ ਬਣਾਈ ਹੈ। ਗੁਰ ਬਿਲਾਸ ਵਿੱਚ ਭਾਈ ਮਨੀ ਸਿੰਘ ਜੀ ਨੇ ਲਿਖਿਆ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਧੁਨਾਂ ਚੜ੍ਹਾਉਣ ਵਾਲੇ ਧਿਆਇ ਵਿੱਚ ਜੋ ਭਾਈ ਗੁਰਦਾਸ ਜੀ ਪਾਸੋਂ ਲਿਖਾਈਆਂ ਹਨ ਟਕਸਾਲੀ ਗਿਆਨੀ ਚੰਦਾ ਸਿੰਘ ਦੇ ਪ੍ਰਯਾਇ ਵਿੱਚ ਤੇ ਗਿਆਨੀ ਅਮੀਰ ਸਿੰਘ ਅੰਮ੍ਰਿਤਸਰ ਦੇ ਟਕਸਾਲੀ ਗੋਬਿੰਦ ਦਾਸ ਦੇ ਪ੍ਰਯਾਇ ਟੀਕਾ ਫਰੀਦਕੋਟ ਆਦਿ ਵਿੱਚ ਇਹ ਤੁਕ ਪੜ੍ਹਣ ਦੀ ਗੁਰੂ ਸਾਹਿਬ ਵਲੋਂ ਆਗਿਆ ਦੱਸੀ ਹੈ।''

ਸੰਪਰਦਾਈ ਸਟੀਕ ਦੇ ਕਰਤਾ ਸ੍ਰੀ ਮਾਨ ਗਿਆਨੀ ਕ੍ਰਿਪਾਲ ਸਿੰਘ ਜੀ ਲਿਖਦੇ ਹਨ – ਕਲਗੀਆਂ ਵਾਲੇ ਸੱਚੇ ਪਿਤਾ ਜੀ ਦੀ ਚਲਾਈ ਹੋਈ ਜੋ ਸੰਪ੍ਰਦਾਈ ਟਕਸਾਲ ਹੈ, ਉਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਉਨੁਸਾਰ ਸੀਨਾ ਬਸੀਨਾ ਇਸ ਤੁਕ ਨੂੰ ਹਰ ਪਉੜੀ ਦੇ ਅਖੀਰ ਤੇ ਪੜ੍ਹਣ ਦੀ ਮਰਯਾਦਾ ਚਲੀ ਆ ਰਹੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਕੁਲ ਬਾਈ ਵਾਰਾਂ ਹਨ। ਹੋਰ ਕਿਸੀ ਵਾਰ ਦੇ ਵਿੱਚ 'ਰਹਾਉ' ਸਬਦ ਨਹੀਂ ਹੈ।

ਸ੍ਰੀ ਮਾਨ ਗਿਆਨੀ ਹਰਿਬੰਸ ਸਿੰਘ ਜੀ ਪਟਿਆਲੇ ਵਾਲਿਆਂ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਦੀ ਨੌਵੀਂ ਪੋਥੀ (ਦੂਜੀ ਐਡੀਸ਼ਨ, ਮਾਰਚ ੧੯੯੬, ਪੰਨਾ ੬੧੯) ਵਿੱਚ ਗਿਆਨੀ ਗੁਰਬਚਨ ਸਿੰਘ ਜੀ ਅਤੇ ਗਿਆਨੀ ਕ੍ਰਿਪਾਲ ਸਿੰਘ ਜੀ ਦੇ ਉਪਰੋਕਤ ਬਿਆਨਾਂ 'ਤੇ ਟਿੱਪਣੀ ਕਰਦਿਆਂ ਇਉਂ ਨਿਰਣਾ ਦਿੱਤਾ ਹੈ–

"ਨਿਰਣਾ : ਇੱਕ ਪਾਸੇ ਛੇਵੇਂ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਧੁਨਾਂ ਚੜ੍ਹਾਉਣ ਸਮੇਂ ਉਪ੍ਰੋਕਤ ਆਦੇਸ਼ ਜਾਰੀ ਹੋਇਆ ਦਸਣਾ ਅਤੇ ਦੂਜੇ ਪਾਸੇ ਗੁਰੂ ਗੋਬਿੰਦ ਸਿੰਘ ਜੀ ਦੇ ਹੁਕਮ ਨਾਲ ਸੀਨਾ ਬਸੀਨਾ ਇਸ ਤੁਕ ਨੂੰ ਪੜ੍ਹਣ ਦੀ ਮਰਯਾਦਾ ਆ ਰਹੀ ਲਿਖਣਾ, ਇਹ ਦੋਵੇਂ ਹਵਾਲੇ ਸ੍ਵੈ ਵਿਰੋਧੀ ਹਨ। ਟਕਸਾਲੀ ਵਿਦਵਾਨਾਂ ਨੂੰ ਛੇਵੀਂ ਜਾਂ ਦਸਵੀਂ ਪਾਤਸ਼ਾਹੀ ਦੇ ਉਸ ਹੁਕਮ ਦਾ ਜਿਸ ਨਾਲ ਇਸ ਪੰਕਤੀ ਦਾ ਹਰੇਕ ਪਉੜੀ ਨਾਲ ਪੜ੍ਹਨਾ ਜ਼ਰੂਰੀ ਹੈ, ਹਵਾਲਾ ਦੇਣਾ ਚਾਹੀਦਾ ਸੀ ਤਾਂ ਜੋ ਗੁਰਮਤਿ ਪਰੇਮੀਆਂ ਦੀ ਤਸੱਲੀ ਹੋ ਜਾਂਦੀ ਕਿ ਇਹ ਮਰਯਾਦਾ ਮਨੋਕਲਪਿਤ ਨਹੀਂ ਹੈ। ਜਿਵੇਂ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ) 'ਗਉੜੀ ਬਾਵਨ ਅਖਰੀ ਮਹਲਾ ੫' ਦੇ ਆਰੰਭ ਵਿੱਚ 'ਗੁਰਦੇਵ ਮਾਤਾ, ਗੁਰਦੇਵ ਪਿਤਾ, ਗੁਰਦੇਵ ਸੁਆਮੀ ਪਰਮੇਸਰਾ' ਵਾਲਾ ਸਲੋਕ ਦਰਜ ਹੈ ਅਤੇ ਓਹੀ ਸਲੋਕ 'ਬਾਵਨ ਅਖਰੀ' ਦੀ ਸਮਾਪਤੀ ਤੇ। (ਇਸ ਲਈ ਇਥੇ) ਸਤਿਗੁਰਾਂ ਆਪ ਹੀ ਲਿਖ ਦਿੱਤਾ ਹੈ-'ਏਹੁ ਸਲੋਕੁ ਆਦਿ ਅੰਤਿ ਪੜਣਾ'। ਸੋ ਇਹ ਅਟੱਲ ਹੁਕਮ ਹੈ।

ਸੰਪਰਦਾਈ ਸਟੀਕ ਦੇ ਕਰਤਾ (ਗਿ. ਕ੍ਰਿਪਾਲ ਸਿੰਘ) ਨੇ ਜੋ ਗੁਰਸ਼ਬਦ ਰਤਨਾਕਰ (ਮਹਾਨ ਕੋਸ਼) ਦਾ ਹਵਾਲਾ ਦਿੱਤਾ ਹੈ, ਉਸ ਵਿੱਚ ਇਸ ਤੁਕ ਦਾ ਹਰੇਕ ਪਉੜੀ ਨਾਲ ਪੜ੍ਹਨ ਦਾ ਕੋਈ ਸੰਕੇਤ ਨਹੀਂ। ਉਥੇ ਕੇਵਲ ਇਹ ਅਖਰ ਹਨ :-

''ਇਸ ਛੇ ਤੁਕੀ ਪੌੜੀ ਨਾਲ ਰਾਮਕਲੀ ਦੀ ਛੇ ਤੁਕੀ ਪੌੜੀ ਦੀ ਧੁਨਿ ਮਿਲਾਈ''। 'ਧੁਨਿ ਮਿਲਾਈ' ਤੋਂ ਭਾਵ ਜੋਧੇ ਵੀਰੇ ਪੂਰਬਾਣੀ ਦੀ ਧੁਨਿ ਨਾਲ ਮਿਲਾਈ ਹੈ।

ਸੰਪ੍ਰਦਾਈ ਸਟੀਕ ਦੇ ਕਰਤਾ ਦਾ ਇਹ ਲਿਖਣਾ ਵੀ ਠੀਕ ਨਹੀਂ ਕਿ ਹੋਰ ਕਿਸੇ ਵਾਰ ਵਿੱਚ 'ਰਹਾਉ' ਸ਼ਬਦ ਨਹੀਂ ਆਉਂਦਾ, ਕੇਵਲ ਇਸੇ ਵਾਰ ਵਿੱਚ ਰਹਾਉ ਵਾਲੀ ਤੁਕ ਹੈ। ਕਿਉਂਕਿ, ਆਸਾ ਕੀ ਵਾਰ ਵਿੱਚ ੧੨ਵੀਂ ਪਉੜੀ ਦੇ ਆਰੰਭਕ ਸਲੋਕ ਵਿੱਚ ''ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥੧॥ ਰਹਾਉ॥'' ਮੌਜੂਦ ਹੈ।

(ਗੁਰਬਾਣੀ ਪਾਠ ਦਰਸ਼ਨ ਦੇ ਕਰਤਾ ਵੱਲੋਂ 'ਗੁਰਬਿਲਾਸ ਪਾ: ੬ ਦੇ ਹਵਾਲੇ ਨੂੰ ਭਾਈ ਮਨੀ ਸਿੰਘ ਦਾ ਦੱਸਣਾ ਵੀ ਯੋਗ ਨਹੀਂ। ਕਿਉਂਕਿ) ਗੁਰਬਿਲਾਸ ਪਾ: ੬ ਗਿਆਨੀ ਮਨੀ ਸਿੰਘ ਜੀ ਦਾ ਰਚਿਤ ਨਹੀਂ, (ਕਿਸੇ ਅਗਿਆਤ) ਸੋਹਨ ਕਵੀ ਦਾ ਹੈ। (ਗੁਰੂ ਨਿੰਦਾ ਨਾਲ ਭਰਪੂਰ ਇਸ ਬਿਪਰਵਾਦੀ ਕਿਤਾਬ 'ਤੇ ਅਧਾਰਿਤ ਸ੍ਰੀ ਅਕਾਲ ਤਖ਼ਤ ਦੀ ਸਿਰਜਨਾ ਉਪਰੰਤ) ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਧੁਨਾਂ ਚੜ੍ਹਾਉਣ ਵਾਲੀ ਸਾਖੀ ਨੂੰ ਵੀ ਖੋਜੀਆਂ ਨੇ ਯਥਾਰਥ ਨਹੀਂ ਮੰਨਿਆ। ਵੇਖੋ ਗੁਰਸ਼ਬਦ ਰਤਨਾਕਰ ਵਿੱਚ ਭਾ. ਕਾਨ੍ਹ ਸਿੰਘ ਜੀ ਨਾਭਾ। (ਕਿਉਂਕਿ, ਸ੍ਰੀ ਅਕਾਲ ਤਖ਼ਤ ਦੀ ਸਿਰਜਨਾ ਤੋਂ ੪ ਸਾਲ ਪਹਿਲਾਂ ਸਤੰਬਰ ਸੰਨ ੧੬੦੪ ਵਿੱਚ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੀ ਹਜ਼ੂਰੀ ਵਿਖੇ ਭਾਈ ਗੁਰਦਾਸ ਜੀ ਦੁਆਰਾ ਲਿਖੀ ਗਈ ਕਰਤਾਰਪੁਰੀ ਬੀੜ ਵਿੱਚ ਗੁਰਬਾਣੀ ਤੇ ਵਾਰਾਂ ਦੀਆਂ ਧੁਨੀਆਂ ਇੱਕੋ ਕਲਮ ਨਾਲ ਲਿਖੀਆਂ ਹੋਈਆਂ ਮਿਲਦੀਆਂ ਹਨ। ਵੇਖੋ ਪੁਸਤਕ 'ਕਰਤਾਰਪੁਰੀ ਬੀੜ ਦੇ ਦਰਸ਼ਨ' ਭਾਈ ਜੋਧ ਸਿੰਘ ਪ੍ਰਿੰਸੀਪਲ।)

ਸੰਪਰਦਾਈ ਸਟੀਕ ਦੇ ਕਰਤਾ ਦਾ ਇਹ ਲਿਖਣਾ ਕਿ ''ਜਿਹੜੇ ਸੱਜਣ ਇਸ ਤੁਕ ਦਾ ਪਾਠ ਹਰ ਪਉੜੀ ਦੇ ਅਖੀਰ ਤੇ ਨਹੀਂ ਪੜ੍ਹਦੇ, ਉਹ ਗੁਰੂ ਜੀ ਦੀ ਆਗਿਆ ਨਾ ਮੰਨਣ ਕਰਕੇ ਗੁਰੂ ਤੋਂ ਬੇਮੁਖ ਹਨ'' ਕੋਈ ਸਿਆਣਪ ਵਾਲੀ ਗੱਲ ਨਹੀਂ। ਏਦਾਂ ਦੀ ਗੱਲ ਲਿਖਣ ਦਾ ਕਿਸੇ ਵਿਦਵਾਨ ਵਿਅਕਤੀ ਨੂੰ ਕੋਈ ਅਧਿਕਾਰ ਨਹੀਂ ਹੈ। ਇਸ ਬਾਰੇ ਸ੍ਰੀ ਅਕਾਲ ਤਖ਼ਤ ਸਾਹਿਬ, ਅੰਮ੍ਰਿਤਸਰ ਹੀ ਕੋਈ ਹੁਕਮਨਾਮਾ ਜਾਰੀ ਕਰ ਸਕਦਾ ਹੈ।

ਹਰੇਕ ਮਾਈ ਭਾਈ ਜੋ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਵਿੱਚ ਦਰਜ ਹੈ, ਉਹ ਉਸੇ ਤਰ੍ਹਾਂ ਪੜ੍ਹਦੇ ਹਨ। ਸਾਰੇ ਪਾਠੀ ਤੇ ਸਰੋਤੇ ਗਿਆਨਵਾਨ ਨਹੀਂ ਹੁੰਦੇ। ਇਸ ਪੰਕਤੀ ਦਾ ਹਰੇਕ ਪਉੜੀ ਨਾਲ ਪੜ੍ਹਨ ਦੀ ਗੱਲ ਕੇਵਲ ਟਕਸਾਲੀ ਪਾਠੀ ਹੀ ਜਾਣਦੇ ਹਨ, ਬਾਕੀ ਆਮ ਪਾਠੀਆਂ ਤੇ ਸੰਗਤਾਂ ਨੂੰ ਉੱਕਾ ਹੀ ਪਤਾ ਨਹੀਂ ਹੈ। ਕੀ ਫਿਰ ਸਾਰੇ ਹੀ ਗੁਰੂ ਤੋਂ ਬੇਮੁਖ ਹੋ ਗਏ ? ਇਤਨਾ ਭਾਵੁਕ ਹੋ ਕੇ ਆਪਣੀ ਕਲਪਨਾ ਨੂੰ ਗੁਰੂ ਦੇ ਹੁਕਮ ਨਾਲ ਜੋੜ ਕੇ ਪ੍ਰਚਾਰਨਾ ਕਿਥੋਂ ਦੀ ਗੁਰਮਤਿ ਹੈ ?

ਇਸ ਬਾਰੇ ਯੋਗ ਇਹੋ ਹੈ ਕਿ ਜਦੋਂ ਰਾਗੀ ਢਾਡੀ ਇਹ ਵਾਰ ਉਚਾਰਨ ਕਰਨ (ਗਾਉਣ) ਤਾਂ ਹਰੇਕ ਪਉੜੀ ਨਾਲ 'ਵਾਹੁ ਵਾਹੁ ਸਚੇ ਪਾਤਿਸਾਹ, ਤੂ ਸਚੀ ਨਾਈ' ਦਾ ਗਾਇਨ ਜਰੂਰ ਕਰਨ। ਜਿਵੇਂ ਕਿ ਬਾਕੀ ਸ਼ਬਦਾਂ ਵਿੱਚ ਰਹਾਉ ਵਾਲੀ ਪੰਕਤੀ ਨੂੰ ਸਥਾਈ ਮੰਨ ਕੇ ਉਸ ਦਾ ਗਾਇਨ ਮੁੜ ਮੁੜ ਕੀਤਾ ਜਾਂਦਾ ਹੈ। ਅਖੰਡ ਪਾਠ (ਜਾਂ ਸਧਾਰਨ ਪਾਠ) ਵਿੱਚ ਇਸ ਪੰਕਤੀ ਨੂੰ ਹੋਰ ਪਉੜੀ ਨਾਲ ਦੁਹਰਾਉਣ ਦੀ ਲੋੜ ਨਹੀਂ।''

ਸਤਿਕਾਰ ਯੋਗ ਗਿਆਨੀ ਹਰਿਬੰਸ ਸਿੰਘ ਜੀ ਪਟਿਆਲਾ ਦੀ ਉਪਰੋਕਤ ਲੰਮੀ ਚੌੜੀ ਲਿਖਤ ਤੋਂ ਸਪਸ਼ਟ ਹੈ ਕਿ ਜਿਹੜੇ ਲੋਕ ਪਾਠ ਕਰਨ ਵੇਲੇ ''ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥ ਤੁਕ ਨੂੰ ਵਾਰ ਦੀ ਹਰੇਕ ਪਉੜੀ ਨਾਲ ਪੜ੍ਹਣ ਦੀ ਹਦਾਇਤ ਮਨੋਕਲਪਿਤ ਹੈ। ਕਿਉਂਕਿ, ਸੰਪਰਦਾਈ ਵਿਦਵਾਨਾਂ ਨੇ ਜੋ ਗੱਲਾਂ ਕੀਤੀਆਂ ਹਨ, ਉਨ੍ਹਾਂ ਦਾ ਕੋਈ ਪ੍ਰਮਾਣੀਕ ਅਧਾਰ ਨਹੀਂ ਹੈ। ਅਸਲ ਵਿੱਚ ਇਹੀ ਕਾਰਣ ਹੈ ਕਿ ਪੰਥ ਪ੍ਰਸਿੱਧ ਉੱਚ ਕੋਟੀ ਦੇ ਵਿਦਵਾਨਾਂ ਦੀ ਟੀਮ ਦੁਆਰਾ ਪ੍ਰਿੰਸੀਪਲ ਤੇਜਾ ਸਿੰਘ ਜੀ ਦੀ ਅਗਵਾਈ ਵਿੱਚ ਲਿਖੇ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪ੍ਰਕਾਸ਼ਿਤ ਹੁੰਦੇ ਆ ਰਹੇ 'ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਉਪਰੋਕਤ ਕਿਸਮ ਦੀ ਕੋਈ ਹਦਾਇਤ ਨਹੀਂ ਕੀਤੀ ਗਈ। ਪ੍ਰੋ. ਸਾਹਿਬ ਸਿੰਘ ਜੀ ਰਚਿਤ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਵਿੱਚ ਵੀ ਉਪਰੋਕਤ ਤੁਕ ਨਾਲ ਸਬੰਧਤ ਕਿਸੇ ਕਿਸਮ ਦੀ ਕੋਈ ਵਿਸ਼ੇਸ਼ ਚਰਚਾ ਨਹੀਂ ਕੀਤੀ ਗਈ। ਕੇਵਲ ਇਤਨਾ ਹੀ ਲਿਖਿਆ ਹੈ :

ਨੋਟ : ਲਫ਼ਜ਼ 'ਰਹਾਉ' ਦਾ ਅਰਥ ਹੈ 'ਠਹਿਰ ਜਾਓ'; ਭਾਵ, ਇਸ ਸਾਰੀ ਲੰਮੀ ਬਾਣੀ ਦਾ ਮੁੱਖ-ਭਾਵ ਇਸ ਤੁਕ ਵਿੱਚ ਹੈ, ਜਿਸ ਦੇ ਅੰਤ ਵਿੱਚ 'ਰਹਾਉ' ਲਿਖਿਆ ਗਿਆ ਹੈ।

ਕਿਉਂਕਿ, ਉਹ ਭਲੀਭਾਂਤ ਸਮਝਦੇ ਸਨ ਕਿ ਗੁਰਬਾਣੀ ਦਾ ਪਾਠ ਕਰਨ ਵੇਲੇ ਜਿਵੇਂ 'ਦੁਪਦੇ', 'ਤਿਪਦੇ', 'ਚਉਪਦੇ', 'ਪੰਚਪਦੇ' ਅਤੇ 'ਅਸਟਪਦੀਆਂ' ਵਿੱਚ 'ਰਹਾਉ' ਦੀ ਤੁਕ ਅਥਵਾ 'ਪਦਾ' ਸ਼ਬਦ ਦੇ ਹਰੇਕ ਪਦੇ ਨਾਲ ਜੋੜ ਕੇ ਨਹੀਂ ਪੜ੍ਹਿਆ ਜਾਂਦਾ। ਜਿਵੇਂ ਲੰਮੀਆਂ ਬਾਣੀਆਂ 'ਸੁਖਮਨੀ' ਸਾਹਿਬ ਵਿੱਚਲਾ ਰਹਾਉ ਦਾ ਪਦਾ ''ਸੁਖਮਨੀ ਸੁਖ ਅੰਮ੍ਰਿਤ ਪ੍ਰਭ ਨਾਮੁ॥ ਭਗਤ ਜਨਾ ਕੈ ਮਨਿ ਬਿਸ੍ਰਾਮ॥ ਰਹਾਉ॥''(ਪੰਨਾ ੨੬੨); 'ਰਾਮਕਲੀ ਸਿੱਧ ਗੋਸਟਿ' ਵਿੱਚਲਾ ਰਹਾਉ ਦਾ ਪਦਾ ''ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ॥੧॥ ਰਹਾਉ॥'' (ਪੰਨਾ ੯੩੮) ਅਤੇ 'ਰਾਮਕਲੀ ਦਖਣੀ ਓਅੰਕਾਰ' ਵਿੱਚਲਾ ਰਹਾਉ ਦਾ ਪਦਾ ''ਸੁਣਿ ਪਾਡੇ ਕਿਆ ਲਿਖਹੁ ਜੰਜਾਲਾ॥ ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ॥੧॥ ਰਹਾਉ॥'' (ਪੰਨਾ ੯੩੦) ਕਿਸੇ ਵੀ ਬਾਣੀ ਦੇ ਪਦੇ ਪਾਠ ਵੇਲੇ ਨਹੀਂ ਦੁਹਰਾਏ ਜਾਂਦੇ। ਇਸੇ ਤਰ੍ਹਾਂ ''ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ਰਹਾਉ॥'' ਦੀ ਤੁਕ ਨੂੰ ਵਾਰ ਦੀ ਹਰੇਕ ਪਉੜੀ ਨਾਲ ਮਿਲਾ ਕੇ ਪਾਠ ਕਰਨ ਦੀ ਲੋੜ ਨਹੀਂ। ਹਾਂ, ਢਾਡੀਆਂ ਜਾਂ ਰਾਗੀਆਂ ਵੱਲੋਂ ਗਉਣ ਵੇਲੇ ਸਥਾਈ (ਸੰਗੀਤਕ ਟੇਕ) ਮੰਨ ਕੇ ਦੁਹਰਾਇਆ ਜਾ ਸਕਦਾ ਹੈ। ਅਰਥਾਤਮਿਕ ਅਤੇ ਕਾਵਿਕ ਦ੍ਰਿਸ਼ਟੀਕੋਣ ਤੋਂ ਇਸ ਤੁਕ ਦੇ ਪਾਠ ਅਤੇ ਗਾਇਨ ਲਈ ਠੀਕ ਵਿਸਰਾਮ ਇਉਂ ਹੋਣਗੇ - ''ਵਾਹੁ ਵਾਹੁ ਸਚੇ ਪਾਤਿਸਾਹ ! ਤੂ, ਸਚੀ ਨਾਈ॥'' ਕਿਉਂਕਿ 'ਤੂੰ' ਲਫ਼ਜ਼ ਦੇਹਲੀ-ਦੀਪਕ ਅਲੰਕਾਰ ਵਜੋਂ ਵਰਤਿਆ ਗਿਆ ਹੈ ਅਤੇ ਅਰਥ ਹਨ : ਹੇ ਸਦਾ ਕਾਇਮ ਰਹਿਣ ਵਾਲੇ ਪਾਤਿਸ਼ਾਹ ! ਤੂੰ ਅਸਚਰਜ ਹੈਂ, ਤੂੰ ਅਸਚਰਜ ਹੈਂ। ਤੂੰ ਸੱਚੀ ਵਡਿਆਈ ਵਾਲਾ ਹੈਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਵਾਰ ਦੀ ਪਹਿਲੀ ਪਉੜੀ ਅਤੇ ''ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥'' ਪਾਵਨ ਤੁਕ ਦੇ ਲਿਖਤੀ ਦਰਸ਼ਨਾਂ ਤੋਂ ਸਪਸ਼ਟ ਹੋ ਜਾਂਦਾ ਕਿ ਪਉੜੀ ਅਤੇ ਰਹਾਉ ਦਾ ਪਦਾ ਵੱਖ ਵੱਖ ਹਨ। ਕਿਉਂਕਿ, ਵਾਰ ਦੀ ਪਹਿਲੀ ਪਉੜੀ ਦੀ ਸਮਾਪਤੀ 'ਤੇ ਦੋਹੱਦੀਆਂ ਵਿਚਕਾਰ ਗਿਣਤੀ ਸੂਚਕ ਅੰਕ ਵਖਰਾ ਹੈ ਅਤੇ ਉਪਰੋਕਤ ਤੁਕ ਦੀ ਰਹਾਉ ਦੇ ਰੂਪ ਸੰਗੀਤਕ ਸੂਚਨਾ ਅਤੇ ਗਿਣਤੀ ਦਾ ਅੰਕ ਵਖਰਾ ਹੈ। ਲਿਖਤੀ ਸਰੂਪ ਇੰਝ ਹੈ-

ਸਚੈ ਤਖਤੁ ਰਚਾਇਆ ਬੈਸਣ ਕਉ ਜਾਂਈ॥
ਸਭੁ ਕਿਛੁ ਆਪੇ ਆਪਿ ਹੈ ਗੁਰ ਸਬਦਿ ਸੁਣਾਈ॥
ਆਪੇ ਕੁਦਰਤਿ ਸਾਜੀਅਨੁ ਕਰਿ ਮਹਲ ਸਰਾਈ॥
ਚੰਦੁ ਸੂਰਜੁ ਦੁਇ ਚਾਨਣੇ ਪੂਰੀ ਬਣਤ ਬਣਾਈ॥
ਆਪੇ ਵੇਖੈ ਸੁਣੇ ਆਪਿ ਗੁਰ ਸਬਦਿ ਧਿਆਈ॥੧॥ ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ॥੧॥ ਰਹਾਉ॥

ਰਾਮਕਲੀ ਕੀ ਵਾਰ (ਮ: ੩) ਗੁਰੂ ਗ੍ਰੰਥ ਸਾਹਿਬ (ਪੰਨਾ ੯੪੭)

ਵਿਦਵਾਨ ਸੱਜਣਾ ਤੇ ਸੁਘੜ ਪਾਠਕਾਂ ਦੀ ਇਹ ਤਰਕ ਬਹੁਤ ਵਜ਼ਨਦਾਰ ਹੈ ਕਿ ਜੇ ਗੁਰੂ ਸਾਹਿਬ ਇਸ ਵਾਰ ਵਿੱਚ 'ਵਾਹੁ ਵਾਹੁ ਸਚੇ ਪਾਤਿਸਾਹ ਤੂ ਸਚੀ ਨਾਈ' ਨੂੰ ਹਰੇਕ ਪਉੜੀ ਨਾਲ ਪੜ੍ਹਨਾ ਜਰੂਰੀ ਸਮਝਦੇ ਤਾਂ ਜਿਵੇਂ ਬਾਵਨ ਅਖਰੀ ਦੇ ਆਦਿ ਅਤੇ ਅੰਤ ਵਿੱਚ ਲਿਖੇ ਸਲੋਕ ਨੂੰ ਪੜ੍ਹਨ ਪ੍ਰਤੀ ਵਿਸ਼ੇਸ਼ ਹਦਾਇਤ ਅੰਕਿਤ ਹੈ ''ਏਹੁ ਸਲੋਕੁ

ਫਰਵਰੀ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਵਿਚ ਪਹਿਲੀ ਵਾਰ ਭਗਵੰਤ ਸਿੰਘ ਮਾਨ ਨੂੰ ਆਮ ਪਾਰਟੀ ਰਾਹੀਂ ਪੰਜਾਬ ਦੀ ਵਾਗਡੋਰ ਸੰਭਾਲਣ ਦਾ ਲੋਕਾਂ ਨੇ ਮੌਕਾ ਦਿੱਤਾ। ਇਸ ਦਾ ਲੇਖਾ-ਜੋਖਾ ਤਾਂ ਪੰਜ ਸਾਲ ਬਾਅਦ ਵਿਚ ਹੀ ਕੀਤਾ ਜਾਏਗਾ ਕਿ ਪੰਜਾਬ ਨੇ ਕੀ ਖੱਟਿਆ ਤੇ ਕੀ ਗਵਾਇਆ ਹੈ ? ਪਰ ਹੱਥਲੇ ਲੇਖ ਰਾਹੀਂ ਪਿੱਛਲੇ ਪੰਝਤੱਰ ਸਾਲਾਂ ਵਿਚ ਪੇਸ਼ੇਵਰ ਰਾਜਨੀਤਿਕ ਲੋਕਾਂ ਨੇ ਕੀ ਕੜ੍ਹੀ ਘੋਲ਼ੀ ਉਸ ਦੀ ਥੋੜ੍ਹੀ ਬਹੁਤੀ ਸਮੀਖਿਆ ਕਰਨ ਦਾ ਯਤਨ ਕੀਤਾ ਜਾਏਗਾ। ਆਮ ਪਾਰਟੀ ਨੂੰ ਬਹੁ-ਮਤ ਇਸ ਲਈ ਮਿਲਿਆ ਸੀ ਕਿ ਇਹਨਾਂ ਨੇ ਵਾਅਦਾ ਕੀਤਾ ਸੀ ਕਿ ਅਸੀਂ ਪੰਜਾਬ ਵਿਚੋਂ ਭ੍ਰਿਸ਼ਟਾਚਾਰ ਮੁਕੰਮਲ ਤੌਰ 'ਤੇ ਖਤਮ ਕਰਾਂਗੇ। ਪਿੱਛਲੇ ਪੰਜਾਹ ਸਾਲ ਵਿਚ ਅਕਾਲੀ ਤੇ ਕਾਂਗਰਸੀ ਸਰਕਾਰਾਂ ਨੇ ਭ੍ਰਿਸ਼ਟਾਚਾਰ ਦੀ ਸਿਖਰ ਕਰ ਦਿੱਤੀ ਸੀ। ਐਫ. ਆਈ. ਆਰ. ਦਰਜ ਹੁੰਦੀਆਂ, ਕਮਿਸ਼ਨ ਬੈਠਦੇ, ਅਦਾਲਤਾਂ ਵਿਚ ਤਰੀਕਾਂ ਪੈਂਦੀਆਂ ਪਰ ਨਤੀਜਾ ਕੁਝ ਵੀ ਨਹੀਂ ਨਿਕਲਿਆ। ਛੋਟੀ ਅਦਾਲਤ ਸਜਾ ਦਿੰਦੀ ਹੈ ਵੱਡੀ ਅਦਾਲਤ ਮੁਆਫ਼ ਕਰਦੀ ਰਹੀ ਹੈ। ਸਿਆਸਤਦਾਨ ਕਾਨੂੰਨ ਦੀਆਂ ਚੋਰ ਮੋਰੀਆਂ ਰਾਹੀਂ ਬਰੀ ਹੁੰਦੇ ਆ ਰਹੇ ਹਨ।

ਇਕੱਲਾ ਪੰਜਾਬ ਵਿਚ ਹੀ ਨਹੀਂ ਸਗੋਂ ਸਮੁਚੇ ਭਾਰਤ ਵਿਚ ਲੀਡਰਾਂ ਦਾ ਉਹ ਇਖ਼ਲਾਕ ਨਹੀਂ ਰਿਹਾ ਜੋ ਅਜ਼ਾਦੀ ਤੋਂ ਪਹਿਲਾਂ ਹੁੰਦਾ ਸੀ। ਰਾਜਨੀਤਿਕ ਲੋਕਾਂ ਨੇ ਰਾਜਨੀਤੀ ਨੂੰ ਲੋਕਾਂ ਦੇ ਭਲੇ ਲਈ ਨਹੀਂ, ਸਗੋਂ ਆਪਣੇ ਕਾਰੋਬਾਰ ਵਧਾਉਣ ਲਈ ਵਰਤਿਆ ਹੈ। ਕੇਂਦਰ ਵਿਚ ਕਿਸੇ ਪਾਰਟੀ ਦੀ ਹਕੂਮਤ ਬਣੇ ਉਹ ਭ੍ਰਿਸ਼ਟਾਚਾਰ ਵਿਚ ਕੋਈ ਕਮੀ ਨਹੀਂ ਛੱਡਦੇ। ਅੰਗਰੇਜ਼ਾਂ ਨੇ ਆਪਣੇ ਰਾਜ ਕਾਲ ਨੂੰ ਸਥਿੱਰ ਕਰਨ ਲਈ ਪਾੜੋ ਤੇ ਰਾਜ ਕਰੋ ਦੀ ਨੀਤੀ ਨੂੰ ਵਰਤਿਆ। ਏਸੇ ਤਹਿਤ ਹੀ ਦੁਨੀਆਂ ਵਿਚ ਰਾਜ ਕਰਦੇ ਰਹੇ। ਅੰਗਰੇਜ਼ ਹਾਕਮ ਆਪਣੇ ਹਰ ਵਿਰੋਧੀ ਨੂੰ ਕਾਲ਼ੇ ਕਾਨੂੰਨਾਂ ਰਾਂਹੀ ਸਜਾਵਾਂ ਦਿੰਦੇ ਰਹੇ ਤੇ ਭਾਰਤ ਦੀ ਲੁੱਟ ਕਰਦੇ ਰਹੇ। ਅੰਗਰੇਜ਼ਾਂ ਦੀ ਲੁੱਟ ਵਿਰੁੱਧ ਬਗਾਵਤਾਂ ਹੋਈਆਂ। ਕੀਮਤੀ ਜਾਨਾਂ ਗਵਾਈਆਂ, ਕਾਲ਼ੇ ਪਾਣੀਆਂ ਦੀਆਂ ਸਜਾਵਾਂ ਹੋਈਆਂ ਘਰਬਾਰ ਕੁਰਕ ਕਰਾਏ ਗਏ ਤਾਂ ਕਿ ਆਉਣ ਵਾਲੇ ਸਮੇਂ ਵਿਚ ਭਾਰਤ ਦੇਸ਼ ਦੇ ਲੋਕ ਅਜ਼ਾਦੀ ਦਾ ਨਿੱਘ ਮਾਣ ਸਕਣ।

ਰਾਜਨੀਤੀ ਵਿਚ ਕਿਸੇ ਦਾ ਕੋਈ ਸਕਾ ਨਹੀਂ ਹੁੰਦਾ। ਔਰੰਗਜ਼ੇਬ ਨੇ ਰਾਜ ਗੱਦੀ ਹਾਸਲ ਕਰਨ ਲਈ ਭਰਾਵਾਂ ਦਾ ਕਤਲ ਕੀਤਾ। ਬਾਪ ਨੂੰ ਕੈਦ ਖ਼ਾਨੇ ਵਿਚ ਰੱਖਿਆ ਤੇ ਉਹ ਪਾਣੀ ਹੱਥੋਂ ਪਿਆਸਾ ਹੀ ਮਰ ਗਿਆ। ਹਰ ਸਰਕਾਰ ਆਪਣੇ ਵਿਰੋਧੀ ਨੂੰ ਕੁਸਕਣ ਨਹੀਂ ਦਿੰਦੀ। ਲੋਕ ਹੱਕਾਂ ਦੀ ਗੱਲ ਕਰਨ ਤੇ ਸਰਕਾਰ ਦੀਆਂ ਗਲਤ ਨੀਤੀਆਂ ਦਾ ਵਿਰੋਧ ਕਰਨ ਵਾਲਾ ਸਦਾ ਸਰਕਾਰ ਦੇ ਨਿਸ਼ਾਨੇ 'ਤੇ ਹੁੰਦਾ ਹੈ।

ਪੰਜਾਬ ਵਿਚ ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਕਮਿਉਨਿਸਟ ਪਾਰਟੀਆਂ,ਬਸਪਾ, ਭਾਰਤੀ ਜਨਤਾ ਪਾਰਟੀ ਤੇ ਹੋਰ ਨਿੱਕੀਆਂ ਮੋਟੀਆਂ ਪਾਰਟੀਆਂ ਆਪਣੇ ਤਹਿ ਕੀਤੇ ਸਿਧਾਂਤਾਂ 'ਤੇ ਕਾਇਮ ਨਹੀਂ ਰਹੀਆਂ। ਚੰਦ ਕੁ ਰਾਜਨੀਤਿਕ ਲੋਕ ਛੱਡ ਕੇ ਬਾਕੀ ਸਾਰੇ ਆਪੋ ਆਪਣੇ ਕਾਰੋਬਾਰ ਵਧਾਉਣ ਵਿਚ ਲੱਗੇ ਹੋਏ ਹਨ। ਹੁਣ ਤਾਂ ਇਸ ਹਮਾਮ ਵਿਚ ਬਹੁਤੇ ਨੰਗੇ ਵੀ ਹੋ ਗਏ ਹਨ। ਸਭ ਤੋਂ ਵੱਡੀ ਹੈਰਾਨਗੀ ਦੀ ਗੱਲ ਹੈ ਕਿ ਜਦੋਂ ਦਾ ਮੁਲਕ ਅਜ਼ਾਦ ਹੋਇਆ ਹੈ ਕੁਰੱਪਸ਼ਨ ਓਦੋਂ ਤੋਂ ਹੀ ਚੱਲ ਰਹੀ ਹੈ, ਕਮਿਸ਼ਨ ਬੈਠਦੇ ਹਨ ਸਿਰਫ ਗੋਂਗਲੂਆਂ ਤੋਂ ਮਿੱਟੀ ਝਾੜਨ ਲਈ। ਕੇਸਾਂ ਦੇ ਚਲਾਣ ਪੇਸ਼ ਹੁੰਦੇ ਹਨ, ਤਰੀਕਾਂ ਪੈਂਦੀਆਂ ਹਨ, ਲੰਮਾਂ ਸਮਾਂ ਮੁਕੱਦਮੇ ਚੱਲਦੇ ਹਨ ਅਖੀਰ ਗਵਾਹਾਂ ਦੀ ਘਾਟ ਤੇ ਵਕੀਲਾਂ ਦੀਆਂ ਦਲੀਲਾਂ ਕਰਕੇ ਕੇਸ ਰਫ਼ਾ-ਦਫ਼ ਹੋ ਜਾਂਦੇ ਹਨ। ਸਾਡੇ ਸਾਹਮਣੇ ਬਹੁਤ ਮਿਸਾਲਾਂ ਹਨ ਪਹਿਲਾਂ ਬਾਦਲਾਂ ਨੇ ਕੈਪਟਨ ਦਾ ਸਿਟੀ ਘੁਟਾਲੇ ਦਾ ਕੇਸ ਵਾਪਸ ਲੈ ਲਿਆ ਫਿਰ ਕੈਪਟਨ ਸਰਕਾਰ ਨੇ ਬਾਦਲਾਂ ਪ੍ਰਤੀ ਪੂਰੀ ਵਫ਼ਾਦਾਰੀ ਦਾ ਸਬੂਤ ਦਿੰਦਿਆਂ ਸਾਢੇ ਚਾਰ ਸਾਲ ਵਿਚ ਗੁਰੂ ਗ੍ਰੰਥ ਸਾਹਿਬ ਜੀ ਦੀ ਬੇ-ਅਦਬੀ ਦੇ ਸਬੰਧੀ ਕੋਈ ਕਾਰਵਾਈ ਨਹੀਂ ਕੀਤੀ। ਇਨ੍ਹਾਂ ਦੋਹਾਂ ਪਾਰਟੀਆਂ ਦੀ ਹਾਲਤ, "ਤੂੰ ਮੈਨੂੰ ਮੁੱਲਾਂ ਕਹੋ ਮੈਂ ਤੈਨੂੰ ਕਾਜ਼ੀ ਕਹਾਂਗਾ"।

ਮੈਂ ਪਿਛਲੇ ਸੱਠ ਕੁ ਸਾਲ ਤੋਂ ਰਾਜਨੀਤਿਕ ਵਰਤਾਰੇ ਨੂੰ ਦੇਖਣ ਦਾ ਗਵਾਹ ਹਾਂ। ਪਹਿਲੇ ਲੀਡਰ ਲੋਕਪੱਖੀ ਅਸੂਲਾਂ ਪੂਰੀ ਤਰਾਂ ਵਫ਼ਾਦਾਰ ਹੁੰਦੇ ਸਨ।ਉਹ ਗਲਤ ਨੂੰ ਗਲਤ ਤੇ ਠੀਕ ਨੂੰ ਠੀਕ ਕਹਿ ਦਿੰਦੇ ਸੀ, ਕਿਸੇ ਦਾ ਲਿਹਾਜ ਨਹੀਂ ਕਰਦੇ ਸੀ। ਹੇਠਲੇ ਪੱਧਰ ਤੋਂ ਰਾਜਨੀਤੀ ਦਾ ਸਫਰ ਸ਼ੁਰੂ ਕਰਦੇ ਸਨ। ਮੈਂਬਰ ਪੰਚਾਇਤ, ਸਰਪੰਚ, ਬਲਾਕ ਸੰਮਤੀ ਮੈਂਬਰ, ਜ਼ਿਲ੍ਹਾ ਪੱਧਰ 'ਤੇ ਚੇਅਰਮੈਨ ਤੇ ਫਿਰ ਕਿਤੇ ਜਾ ਕੇ ਉਸ ਨੂੰ ਪਾਰਟੀ ਵਲੋਂ ਐਮ. ਐਲ. ਏ. ਦੀ ਟਿਕਟ ਮਿਲਦੀ ਸੀ। ਬਿਨਾ ਸੁਅਰਾਥ ਦੇ ਪਾਰਟੀ ਵਰਕਰ ਆਪਣੇ ਨੇਤਾ ਨੂੰ ਜਿਤਾਉਣ ਵਿਚ ਪੂਰਾ ਤਾਣ ਲਾ ਦਿੰਦੇ ਸਨ। ਅਕਾਲੀਆਂ, ਕਾਂਗਰਸੀਆਂ ਤੇ ਕਮਿਉਨਿਸਟ ਪਾਰਟੀਆਂ ਦੇ ਵਰਕਰਾਂ ਦਾ ਰਹਿਣ ਸਹਿਣ ਤੇ ਪਹਿਰਾਵਾ ਬਹੁਤ ਸਾਦਾ ਹੁੰਦਾ ਸੀ। ਆਮ ਲੋਕਾਂ ਨਾਲ ਵਿਚਰਕੇ ਖੁਸ਼ ਹੁੰਦੇ ਸਨ। ਸਾਦਾ ਕੁੜਤਾ ਪਜਾਮਾ, ਨੀਲੀ ਪੱਗ ਤੇ ਹੱਥ ਵਿਚ ਸਿਰੀ ਸਾਹਿਬ ਅਕਾਲੀਆਂ ਦੀ ਪਹਿਚਾਨ ਹੁੰਦੀ ਤੇ ਉਹ ਦੋ ਸਮੇਂ ਦੇ ਪੱਕੇ ਨਿੱਤਨੇਮੀ ਸਨ। ਏਸੇ ਤਰ੍ਹਾਂ ਖੱਦਰ ਦਾ ਕੁੜਤਾ ਪਜਾਮਾ ਤੇ ਚਿੱਟੇ ਖੱਦਰ ਦੀ ਪੱਗ ਕਾਂਗਰਸੀਆਂ ਦੀ ਪਹਿਚਾਨ ਹੁੰਦੀ ਸੀ। ਕਮਿਉਨਿਸਟ ਪਾਰਟੀ ਦੇ ਵਰਕਰ ਵੀ ਬਹੁਤ ਸਾਦ-ਮੁਰਾਦੇ ਹੁੰਦੇ ਸਨ। ਮੈਂ ਉਹ ਸਮਾਂ ਵੀ ਵੇਖਿਆ ਹੈ ਜਦੋਂ ਕੋਈ ਨੇਤਾ ਕਿਸੇ ਦੇ ਨਾਲ ਜਾਂਦਾ ਸੀ ਤਾਂ ਉਹ ਕਰਾਇਆ ਵੀ ਆਪਣਾ ਆਪ ਦਿੰਦਾ ਸੀ। ਕਿਸੇ ਕੋਲੋਂ ਚਾਹ ਪੀਣੀ ਵੀ ਹਰਾਮ ਸਮਝਦੇ ਸਨ।

ਗਿਆਨੀ ਕਰਤਾਰ ਸਿੰਘ ਜਾਂ ਜੱਥੇਦਾਰ ਦਲੀਪ ਸਿੰਘ ਤਲਵੰਡੀ ਵਰਗੇ ਤਿਆਗੀ ਨੇਤਾ ਕਿੱਥੋਂ ਮਿਲਣਗੇ? ਗਿਆਨੀ ਕਰਤਾਰ ਦੀ ਕੈਰੋਂ ਨਾਲ ਅਣਬਣ ਹੋ ਗਈ ਤਾਂ ਕੇਵਲ ਕਛਹਿਰਾ ਤੇ ਨਿੱਕੀ ਜੇਹੀ ਟਰੰਕੀ ਲੈ ਕੇ ਕੋਠੀ ਵਿਚੋਂ ਬਾਹਰ ਆ ਗਏ। ਸਰਦਾਰ ਦਲੀਪ ਸਿੰਘ ਤਲਵੰਡੀ ਨੂੰ ਜਦੋਂ ਪਤਾ ਚਲਿਆ ਕਿ ਮੇਰੀ ਮਨਿਸਟਰੀ ਚਲੀ ਗਈ ਹੈ ਤਾਂ ਉਨ੍ਹਾਂ ਨੇ ਓਸੇ ਵੇਲੇ ਸਰਕਾਰੀ ਗੱਡੀ ਛੱਡ ਕਿ ਪਿੰਡ ਨੂੰ ਜਾ ਰਹੇ ਗੱਡੇ 'ਤੇ ਬੈਠ ਗਏ। ਇਹ ਉਹ ਲੋਕ ਸਨ ਜਿਨ੍ਹਾਂ ਦੀਆਂ ਘਰਵਾਲੀਆਂ ਪੰਜ ਬੋਰੀਆਂ ਸੀਮੈਂਟ ਲੈਣ ਲਈ ਆਮ ਲੋਕਾਂ ਵਾਂਗ ਕਤਾਰਾਂ ਵਿਚ ਖੜੀਆਂ ਸਨ। ਸਰਦਾਰ ਤੇਜਾ ਸਿੰਘ ਸੁਤੰਤਰ 1972 ਦੀ ਪਾਰਲੀਮੈਂਟ ਦੀ ਚੋਣ ਹੋਈ ਤਾਂ ਉਹ ਸੰਗਰੂਰ ਤੋਂ ਚੋਣ ਜਿੱਤੇ ਸਨ। 12 ਅਪ੍ਰੈਲ 1973 ਨੂੰ ਕਿਸਾਨੀ ਮਸਲਿਆਂ 'ਤੇ ਪਾਰਲੀਮੈਂਟ ਵਿਚ ਚਲ ਰਹੀ ਬਹਿਸ ਵਿਚ ਹਿੱਸਾ ਲੈ ਰਹੇ ਸਨ ਤਾਂ ਸੁਤੰਤਰ ਜੀ ਦੀ ਮੌਤ ਹੋ ਗਈ। ਲੋਕ ਸਭਾ ਵਿਚ ਜਦੋਂ ਉਨ੍ਹਾਂ ਦਾ ਝੋਲਾ ਫਰੋਲਿਆ ਤਾਂ ਚਾਰ ਰੋਟੀਆਂ ਅੰਬ ਦਾ ਅਚਾਰ ਤੇ ਪੰਜਾਬ ਨਾਲ ਸੰਬਧਿਤ ਕਾਗਜ਼ ਨਿਕਲੇ ਸਨ। ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਰਾਜਨੀਤਿਕ ਆਗੂਆਂ ਵਿਚ ਇਖ਼ਲਾਕ ਵਿਚ ਪ੍ਰਪੱਕਤਾ ਸੀ।

ਵਰਤਮਾਨ ਸਮੇਂ ਵਿਚ ਪੰਜਾਬ ਦੇ ਲੀਡਰਾਂ ਵਿਚ ਕਿਰਦਾਰ ਦੀ ਬਹੁਤ ਵੱਡੀ ਕਮੀ ਦੇਖੀ ਜਾ ਸਕਦੀ ਹੈ। ਕਿਰਦਾਰ ਦਾ ਖੇਤਰ ਬਹੁਤ ਵਿਸ਼ਾਲ ਹੈ। ਸ਼ਾਇਦ ਕੋਈ ਨੇਤਾ ਬਚਿਆ ਹੋਵੇ ਜਿਸ ਤੇ ਕੋਈ ਕੇਸ ਨਾ ਬਣਿਆ ਹੋਵੇ ਜਾਂ ਦਲ ਨਾ ਬਦਲਿਆ ਹੋਵੇ, ਨਹੀਂ ਤਾਂ ਹਰੇਕ 'ਤੇ ਕੋਈ ਨਾ ਕੋਈ ਉਂਗਲ਼ ਜ਼ਰੂਰ ਉੱਠਦੀ ਰਹੀ ਹੈ। ਪੁਰਾਣੇ ਨੇਤਾ ਚੋਣਾਂ ਜਿੱਤ ਕੇ ਵੀ ਲੋਕਾਂ ਦੇ ਨੇੜੇ ਰਹਿੰਦੇ ਸਨ। ਕੋਈ ਸੁਰੱਖਿਆ ਦਸਤੇ ਨਾਲ ਨਹੀਂ ਹੁੰਦੇ ਸਨ। ਹੁਣ ਤਮਾਮ ਲੀਡਰਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣੇ ਫੈਸ਼ਨ ਜੇਹਾ ਬਣ ਗਿਆ ਹੈ। ਕਿੱਡੇ ਸ਼ਰਮ ਵਾਲੀ ਗੱਲ ਹੈ ਕਿ ਬੇ-ਸ਼ਰਮੀ ਨਾਲ ਨੇਤਾ ਕਹਿੰਦੇ ਹਨ ਕਿ ਮੈਨੂੰ ਰਾਜਸੀ ਰੰਜਸ ਕਰਕੇ ਫਸਾਇਆ ਗਿਆ ਹੈ। ਹੁਣ ਰਾਜਨੀਤੀ ਵਿਚ ਵੱਡਾ ਨੇਤਾ ਬਣਨ ਲਈ ਵੱਡਾ ਘਪਲਾ ਤੇ ਬੇ-ਸ਼ਰਮ ਹੋਣਾ ਜ਼ਰੂਰੀ ਹੈ।

ਰਾਜਨੀਤੀਕ ਪਾਰਟੀਆਂ ਵਿਚ ਸਭ ਤੋਂ ਪਹਿਲਾਂ ਕਿਰਦਾਰ ਵਿਚ ਨਿਘਾਰ ਓਦੋਂ ਹੀ ਸ਼ੁਰੂ ਹੋਗਿਆ ਸੀ ਜਦੋਂ ਲੋਕਤੰਤਰ ਦਾ ਗਲ਼ਾ ਵੱਢਦਿਆਂ ਵਰਕਰਾਂ ਨੂੰ ਟਿਕਟਾਂ ਨਹੀਂ ਦਿੱਤੀਆਂ, ਸਗੋਂ ਆਪਣੇ ਪੁੱਤ, ਭਤੀਜਿਆਂ, ਨੂੰਹਾਂ, ਕੁੜਮਾਂ, ਸਾਲ਼ਿਆਂ, ਭਣਵੱਈਆਂ ਨੂੰ ਟਿਕਟਾਂ ਦਿੱਤੀਆਂ ਗਈਆਂ। ਰਾਜਨੀਤੀ ਵਿਚ ਸਭ ਤੋਂ ਭ੍ਰਿਸ਼ਟਾਚਾਰ ਏਥੋਂ ਹੀ ਸ਼ੁਰੂ ਹੁੰਦਾ ਹੈ। ਬਿਨਾਂ ਮਿਹਨਤ ਕੀਤਿਆਂ ਜਦੋ ਸਭ ਕੁਝ ਮਿਲਦਾ ਹੈ ਤਾਂ ਉਹ ਅਗਾਂਹ ਚੰਮ ਦੀਆਂ ਚਲਾਉਦੇ ਹਨ। ਮਿਹਨਤੀ ਤੇ ਵਫ਼ਾਦਾਰ ਵਰਕਰਾਂ ਨੂੰ ਛੱਡ ਕੇ ਆਪਣੇ ਪਰਵਾਰ ਨੂੰ ਅਤੇ ਦਲ ਬਦਲੀ ਕਰਨ ਵਾਲੇ ਨੂੰ ਪਹਿਲ ਦੇ ਅਧਾਰ ਟਿਕਟ ਦਿੱਤੀ ਜਾਂਦੀ ਹੈ।

ਜਿੰਨਾਂ ਚਿਰ ਪੰਜਾਬ ਦੇ ਹੱਕਾਂ ਲਈ ਅਕਾਲੀ

**ਬਾਕੀ ਸਫਾ 10 'ਤੇ**

# ਪਾਠਕਾਂ ਦੇ ਸਵਾਲਾਂ ਦੇ ਜਵਾਬ

-ਗੁਰਮਤਿ ਵਿਰਸਾ
ਬਿਊਰੋ

**ਸਵਾਲ—ਪੰਚ ਸ਼ਬਦ ਤੋਂ ਕੀ ਭਾਵ ਹੈ?**

**ਜਵਾਬ**—ਗੁਰਮਤਿ ਵਿਚ 'ਪੰਚ ਸ਼ਬਦ' ਦਾ ਭਾਵ ਹੈ ਮੰਗਲ ਅਨੰਦ ਦਾਇਕ ਸ਼ਬਦ ਕੀਰਤਨ ਦੇ ਮਨੋਹਰ ਨਾਦ, ਪੰਜ ਵਾਜਿਆਂ ਦੇ ਸ਼ਬਦ ਇਸ ਪ੍ਰਕਾਰ ਹਨ—

1 ਤਤ—ਤਾਰ ਅਤੇ ਤੰਦ ਦੇ ਵਾਜੇ ਜਿਸ ਤਰ੍ਹਾਂ ਸਤਾਰ, ਰਬਾਬ, ਸਰੰਦਾ, ਦਿਲਰਬਾ ਆਦਿ।

2 ਵ੍ਤਿ—ਚੰਮ੍ਹ ਨਾਲ ਮੜ੍ਹੇ ਹੋਏ ਵਾਜੇ—ਜਿਸ ਤਰ੍ਹਾਂ ਮ੍ਰਿਦੰਗ, ਢੋਲਕ, ਢੱਡ ਆਦਿ।

3 ਘਨ—ਧਾਤ ਦੇ ਵਾਜੇ ਜਿਸ ਤਰ੍ਹਾਂ ਘੰਟਾ, ਛੈਣੇ, ਕੈਂਸੀਆਂ ਆਦਿ।

4 ਨਾਦ—ਘੜਾ ਆਦਿ, ਜਿੰਨ੍ਹਾਂ ਦੇ ਪੁਲਾੜ ਵਿੱਚੋਂ ਹੱਥ ਦੇ ਪ੍ਰਹਾਰ ਨਾਲ ਸੁਰ ਕੱਢੀਦਾ ਹੈ।

5 ਸੁਖਿਰ---ਫੂਕ ਨਾਲ ਵਜਾਉਣ ਵਾਲੇ ਵਾਜੇ, ਜਿਸ ਤਰ੍ਹਾਂ ਬੰਸਰੀ (ਮੁਰਲੀ) ਬੀਨ ਆਦਿ

**ਸਵਾਲ— ਕੀ ਜੋਗੀਆਂ ਵੀ ਪੰਚ ਸ਼ਬਦ ਮੰਨੇ ਹੋਏ ਹਨ?**

**ਜਵਾਬ**— ਜੋਗੀਆਂ ਦੇ ਕਲਪੇ ਹੋਏ ਦਸਮ ਦੁਆਰ ਦੇ ਪੰਜ ਸ਼ਬਦ ਹੇਠ ਲਿਖੇ ਹਨ—

ਸੰਖ਼, ਮ੍ਰਿਦੰਗ, ਕਿੰਗੁਰੀ, ਮੁਰਲੀ ਤੇ ਵੀਣਾ।

ਇਸ ਤੋਂ ਇਲਾਵਾ ਹੋਰ ਵੀ ਪੰਚ ਸ਼ਬਦਾਂ ਦਾ ਵੇਰਵਾ ਆਉਂਦਾ ਹੈ—

ਹੱਠ ਯੋਗ, ਪ੍ਰਦੀਪਿਕਾ ਅਨੁਸਾਰ—ਭਰਮਰ ਗੁੰਜਾਰ, ਹਵਾ ਭਰੀ ਨਲਕੀ ਦੀ ਧੁਨ ਜੇਹਾ ਸ਼ਬਦ, ਘੰਟਾ ਧੁਨ, ਸਮੁਦ੍ਰ ਗਰਜਨ ਅਤੇ ਮੇਘ ਦੀ ਗਰਜ।

ਪੁਰਾਣਾਂ ਅਨੁਸਾਰ ਪੰਜ ਸ਼ਬਦ—ਵੇਦ ਧੁਨ, ਬੰਦੀ ਜਨ ਧੁਨ, ਜਯ ਧੁਨ, ਸੰਖ ਧੁਨ, ਅਤੇ ਨਿਸ਼ਾਨ ਧੁਨ ਪੁਰਾਣਾਂ ਅਨੁਸਾਰ ਪੰਜ ਸ਼ਬਦ ਵਾਜਿਆਂ ਦਾ ਸ਼ਬਦ, ਜੋ ਰਾਜੇ ਦੇ ਅੱਗੇ ਵੱਜਣਾ ਵਿਧਾਨ ਹੈ—ਨਰ ਸਿੰਘਾ, ਡਫ਼, ਭੇਰੀ ਅਤੇ ਜਯਘੰਟਾ।

**ਸਵਾਲ--ਗੁਰਬਾਣੀ ਅਨੁਸਾਰ ਪੰਜ ਸ਼ਬਦ ਕਿੱਥੇ ਵੱਜਦੇ ਹਨ?**

**ਜਵਾਬ**—ਗੁਰਬਾਣੀ ਅਨੁਸਾਰ ਜਿਹੜਾ ਹਿਰਦਾ ਸੱਚਾਈ, ਇਮਾਨਦਾਰੀ, ਸੰਤੋਖੀ, ਧੀਰਜ ਨਾਲ ਵਿਚਰਦਾ ਹੈ ਉਸ ਹਿਰਦੇ ਵਿਚ ਪੰਜ ਸ਼ਬਦ ਸਦਾ ਹੀ ਵੱਜਦੇ ਰਹਿੰਦੇ ਹਨ ਜਿਹਾ ਕਿ ਵਾਕ ਹੈ—

**ਜਿਤੁ ਗ੍ਰਿਹਿ ਗੁਨ ਗਾਵਤੇ ਹਰਿ ਕੇ ਗੁਨ ਗਾਵਤੇ ਰਾਮ ਗੁਨ ਗਾਵਤੇ ਤਿਤੁ ਗ੍ਰਿਹਿ ਵਾਜੇ ਪੰਚ ਸਬਦ ਵਡ ਭਾਗ ਮਥੋਰਾ ॥ ਤਿਨ੍ ਜਨ ਕੇ ਸਭਿ ਪਾਪ ਗਏ ਸਭਿ ਦੋਖ ਗਏ ਸਭਿ ਰੋਗ ਗਏ ਕਾਮੁ ਕ੍ਰੋਧੁ ਲੋਭੁ ਮੋਹੁ ਅਭਿਮਾਨੁ ਗਏ ਤਿਨ੍ ਜਨ ਕੇ ਹਰਿ ਮਾਰਿ ਕਢੇ ਪੰਚ ਚੋਰਾ ॥ (1201)**

ਹੇ (ਮੇਰੇ) ਮਨ! ਜਿਸ (ਹਿਰਦੇ-) ਘਰ ਵਿਚ ਪਰਮਾਤਮਾ ਦੇ ਗੁਣ ਗਾਏ ਜਾਂਦੇ ਹਨ, ਹਰੀ ਦੇ ਗੁਣ ਗਾਏ ਜਾਂਦੇ ਹਨ, ਰਾਮ ਦੇ ਗੁਣ ਗਾਏ ਜਾਂਦੇ ਹਨ, ਉਸ (ਹਿਰਦੇ-) ਘਰ ਵਿਚ (ਮਾਨੋ) ਪੰਜ ਹੀ ਕਿਸਮਾਂ ਦੇ ਸਾਜ ਵੱਜ ਰਹੇ ਹਨ ਤੇ ਆਨੰਦ ਬਣਿਆ ਹੋਇਆ ਹੈ। (ਪਰ ਇਹ ਅਵਸਥਾ ਉਹਨਾਂ ਮਨੁੱਖਾਂ ਦੇ ਅੰਦਰ ਹੀ ਬਨਦੀ ਹੈ ਜਿਨ੍ਹਾਂ ਦੇ) ਮੱਥੇ ਦੇ ਵੱਡੇ ਭਾਗ ਜਾਗਦੇ ਹਨ। ਹੇ ਮਨ! ਉਹਨਾਂ ਮਨੁੱਖਾਂ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ, ਸਾਰੇ ਵਿਕਾਰ ਦੂਰ ਹੋ ਜਾਂਦੇ ਹਨ, ਸਾਰੇ ਰੋਗ ਦੂਰ ਹੋ ਜਾਂਦੇ ਹਨ, (ਉਹਨਾਂ ਦੇ ਅੰਦਰੋਂ) ਕਾਮ ਕ੍ਰੋਧ ਲੋਭ ਮੋਹ ਅਹੰਕਾਰ ਨਾਸ ਹੋ ਜਾਂਦੇ ਹਨ। ਪਰਮਾਤਮਾ ਉਹਨਾਂ ਦੇ ਅੰਦਰੋਂ (ਆਤਮਿਕ ਜੀਵਨ ਦਾ ਸਰਮਾਇਆ ਚੁਰਾਣ ਵਾਲੇ ਇਹਨਾਂ) ਪੰਜਾਂ ਚੋਰਾਂ ਨੂੰ ਮਾਰ ਕੇ ਕੱਢ ਦੇਂਦਾ ਹੈ।1।

ਅਨੰਦ ਸਾਹਿਬ ਦੀ ਬਾਣੀ ਵਿਚ ਪੰਜ ਸ਼ਬਦਾਂ ਦਾ ਜ਼ਿਕਰ ਆਉਂਦਾ ਹੈ—

**ਵਾਜੇ ਪੰਚ ਸਬਦ ਤਿਤੁ ਘਰਿ ਸਭਾਗੈ ॥ ਘਰਿ ਸਭਾਗੈ ਸਬਦ ਵਾਜੇ ਕਲਾ ਜਿਤੁ ਘਰਿ ਧਾਰੀਆ ॥**

**ਪੰਚ ਦੂਤ ਤੁਧੁ ਵਸਿ ਕੀਤੇ ਕਾਲੁ ਕੰਟਕੁ ਮਾਰਿਆ ॥ ਧੁਰਿ ਕਰਮਿ ਪਾਇਆ ਤੁਧੁ ਜਿਨ ਕਉ ਸਿ ਨਾਮਿ ਹਰਿ ਕੈ ਲਾਗੇ ॥ ਕਹੈ ਨਾਨਕੁ ਤਹ ਸੁਖੁ ਹੋਆ ਤਿਤੁ ਘਰਿ ਅਨਹਦ ਵਾਜੇ ॥ (917)**

**ਅੱਖਰੀਂ ਅਰਥ**-- ਜਿਸ (ਹਿਰਦੇ-) ਘਰ ਵਿਚ (ਹੇ ਪ੍ਰਭੂ! ਤੂੰ) ਸੱਤਿਆ ਪਾਈ ਹੈ, ਉਸ ਭਾਗਾਂ ਵਾਲੇ (ਹਿਰਦੇ-) ਘਰ ਵਿਚ (ਮਾਨੋ) ਪੰਜ ਕਿਸਮਾਂ ਦੇ ਸਾਜ਼ਾਂ ਦੀਆਂ ਮਿਲਵੀਆਂ ਸੁਰਾਂ ਵੱਜ ਪੈਂਦੀਆਂ ਹਨ (ਭਾਵ, ਉਸ ਹਿਰਦੇ ਵਿਚ ਪੂਰਨ ਆਨੰਦ ਬਣ ਜਾਂਦਾ ਹੈ), (ਹੇ ਪ੍ਰਭੂ!) ਉਸ ਦੇ ਪੰਜੇ ਕਾਮਾਦਿਕ ਵੈਰੀ ਤੂੰ ਕਾਬੂ ਵਿਚ ਕਰ ਦੇਂਦਾ ਹੈਂ ਤੇ ਡਰਾਣ ਵਾਲਾ ਕਾਲ (ਭਾਵ, ਮੌਤ ਦਾ ਡਰ) ਦੂਰ ਕਰ ਦੇਂਦਾ ਹੈਂ। ਪਰ ਸਿਰਫ਼ ਉਹੀ ਮਨੁੱਖ ਹਰਿ-ਨਾਮ ਵਿਚ ਜੁੜਦੇ ਹਨ ਜਿਨ੍ਹਾਂ ਦੇ ਭਾਗਾਂ ਵਿਚ ਤੂੰ ਧੁਰ ਤੋਂ ਹੀ ਆਪਣੀ ਮੇਹਰ ਨਾਲ (ਸਿਮਰਨ ਦਾ ਲੇਖ ਲਿਖ ਕੇ) ਰੱਖ ਦਿੱਤਾ ਹੈ।

**ਸਵਾਲ—ਪੰਜਾਂ ਤੱਤਾਂ ਦੀ ਰਹਿਤ ਤੋਂ ਕੀ ਭਾਵ ਹੈ?**

**ਜਵਾਬ—**

**ਅਪੁ ਤੇਜੁ ਬਾਇ ਪ੍ਰਿਥਮੀ ਆਕਾਸਾ ॥**

**ਐਸੀ ਰਹਤ ਰਹਉ ਹਰਿ ਪਾਸਾ ॥ (327)**

ਜਲ ਦੀ ਰਹਿਤ ਦਾ ਭਾਵ—ਸਭ ਨੂੰ ਸ਼ੁੱਧ ਨਿਰਮਲ ਅਤੇ ਸ਼ਾਂਤ ਕਰਨਾ।

ਅਗਨ ਦੀ ਰਹਿਤ—ਰੁੱਖਾ, ਮਿੱਸਾ, ਤਰ, ਖੁਸ਼ਕ ਜੇਹਾ ਮਿਲੇ ਖਾ ਕੇ ਪ੍ਰਸੰਨ ਰਹਿਣਾ ਅਤੇ ਪ੍ਰਕਾਸ਼ ਦੇਣਾ।

ਪਵਨ ਦੀ ਰਹਿਤ—ਸਭ ਨੂੰ ਸਮਾਨ ਸਪਰਸ਼ ਕਰਨਾ ਅਤੇ ਜੀਵਨ ਦੇਣਾ।

ਪ੍ਰਥਵੀ ਦੀ ਰਹਿਤ—ਧੀਰਜ, ਖ਼ਿਮਾ ਦਾ ਧਾਰਨਾ ਅਤੇ ਸਭ ਨੂੰ ਨਿਵਾਸ ਦੇਣਾ।

ਅਕਾਸ਼ ਦੀ ਰਹਿਤ—ਸਭ ਤੋਂ ਅਸੰਗ ਰਹਿਣਾ।

**ਸਵਾਲ—ਪੰਜ ਪਿਆਰਿਆਂ ਦੀ ਮਰਿਯਾਦਾ ਕਦੋਂ ਤੋਂ ਸ਼ੁਰੂ ਹੋਈ?**

**ਜਵਾਬ**--ਗੁਰੂ ਨਾਨਕ ਸਾਹਿਬ ਜੀ ਦੇ ਫ਼ਲਸਫ਼ੇ ਅਨੁਸਾਰ ਮੁੱਢ ਤੋਂ ਹੀ ਪੰਜਾਂ ਪਿਆਰਿਆਂ ਦੀ ਪ੍ਰਧਾਨਤਾ ਚਲੀ ਆਉਂਦੀ ਹੈ। ਭਾਈ ਕਾਹਨ ਸਿੰਘ ਜੀ ਨਾਭਾ ਨੇ ਗੁਰਮਤਿ ਮਾਰਤੰਡ ਦੇ ਪੰਨਾ 692 'ਤੇ ਪੰਜ ਪਿਆਰਿਆਂ ਸਬੰਧੀ ਬ-ਕਮਾਲ ਲਿਖਿਆ ਹੈ—ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਪੰਜ ਪਿਆਰਿਆਂ ਦੀ ਹੋਂਦ ਚਲੀ ਆ ਰਹੀ ਹੈ। ਪਰ ਇਤਿਹਾਸ ਵਿਚ ਸਾਰਿਆਂ ਦੇ ਨਾਮ ਲਿਖੇ ਨਹੀਂ ਮਿਲਦੇ—ਕੇਵਲ ਥੋੜ੍ਹੇ ਨਾਮ ਮਿਲਦੇ ਹਨ—ਜੇਹਾ ਕਿ ਗੁਰੂ ਅਰਜਨ ਪਾਤਸ਼ਾਹ ਦੇ ਸਮੇਂ ਪੰਜ ਪਿਆਰੇ ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਲੰਗਾਹ, ਭਾਈ ਪਿਰਾਣਾ, ਅਤੇ ਭਾਈ ਪੇੜਾ। ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸਮੇਂ ਭਾਈ ਦੀਵਾਨ ਮਤੀ ਦਾਸ, ਭਾਈ ਗੁਰਦਿੱਤਾ, ਭਾਈ ਦਿਆਲਾ, ਭਾਈ ਊਦੈ, ਅਤੇ ਭਾਈ ਜੈਤਾ ਦਾ ਜ਼ਿਕਰ ਆਉਂਦਾ ਹੈ।

ਖ਼ਾਸ ਕਰਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਪੰਜਾਂ ਪਿਆਰਿਆਂ ਦੀ ਚੋਣ ਵੈਸਾਖ 1756 ਈਸਵੀ ਨੂੰ ਹੋਈ। ਉਹਨਾਂ ਪੰਜਾਂ ਪਿਆਰਿਆਂ ਦੇ ਨਾਂ ਇਸ ਪ੍ਰਕਾਰ ਹਨ— ਭਾਈ ਦਇਆ ਸਿੰਘ, ਭਾਈ ਧਰਮ ਸਿੰਘ, ਭਾਈ ਮੁਹਕਮ ਸਿੰਘ, ਭਾਈ ਸਾਹਿਬ ਸਿੰਘ, ਭਾਈ ਹਿੰਮਤ ਸਿੰਘ।

-0-



# ਸ਼ਬਦ ਵਿਚਾਰ

## ਰੱਬ ਦੀ ਸ਼ਰਨ




ਪ੍ਰਿੰ. ਗੁਰਬਚਨ ਸਿੰਘ ਪੰਨਵਾਂ
99155-29725


ਜਿਵੇਂ ਜਿਵੇਂ ਗੁਰਬਾਣੀ ਅਭਿਆਸ ਕੀਤਾ ਜਾਂਦਾ ਹੈ ਤਿਵੇਂ ਤਿਵੇਂ ਰੱਬ ਸਬੰਧੀ ਡੂੰਘੀ ਜਾਣਕਾਰੀ ਹਾਸਲ ਹੁੰਦੀ ਹੈ। ਰੱਬ ਨੂੰ ਪੁਜਾਰੀ ਨੇ ਇਸ ਤਰ੍ਹਾਂ ਪੇਸ਼ ਕੀਤਾ ਹੈ ਜਿਵੇਂ ਸਰੀਰਕ ਤਲ 'ਤੇ ਵੱਡ ਅਕਾਰੀ ਦਫਤਰ ਸਜਾ ਕੇ ਬੈਠਾ ਹੋਇਆ ਕੋਈ ਮਨੁੱਖ ਹੈ। ਉਸ ਸਬੰਧੀ ਪੁਜਾਰੀ ਦੇ ਕਹੇ ਅਨੁਸਾਰ ਜਿਸ ਤਰ੍ਹਾਂ ਸਰਕਾਰੀ ਦਫਤਰਾਂ ਵਿੱਚ ਪੈਸੇ ਦੇ ਕੇ ਆਪਣਾ ਕੰਮ ਕਰਾਇਆ ਜਾਂਦਾ ਹੈ ਕੁੱਝ ਏਸ ਤਰ੍ਹਾਂ ਅਸੀਂ ਰੱਬ ਨਾਲ ਸੌਦਾ ਕਰਦੇ ਹੋਏ ਦਿਖਾਈ ਦਿੰਦੇ ਹਾਂ। ਪੁਜਾਰੀ ਨੇ ਪੂਰੀ ਤਰ੍ਹਾਂ ਨਾਲ ਮਨੁੱਖਤਾ ਨੂੰ ਆਪਣੇ ਭਰੋਸੇ ਵਿੱਚ ਲਾਇਆ ਹੋਇਆ ਕਿ ਜਿਹੜਾ ਵੀ ਉਸ ਦਾ ਨਾਮ ਸਿਮਰੇਗਾ ਰੱਬ ਜੀ ਉਸ ਨਾਲ ਮਨੋ ਖੁਸ਼ ਹੋਣਗੇ ਤੇ ਉਹਨਾਂ ਦੇ ਵਿਗੜੇ ਤਿਗੜੇ ਕੰਮ ਸਾਰੇ ਰੱਬ ਜੀ ਖੁਦ ਕਰ ਦਿੰਦੇ ਹਨ।

ਹਰ ਮਨੁੱਖ ਰੱਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਲਈ ਪੁਜਾਰੀ ਦੇ ਕਹੇ ਅਨੁਸਾਰ ਪੂਜਾ ਪਾਠ, ਭੇਟਾ, ਦਾਨ ਪੁੰਨ, ਸੁੱਖਣਾ ਇਤਿਆਦਿਕ ਪੂਰੇ ਧਰਮ ਕਰਮ ਨਾਲ ਨੇਮ ਨਿਬਾਹੁੰਦਾ ਹੋਇਆ ਦਿਸ ਰਿਹਾ ਹੈ। ਵਿਕਸਤ ਮੁਲਕਾਂ ਨਾਲੋਂ ਭਾਰਤ ਵਿੱਚ ਰੱਬ ਦੀ ਪੂਜਾ ਸਭ ਤੋਂ ਵੱਧ ਕੀਤੀ ਜਾ ਰਹੀ ਹੈ। ਹੁਣ ਰੱਬ ਨੂੰ ਖੁਸ਼ ਕਰਨ ਲਈ ਨਦੀਆਂ ਦਰਿਆਵਾਂ ਦੇ ਵਗਦੇ ਪਾਣੀਆਂ ਵਿੱਚ ਆਪਣੇ ਘਰ ਦਾ ਗੰਦ ਮੰਦ ਸੁਟ ਕੇ ਰੱਬ ਨੂੰ ਖੁਸ਼ ਕਰਨ ਵਿੱਚ ਲੱਗੇ ਹੋਏ ਹਾਂ। ਕੋਈ ਪਿੱਪਲ ਦੁਆਲੇ ਧਾਗੇ ਟਾਕੀਆਂ ਬੰਨ੍ਹ ਕੇ ਰੱਬ ਨੂੰ ਇਹ ਕਹਿ ਰਿਹਾ ਹੈ ਦੇਖ ਮੈਂ ਕਿੰਨੀ ਸ਼ਰਧਾ ਨਾਲ ਤੇਰੇ ਦੁਆਲੇ ਧਾਗਾ ਬੱਧਾ ਈ ਹੁਣ ਤੇਰੀ ਕਿਰਪਾ ਚਾਹੀਦੀ ਹੈ ਕਿ ਮੇਰਾ ਮਸਲਾ ਹੱਲ ਕਰ ਦੇ।

ਚੋਰੀ ਕਰਨ ਵਾਲਾ ਰੱਬ ਅੱਗੇ ਅਰਦਾਸਾਂ ਕਰ ਰਿਹਾ ਹੈ ਕਿ ਮੈਂ ਫੜਿਆ ਨਾ ਜਾਵਾਂ। ਉਹ ਵੀ ਸਾਰੀ ਜ਼ਿੰਮੇਵਾਰੀ ਰੱਬ ਜੀ 'ਤੇ ਸੁੱਟ ਰਿਹਾ ਹੈ। ਕਤਲ ਕਰਨ ਵਾਲਾ ਵੀ ਇਹ ਅਰਦਾਸਾਂ ਕਰ ਰਿਹਾ ਹੈ ਕਿ ਰੱਬ ਜੀ ਹੁਣ ਤੁਸੀਂ ਹੀ ਬਹੁੜੀ ਕਰੋ ਕਿ ਮੈਨੂੰ ਜੇਲ੍ਹ ਨਾ ਹੋਵੇ। ਅਸਲ ਵਿੱਚ ਜੇ ਗੁਰੂ ਨਾਨਕ ਸਾਹਿਬ ਜੀ ਦੇ ਸਮਝਾਏ ਹੋਏ ਰੱਬੀ ਗੁਣਾਂ ਨੂੰ ਅਸੀਂ ਸਮਝ ਲੈਂਦੇ ਤਾਂ ਨਿਰਸੰਦੇਹ ਜਿੱਥੇ ਸਾਡਾ ਜੀਵਨ ਰਸ ਦਾਇਕ ਹੋਣਾ ਸੀ ਓੱਥੇ ਅਸੀਂ ਚੰਗੇ ਸਮਾਜ ਦੀ ਸਿਰਜਣਾ ਵਿੱਚ ਵੀ ਜ਼ਰੂਰ ਯੋਗਦਾਨ ਪਾਉਣਾ ਸੀ। ਰੱਬ ਦੀ ਸਰਣ ਤੋਂ ਕੀ ਭਾਵ ਹੈ-- ਇਸ ਨੁਕਤੇ ਨੂੰ ਸਮਝਣ ਲਈ ਹੇਠ ਲਿਖੇ ਸਲੋਕ ਦੀ ਵਿਚਾਰ ਨੂੰ ਸਮਝਣ ਦਾ ਯਤਨ ਕੀਤਾ ਜਾਏਗਾ—

**ਤਰਣ ਸਰਣ ਸੁਆਮੀ ਰਮਣ ਸੀਲ ਪਰਮੇਸੁਰਹ॥ ਕਰਣ ਕਾਰਣ ਸਮਰਥਹ ਦਾਨੁ ਦੇਤ ਪ੍ਰਭੁ ਪੂਰਨਹ॥ ਨਿਰਾਸ ਆਸ ਕਰਣੰਸਗਲ ਅਰਥ ਆਲਯਹ॥ ਗੁਣ ਨਿਧਾਨ ਸਿਮਰੰਤਿ ਨਾਨਕ ਸਗਲ ਜਾਚੰਤ ਜਾਚਿਕਹ॥43॥**

**(1357)**

**ਅੱਖਰੀਂ ਅਰਥ**-- ਪਰਮਾਤਮਾ ਸਭ ਕੌਤਕ ਰਚਨਹਾਰ ਹੈ, ਸਭ ਦਾ ਮਾਲਕ ਹੈ, ਉਸ ਦੀ ਸਰਨ (ਜੀਵਾਂ ਲਈ, ਮਾਨੋ) ਜਹਾਜ਼ ਹੈ। ਪੂਰਨ ਪ੍ਰਭੂ ਜੀਵਾਂ ਨੂੰ ਦਾਤਾਂ ਦਿੰਦਾ ਹੈ, ਉਹ ਜਗਤ ਦਾ ਮੂਲ ਹੈ, ਸਭ ਕੁੱਝ ਕਰਨ-ਜੋਗਾ ਹੈ।

ਪ੍ਰਭੂ ਨਿਰਾਸਿਆਂ ਦੀਆਂ ਆਸਾਂ ਪੂਰੀਆਂ ਕਰਨ ਵਾਲਾ ਹੈ, ਸਾਰੇ ਪਦਾਰਥਾਂ ਦਾ ਘਰ ਹੈ।

ਹੇ ਨਾਨਕ! ਸਾਰੇ (ਜੀਵ) ਮੰਗਤੇ (ਬਣ ਕੇ ਉਸ ਦੇ ਦਰ ਤੋਂ) ਮੰਗਦੇ ਹਨ, ਤੇ ਸਭ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਨੂੰ ਸਿਮਰਦੇ ਹਨ।

**ਵਿਚਾਰ ਚਰਚਾ**— ਨਿਰਾ ਮੰਗਣ ਨਾਲ ਕੁੱਝ ਨਹੀਂ ਬਣਨਾ ਜਿਨ੍ਹਾਂ ਚਿਰ ਖ਼ੁਦ ਉਦਮ ਨਹੀਂ ਕਰਦਾ--

1. ਕੀ ਰੱਬ ਜੀ ਨੇ ਸੰਸਾਰ ਵਿੱਚ ਇਕੱਲੇ ਇਕੱਲੇ ਰੁੱਖ ਨੂੰ ਲਗਾਇਆ ਹੈ? ਕੀ ਮਾਤਾ ਪਿਤਾ ਦੀ ਪ੍ਰਕਿਰਿਆ ਦੇ ਅਭਿਆਸ ਤੋਂ ਬਿਨਾਂ ਹੀ ਸੰਸਾਰ ਵਿੱਚ ਜਨਮ ਹੋਈ ਜਾ ਰਹੇ ਹਨ? ਕੀ ਰੱਬ ਜੀ ਕਹਿੰਦੇ ਹਨ ਕਿ ਇੱਥੇ ਪੈਣਾ ਚਾਹੀਦਾ ਹੈ ਤੇ ਇੱਥੇ ਮੀਂਹ ਨਹੀਂ ਪੈਣਾ ਚਾਹੀਦਾ। ਜੇ ਏਦਾਂ ਦੀ ਗੱਲ ਹੈ ਤਾਂ ਫਿਰ ਰੱਬ ਜੀ ਨਿਰਵੈਰ ਕਿਦਾਂ ਹੋਏ?

2. ਕੀ ਰੱਬ ਜੀ ਦੀ ਸ਼ਰਣ ਤੋਂ ਭਾਵ ਇਸ ਤਰ੍ਹਾਂ ਲਿਆ ਜਾਣਾ ਚਾਹੀਦਾ ਹੈ ਜਿਵੇਂ ਕਿਸੇ ਸਰਪੰਚ ਦੇ ਘਰ ਜਾ ਕੇ ਉਸ ਪਾਸੋਂ ਆਪਣਾ ਕੋਈ ਕਾਰਜ ਕਰਵਾ ਲਈਦਾ ਹੈ?

3. ਰੱਬ ਜੀ ਸਭ ਨੂੰ ਦਾਤਾਂ ਦਿੰਦੇ ਹਨ ਤਾਂ ਫਿਰ ਗਰੀਬੀ ਕਿਉਂ ਫੈਲੀ ਹਈ ਹੈ? ਕਈ ਲੋਕ ਭੁਖੇ ਹੀ ਸੌਂ ਜਾਂਦੇ ਹਨ ਅਜੇਹਾ ਕਿਉਂ?

4. ਅਸਲ ਵਿੱਚ ਇੱਕ ਬੱਝਵੇਂ ਨਿਯਮ ਤਹਿਤ ਸਾਰੀ ਉਤਪਤੀ ਹੋਈ ਹੈ ਤੇ ਫਿਰ ਇਸ ਦਾ ਵਿਕਾਸ ਹੋਇਆ ਹੈ। ਇਸ ਬੱਝਵੇਂ ਨਿਯਮ ਦਾ ਨਾਂ ਹੀ ਰੱਬ ਜੀ ਹੈ।

5. ਰੱਬ ਜੀ ਦੀ ਸ਼ਰਣ ਤੋਂ ਭਾਵ ਮਿਹਨਤ ਕਰਨੀ, ਇਮਾਨਦਾਰੀ ਰੱਖਣੀ, ਸਦਾ ਸੱਚ ਨੂੰ ਪਹਿਲ ਦੇਣੀ, ਉਦਮੀ ਹੋਣਾ, ਆਪਣੀ ਜ਼ਿੰਮੇਵਾਰੀ ਦਾ ਅਹਿਸਾਸ ਹੋਣਾ ਹੀ ਰੱਬ ਜੀ ਦੀ ਸਰਨ ਹੈ।

6. ਸਭ ਜੀਵਾਂ ਨੂੰ ਦਾਤਾਂ ਦੇਣ ਤੋਂ ਭਾਵ ਹੈ ਕਿ ਸਾਨੂੰ ਜਨਮ ਮਿਲਿਆ ਹੈ, ਧਰਤੀ, ਹਵਾ, ਧੁੱਪ, ਗਰਮੀ ਸਰਦੀ ਮਿਲੀ ਹੋਈ ਹੈ। ਇਸ ਵਿੱਚ ਉਦਮ ਤੇ ਮਿਹਨਤ ਸਾਨੂੰ ਹੀ ਕਰਨੀ ਪੈਣੀ ਹੈ। ਉਦਮ ਕਰਨਾ ਹੀ ਅਸਲ ਵਿੱਚ ਰੱਬੀ ਦਾਤ ਦੀ ਪ੍ਰਾਪਤੀ ਹੈ।

7. ਸੱਚੇ ਮੰਗਤੇ ਬਣਨ ਤੋਂ ਭਾਵ ਸਮੁੱਚੇ ਤੌਰ 'ਤੇ ਮਿਹਨਤੀ ਹੋਣ ਤੋਂ ਹੈ ਤੇ ਨਿਮਰਤਾ ਨਾਲ ਗੁਣ ਹਾਸਲ ਕਰਨ ਤੋਂ ਹੈ।

8. ਉਸ ਦਾ ਆਸਰਾ ਲੈਣ ਤੋਂ ਭਾਵ ਅੰਦਰੋਂ ਬਾਹਰੋਂ ਇੱਕ ਹੋਣਾ, ਸਚਾਈ ਦਾ ਪੱਲਾ ਫੜਨਾ, ਆਪਣੇ ਫ਼ਰਜ਼ ਦੀ ਪਹਿਚਾਣ ਕਰਨ ਤੋਂ ਹੈ।

9. ਰੱਬ ਜੀ ਵਲੋਂ ਵਿਤਕਰੇ ਨਹੀ ਇਹ ਵਿਤਕਰੇ ਸਰਕਾਰਾਂ ਦੇ ਬਦਇੰਤਜ਼ਾਮ ਤੇ ਧਾਰਮਿਕ ਆਗੂਆਂ ਵਲੋਂ ਹੀ ਨਿਰਧਾਰਤ ਕੀਤੇ ਹੋਏ ਹਨ।

10. ਸਦੀਵ ਕਾਲ ਰੱਬੀ ਨਿਯਮਾਂਵਲੀ ਤੇ ਦੈਵੀ ਗੁਣਾਂ ਦੇ ਸਮੂਹ ਦਾ ਨਾਂ ਰੱਬ ਹੈ। ਇਸ ਜੀਵਨ ਰਹਿੰਦਿਆਂ ਉਦਮ, ਮਿਹਨਤ-ਮਸ਼ੱਕਤ, ਇਮਾਨਦਾਰੀ ਤਾਂ ਸਾਨੂੰ ਹੀ ਕਰਨੀ ਪੈਣੀ ਹੈ।

**ਉਦਮੁ ਕਰੇਦਿਆ ਜੀਉ**
**ਤੂੰ ਕਮਾਵਦਿਆ ਸੁਖ ਭੁੰਚੁ ॥**
**ਧਿਆਇਦਿਆ ਤੂੰ ਪ੍ਰਭੂ ਮਿਲੁ**
**ਨਾਨਕ ਉਤਰੀ ਚਿੰਤ॥ (522)**

-0-

### ਸੂਚਨਾ

**ਪਾਠਕ ਜਨਾਂ ਦਾ ਕੋਈ ਗੁਰਮਤਿ ਸਬੰਧੀ ਸਵਾਲ ਹੈ ਤਾਂ ਜ਼ਰੂਰ ਲਿਖ ਭੇਜੋ ਜੀ। 79733-70542 'ਤੇ ਵਟਸਐਪ ਕਰ ਸਕਦੇ ਹੋ।**

# ਸਿੱਖ ਇਤਿਹਾਸ ਦਾ ਖ਼ੂਨੀ ਘੱਲੂਘਾਰਾ

# ਜੂਨ 1984

-ਗਿਆਨੀ ਸਾਹਿਬ ਸਿੰਘ

**ਸਾਕਾ ਨੀਲਾ ਤਾਰਾ :** 3-5 ਜੂਨ 1984 ਨੂੰ ਭਾਰਤੀ ਫ਼ੌਜ ਦੁਆਰਾ ਕੀਤੀ ਗਈ ਸਿੱਖਾਂ ਦੇ ਧਾਰਮਕ ਅਸਥਾਨ ਦਰਬਾਰ ਸਾਹਿਬ (ਅੰਮ੍ਰਿਤਸਰ) 'ਤੇ ਫ਼ੌਜੀ ਕਾਰਵਾਈ ਹੈ। ਉਸ ਸਮੇਂ ਭਾਰਤ ਦੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਸੀ। ਸੰਤ ਜਰਨੈਲ ਸਿੰਘ (ਭਿੰਡਰਾਂਵਾਲਾ), ਭਾਈ ਅਮਰੀਕ ਸਿੰਘ (ਮੁਕਤਸਰ) ਤੇ ਜਰਨਲ ਸੁਬੇਗ ਸਿੰਘ; ਉਸ ਸਮੇਂ ਦਰਬਾਰ ਸਾਹਿਬ ਵਿੱਚ ਸ਼ਾਮਲ ਸਨ। ਇਨ੍ਹਾਂ ਦੇ ਨਾਲ ਹੋਰ ਵੀ ਬਹੁਤ ਸਾਰੇ ਸਿੰਘ ਗੁਰਦੁਆਰਾ ਸਾਹਿਬ ਅੰਦਰ ਸਨ, ਜਿਨ੍ਹਾਂ ਨੂੰ ਆਤੰਕਵਾਦੀ ਕਹਿ ਕੇ ਫ਼ੌਜ; ਗੁਰਦੁਆਰੇ 'ਚੋਂ ਕੱਢਣਾ ਚਾਹੁੰਦੀ ਸੀ। ਇਸ ਫ਼ੌਜੀ ਕਾਰਵਾਈ ਵਿੱਚ ਬਹੁਤ ਸਾਰੇ ਲੋਕਾਂ ਦੀ ਜਾਨ ਚਲੀ ਗਈ।




**ਦਰਬਾਰ ਸਾਹਿਬ ਸਮੂਹ ਵਿੱਚ ਜਨਰਲ ਸੁਬੇਗ ਸਿੰਘ ਨੇ ਮਜ਼ਬੂਤ ਮੋਰਚਾਬੰਦੀ ਕਰ ਰੱਖੀ ਸੀ। 6 ਜੂਨ 1984 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਢਹਿ ਢੇਰੀ ਕਰਨ 'ਤੇ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਨਾਲ ਫ਼ੌਜੀ ਕਾਰਵਾਈ ਬੰਦ ਕਰ ਦਿੱਤੀ। ਸਰਕਾਰੀ ਅੰਕੜਿਆਂ ਅਨੁਸਾਰ 136 ਫ਼ੌਜੀ ਮਰੇ ਅਤੇ 220 ਜ਼ਖ਼ਮੀ ਹੋਏ ਅਤੇ 492 ਨਾਗਰਕ ਤੇ ਖਾੜਕੂ ਮਾਰੇ ਗਏ। ਮੇਜਰ ਜਰਨਲ ਕੁਲਦੀਪ ਸਿੰਘ ਬਰਾੜ (ਜੋ ਉਸ ਸਮੇਂ ਦਰਬਾਰ ਸਾਹਿਬ ਅੰਦਰ ਫ਼ੌਜ ਦੀ ਅਗਵਾਈ ਕਰ ਰਿਹਾ ਸੀ) ਦੀ ਨਵੀਂ ਕਿਤਾਬ ਮੁਤਾਬਕ ਕੁੱਲ 15307 ਲੋਕ ਮਰੇ ਅਤੇ 17000 ਤੋਂ ਵੱਧ ਜ਼ਖ਼ਮੀ ਹੋਏ।**

**ਘੱਲੂਘਾਰਾ :** ਸੰਨ 1984 ਵਿੱਚ ਸ੍ਰੀ ਦਰਬਾਰ ਸਾਹਿਬ ਅੰਦਰ ਭਾਰਤੀ ਫ਼ੌਜ ਵੱਲੋਂ, ਜਿਸ ਨੂੰ ਫ਼ੌਜੀ ਰਵਾਇਤ ਅਨੁਸਾਰ ਸਾਕਾ ਨੀਲਾ ਤਾਰਾ ਆਖਿਆ ਗਿਆ ਹੈ, ਆਜ਼ਾਦ ਭਾਰਤ ਵਿੱਚ ਕਿਸੇ ਧਰਮ ਅਸਥਾਨ ਅੰਦਰੋਂ ਤਥਾ ਕਥਿਤ ਅਪਰਾਧੀਆਂ ਨੂੰ ਕੱਢਣ ਲਈ ਕੀਤੀ ਗਈ ਸਭ ਤੋਂ ਵੱਡੀ ਕਾਰਵਾਈ ਹੈ। ਮਹਾਨ ਕੋਸ਼ ਮੁਤਾਬਕ ਘੱਲੂਘਾਰਾ ਦਾ ਅਰਥ ਤਬਾਹੀ, ਗ਼ਾਰਤੀ ਜਾਂ ਸਰਵਨਾਸ਼ ਹੁੰਦਾ ਹੈ। ਦਰਬਾਰ ਸਾਹਿਬ ਅਤੇ ਅਕਾਲ ਤਖ਼ਤ ਸਾਹਿਬ; ਦੋਵੇਂ ਗੁਰੂ ਸਾਹਿਬਾਨ ਵੱਲੋਂ ਉਸਾਰੇ ਗਏ ਪਵਿੱਤਰ ਅਸਥਾਨ ਹਨ।

**ਇਤਿਹਾਸ ਕਾਰਨ :** ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਅਪਰੈਲ 1978 ਦੇ ਨਿਰੰਕਾਰੀ ਅਤੇ ਸਿੱਖ ਝਗੜੇ ਦੇ ਮੁਕੱਦਮੇ ਦੀ ਤਫ਼ਤੀਸ਼ ਤੋਂ ਲੈ ਕੇ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਦੀ 20 ਸਤੰਬਰ 1981 ਨੂੰ ਮਹਿਤਾ ਚੌਂਕ ਵਿੱਚ ਗ੍ਰਿਫ਼ਤਾਰੀ, ਧਰਮ ਯੁੱਧ ਮੋਰਚਾ 18 ਜੁਲਾਈ 1982 ਦੀ ਆਰੰਭਤਾ, ਸਾਕਾ ਨੀਲਾ ਤਾਰਾ, ਬਲੈਕ-ਥੰਡਰ ਤੋਂ ਬਾਅਦ ਸੰਨ 1997 ਤੱਕ ਪੰਜਾਬ ਦੀ ਜਨਤਾ ਨੇ ਬਹੁਤ ਕੁਝ ਦੇਖਿਆ ਅਤੇ ਸਰੀਰ 'ਤੇ ਹੰਢਾਇਆ। ਰਾਜਸੀ, ਪੁਲੀਸ ਤੇ ਪ੍ਰਬੰਧਕੀ ਅਫ਼ਸਰਾਂ ਵੱਲੋਂ ਸਮੇਂ ਸਿਰ ਉਚਿਤ ਕਾਰਵਾਈ ਕਰਨ ਵਿੱਚ ਵਰਤੀ ਗਈ ਢਿੱਲ-ਮੱਠ ਤੇ ਰਾਜਸੀ ਲਾਹੇ ਦੇ ਲਾਲਚ ਕਾਰਨ ਹਾਲਾਤ ਬਹੁਤ ਵਿਗੜ ਗਏ ਸਨ। ਅਪਰੈਲ 1978 ਨੂੰ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਵੱਲੋਂ ਸ਼ਹਿਰ ਵਿੱਚ ਕੱਢਿਆ ਜਾ ਰਿਹਾ ਰੋਸ ਮਾਰਚ ਰੋਕਣ ਲਈ ਅਖੰਡ ਕੀਰਤਨੀ ਜਥੇ ਦੇ ਕਈ ਮੈਂਬਰ ਸਮਾਗਮ ਵਿੱਚ ਅਜੀਤ ਨਗਰ ਸੁਲਤਾਨਵਿੰਡ ਗਏ ਤੇ ਭਾਈ ਫ਼ੌਜਾ ਸਿੰਘ ਆਦਿ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਤੋਂ ਇਕੱਠੇ ਹੋ ਕੇ ਰਵਾਇਤੀ ਸ਼ਸਤਰਾਂ ਨਾਲ ਲੈਸ ਹੋ ਕੇ ਨਿਰੰਕਾਰੀ ਸਮਾਗਮ ਵੱਲ ਤੁਰ ਪਏ। ਟਕਰਾਓ ਵਿੱਚ 13 ਸਿੱਖ ਤੇ 4 ਹੋਰਾਂ ਦੀ ਮੌਤ ਹੋ ਗਈ। ਉਸ ਦਿਨ ਮੁਕੱਦਮਾ ਤਾਂ ਦਰਜ ਹੋਇਆ ਪਰ ਗ੍ਰਿਫ਼ਤਾਰੀ ਕੋਈ ਨਹੀਂ ਹੋਈ। ਮੁਕੱਦਮੇ ਦੀ ਸੁਣਵਾਈ ਪੰਜਾਬ ਤੋਂ ਬਾਹਰ ਕਰਨਾਲ ਤਬਦੀਲ ਹੋ ਗਈ। ਸਾਰੇ ਦੋਸ਼ੀ ਬਰੀ ਕਰ ਦਿੱਤੇ ਗਏ। ਉਸ ਮੁਕੱਦਮੇ ਵਿੱਚ ਵੇਲੇ ਦੀ ਅਕਾਲੀ ਦਲ ਬਾਦਲ ਸਰਕਾਰ (20 ਜੂਨ 1977 ਤੋਂ 17 ਫ਼ਰਵਰੀ 1980 ਤੱਕ) ਨੇ ਹਾਈ ਕੋਰਟ ਵਿੱਚ ਅਪੀਲ ਤੱਕ ਨਹੀਂ ਕੀਤੀ। ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਤੇ ਉਨ੍ਹਾਂ ਦੇ ਕੁਝ ਸਾਥੀਆਂ ਨੇ ਸੰਨ 1978 ਵਿੱਚ ਆਤਮ ਰੱਖਿਆ ਲਈ ਹਥਿਆਰ ਖ਼ਰੀਦਣ ਵਾਸਤੇ ਲਾਇਸੈਂਸ ਵੀ ਪ੍ਰਾਪਤ ਕੀਤੇ। ਇਸੇ ਸਾਲ ਕਾਨ੍ਹਪੁਰ ਅਤੇ ਹੋਰ ਥਾਵਾਂ ਉੱਤੇ ਵੀ ਸਿੱਖ ਅਤੇ ਨਿਰੰਕਾਰੀਆਂ ਦੇ ਝਗੜੇ ਹੋਏ। ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਐਲਾਨ ਕਰਨ ਦੀ ਮੰਗ ਨੂੰ ਲੈ ਕੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਨੇ ਭਾਈ ਅਮਰੀਕ ਸਿੰਘ ਜੀ ਅਤੇ ਸੰਤ ਭਿੰਡਰਾਂਵਾਲਿਆਂ ਦੀ ਅਗਵਾਈ ਹੇਠ 31 ਮਈ 1981 ਨੂੰ ਸ਼ਹਿਰ ਵਿੱਚ ਮਾਰਚ ਕਰਨ ਦਾ ਐਲਾਨ ਕੀਤਾ। ਇਸ ਦੇ ਪ੍ਰਤੀਕਰਮ ਵਜੋਂ ਸਿਗਰਟ ਬੀੜੀ ਦੇ ਹੱਕ ਵਿੱਚ 29 ਮਈ 1981 ਨੂੰ ਆਰ. ਐੱਸ. ਐੱਸ. ਦੇ ਮੈਂਬਰ ਹਰਬੰਸ ਲਾਲ ਖੰਨਾ (ਭਾਜਪਾ ਲੀਡਰ) ਦੀ ਅਗਵਾਈ ਹੇਠ ਇੱਕ ਜਲੂਸ ਕੱਢਿਆ ਗਿਆ। ਇਸ ਨਾਲ ਪਵਿੱਤਰ ਸ਼ਹਿਰ ਦਾ ਮਸਲਾ ਦੋ ਧਰਮਾਂ 'ਚ ਵੰਡ ਗਿਆ। ਸ਼ਹਿਰ ਵਿੱਚ ਸਿਗਰਟ ਬੀੜੀ ਦੇ ਖੋਖੇ ਵੀ ਸਾੜੇ ਗਏ। ਮੰਦਰਾਂ ਵਿੱਚ ਗਊਆਂ ਦੇ ਸਿਰ ਅਤੇ ਗੁਰਦੁਆਰਿਆਂ ਵਿੱਚ ਸਿਗਰਟ ਬੀੜੀਆਂ ਸੁੱਟੀਆਂ ਜਾਣ ਲੱਗ ਪਈਆਂ। ਤਣਾਅ ਨੂੰ ਵੇਖ ਕੇ ਪੰਜਾਬ ਵਿੱਚ ਦਰਬਾਰਾ ਸਿੰਘ ਸਰਕਾਰ ਨੇ 2 ਜੂਨ 1981 ਨੂੰ ਸਾਰੇ ਲਾਇਸੈਂਸੀ ਹਥਿਆਰ ਜਮ੍ਹਾ ਕਰਵਾਉਣ ਦੇ ਹੁਕਮ ਦੇ ਦਿੱਤੇ। ਦਮਦਮੀ ਟਕਸਾਲ ਵਾਲਿਆਂ ਨੇ ਆਪਣੇ ਹਥਿਆਰ ਜਮ੍ਹਾ ਨਾ ਕਰਵਾ ਕੇ ਇਸ ਹੁਕਮ ਦੀ ਉਲੰਘਣਾ ਕੀਤੀ। ਸੰਤ ਜਰਨੈਲ ਸਿੰਘ ਵਿਰੁੱਧ ਇਸ ਬਾਰੇ ਥਾਣਾ ਬਿਆਸ ਵਿੱਚ ਮੁਕੱਦਮਾ ਦਰਜ ਹੋਇਆ। ਤਫ਼ਤੀਸ਼ ਸਮੇਂ ਪਤਾ ਚੱਲਿਆ ਕਿ ਸੰਤ ਜਰਨੈਲ ਸਿੰਘ ਨੇ ਕੋਈ ਲਾਈਸੈਂਸੀ ਹਥਿਆਰ ਹੀ ਨਹੀਂ ਖ਼ਰੀਦਿਆ ਸੀ।

**ਪੰਜਾਬ ਤੇ ਕਤਲ :** 9 ਸਤੰਬਰ 1981 ਨੂੰ ਹਿੰਦ ਸਮਾਚਾਰ ਗਰੁੱਪ ਦੇ ਮਾਲਕ ਲਾਲਾ ਜਗਤ ਨਰਾਇਣ ਦੇ ਕਤਲ ਕੇਸ ਵਿੱਚ ਦੋਸ਼ੀ ਮੌਕੇ 'ਤੇ ਹੀ ਗ੍ਰਿਫ਼ਤਾਰ ਹੋ ਗਿਆ ਸੀ। ਮੁਕੱਦਮੇ ਵਿੱਚ ਸੰਤ ਜਰਨੈਲ ਸਿੰਘ ਦਾ ਨਾਂ ਵੀ ਦੋਸ਼ੀ ਵਜੋਂ ਲਿਖਿਆ ਗਿਆ। ਮਹਿਤਾ ਚੌਂਕ ਵਿੱਚ ਨਾਕਾਬੰਦੀ ਕਰ ਦਿੱਤੀ ਗਈ। ਅੰਮ੍ਰਿਤਸਰ ਪੁਲੀਸ ਨੂੰ ਪਤਾ ਚੱਲਿਆ ਕਿ ਸੰਤ ਜਰਨੈਲ ਸਿੰਘ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ ਹੋਏ ਹਨ। ਗ੍ਰਿਫ਼ਤਾਰੀ ਲਈ 20 ਸਤੰਬਰ 1981 ਦੀ



ਲਾਲਾ ਜਗਤ ਨਰਾਇਣ

ਤਾਰੀਖ਼ ਮਿੱਥੀ ਗਈ। ਪਹਿਲਾਂ ਸੰਤ ਜਰਨੈਲ ਸਿੰਘ ਤੇ ਉਸ ਦੇ ਸਾਥੀਆਂ ਨੂੰ ਚੰਦੋ ਕਲਾਂ ਵਿੱਚ ਗ੍ਰਿਫ਼ਤਾਰ ਕਰਨ ਦੀ ਕੋਸ਼ਿਸ਼ ਕੀਤੀ ਅਤੇ ਜਥੇ ਦੀਆਂ ਬੱਸਾਂ ਗੱਡੀਆਂ ਨੂੰ ਅੱਗ ਲਾ ਦਿੱਤੀ ਗਈ। ਸੰਤ ਜਰਨੈਲ ਸਿੰਘ ਨੂੰ ਲੈ ਕੇ ਲੁਧਿਆਣਾ ਲਈ ਚੱਲ ਪਏ। ਗ੍ਰਿਫ਼ਤਾਰੀ ਲਈ ਸਰਕਾਰ ਨੇ ਵੱਡਾ ਉੱਦਮ ਕੀਤਾ ਪਰ ਰਾਜਸੀ ਆਗੂਆਂ ਦੀ ਵਿਚੋਲਗੀ 'ਤੇ ਸੰਤ ਜਰਨੈਲ ਸਿੰਘ ਨੂੰ ਅਕਤੂਬਰ 1981 ਵਿੱਚ ਮੁਕੱਦਮਾ ਚਲਾਏ ਬਿਨਾਂ ਹੀ ਰਿਹਾਅ ਕਰ ਦਿੱਤਾ ਗਿਆ। ਭਾਈ ਅਮਰੀਕ ਸਿੰਘ ਜੀ; ਆਪਣੇ ਕੁਝ ਸਾਥੀਆਂ ਸਮੇਤ ਝੂਠੇ ਮੁਕੱਦਮੇ ਬਾਰੇ ਰੋਸ ਪ੍ਰਗਟ ਕਰਨ ਲਈ ਉੱਥੇ ਆ ਗਏ। ਅਮਰੀਕ ਸਿੰਘ ਤੇ ਉਸ ਦੇ ਸਾਥੀਆਂ ਨੂੰ ਥਾਣੇ ਅੰਦਰ ਧਾਰਾ 144 ਦੀ ਉਲੰਘਣਾ ਕਰਨ ਦੇ ਦੋਸ਼ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਠਾਹਰਾ ਸਿੰਘ ਜੀ ਤੇ ਅਮਰੀਕ ਸਿੰਘ ਜੀ ਦੀ ਰਿਹਾਈ ਲਈ ਮੋਰਚਾ ਸ਼ੁਰੂ ਹੋ ਗਿਆ।

**ਸ਼੍ਰੋਮਣੀ ਅਕਾਲੀ ਦਲ ਅਤੇ ਸਾਕਾ :** ਸ਼੍ਰੋਮਣੀ ਅਕਾਲੀ ਦਲ ਸਤਲੁਜ ਯਮਨਾ ਨਹਿਰ ਦੀ ਉਸਾਰੀ ਵਿਰੁੱਧ ਕਪੂਰੀ ਤੋਂ ਮੋਰਚਾ ਚਲਾ ਰਿਹਾ ਸੀ, ਜਿਸ ਨੂੰ ਬੰਦ ਕਰ ਕੇ ਸੰਤ ਜਰਨੈਲ ਸਿੰਘ ਨਾਲ ਮਿਲ ਕੇ 4 ਅਗਸਤ 1982 ਤੋਂ ਸਾਂਝਾ ਧਰਮ ਯੁੱਧ ਮੋਰਚਾ ਦਰਬਾਰ ਸਾਹਿਬ ਅੰਮ੍ਰਿਤਸਰ ਕੰਪਲੈਕਸ ਤੋਂ ਆਰੰਭ ਹੋ ਗਿਆ। ਇਸ ਦੀਆਂ ਮੰਗਾਂ ਅਨੰਦਪੁਰ ਸਾਹਿਬ ਮਤੇ 'ਤੇ ਅੰਮ੍ਰਿਤਸਰ ਨੂੰ ਪਵਿੱਤਰ ਸ਼ਹਿਰ ਕਰਾਰ ਦੇਣਾ, ਗੁਰਬਾਣੀ ਪ੍ਰਸਾਰਨ ਲਈ ਰੇਡੀਓ ਸਟੇਸ਼ਨ ਦੀ ਆਗਿਆ, ਰੇਲਗੱਡੀ ਦਾ ਨਾ ਅੰਮ੍ਰਿਤਸਰ ਦੇ ਨਾਂ 'ਤੇ ਰੱਖਣਾ, ਚੰਡੀਗੜ੍ਹ, ਪੰਜਾਬੀ ਬੋਲੀ ਵਾਲੇ ਇਲਾਕੇ, ਭਾਖੜਾ ਡੈਮ ਅਤੇ ਪਾਣੀਆਂ ਦੇ ਮਸਲੇ ਵਿਸ਼ੇਸ਼ ਸਨ। ਇਸ ਕਾਰਨ ਪੁਲੀਸ ਅਤੇ ਫੈਡਰੇਸ਼ਨ ਦੀ ਆਪਸ ਵਿੱਚ ਸਿੱਧੀ ਲੜਾਈ ਆਰੰਭ ਹੋ ਗਈ। ਪੁਲੀਸ ਅਫ਼ਸਰਾਂ ਦੇ ਕਤਲ ਹੋਣੇ ਵੀ ਸ਼ੁਰੂ ਹੋ ਗਏ। ਕੇਂਦਰ ਸਰਕਾਰ ਨੇ ਇਸ ਮੋਰਚੇ ਦੇ ਹੱਲ ਲਈ 16-17 ਨਵੰਬਰ 1982 ਤੋਂ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਗੁਪਤ ਮੀਟਿੰਗ ਕੀਤੀ। ਸਰਕਾਰ 'ਤੇ ਦਬਾਅ ਪਾਉਣ ਲਈ ਅਕਾਲੀ ਦਲ ਨੇ 4 ਅਪਰੈਲ 1983 ਨੂੰ ਰਸਤਾ ਰੋਕੋ ਅਤੇ 17 ਜੂਨ 1983 ਨੂੰ ਰੇਲ ਰੋਕੋ ਅੰਦੋਲਨ ਕੀਤੇ, ਜਿਨ੍ਹਾਂ ਵਿੱਚ ਪੁਲੀਸ ਹੱਥੋਂ ਕਈ ਲੋਕ ਮਾਰੇ ਗਏ। ਪੰਜਾਬ ਦੀ ਦਰਬਾਰਾ ਸਿੰਘ ਸਰਕਾਰ (6 ਜੂਨ 1980 ਤੋਂ 10 ਅਕਤੂਬਰ 1983 ਤੱਕ) ਨੂੰ ਬਰਖਾਸਤ ਕਰ ਕੇ (ਅਤੇ ਗਵਰਨਰ ਅਨੰਤ ਪ੍ਰਸਾਦ ਸ਼ਰਮਾ 21 ਫ਼ਰਵਰੀ 1983 ਤੋਂ 10 ਅਕਤੂਬਰ 1983 ਨੂੰ ਬਦਲ ਕੇ) 10 ਅਕਤੂਬਰ 1983 ਨੂੰ ਸ਼੍ਰੀ ਭੈਰੋਂ ਦੱਤ ਪਾਂਡੇ ਨੂੰ ਪੰਜਾਬ ਦਾ ਗਵਰਨਰ ਲਾਇਆ ਗਿਆ। ਭਾਰੀ ਗਿਣਤੀ ਵਿੱਚ ਸੀਮਾ ਸੁਰੱਖਿਆ ਬਲ ਅਤੇ ਸੀ. ਆਰ. ਪੀ. ਐੱਫ਼. ਵੀ ਪੰਜਾਬ ਵਿੱਚ ਤਾਇਨਾਤ ਕਰ ਦਿੱਤੀ ਗਈ। ਸਿੱਖ ਸਟੂਡੈਂਟਸ ਫੈਡਰੇਸ਼ਨ ਨੂੰ ਗ਼ੈਰ-ਕਾਨੂੰਨੀ ਐਲਾਨ ਦਿੱਤਾ ਗਿਆ। ਦਸੰਬਰ 1983 ਤੱਕ ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਵਿੱਚ ਮਤਭੇਦ ਇੰਨੇ ਵਧ ਚੁੱਕੇ ਸਨ ਕਿ ਸੰਤ ਜਰਨੈਲ ਸਿੰਘ 15 ਦਸੰਬਰ ਨੂੰ ਗੁਰੂ ਨਾਨਕ ਨਿਵਾਸ ਤੋਂ ਸ਼੍ਰੀ ਅਕਾਲ ਤਖਤ ਸਾਹਿਬ ਥੱਲੇ ਰਿਹਾਇਸ਼ ਲੈ ਗਏ। ਕੇਂਦਰ ਸਰਕਾਰ ਨੇ ਖ਼ਾਨਾਪੂਰਤੀ ਲਈ ਹੀ ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਨਾਲ ਗੁਪਤ ਬੇਸਿੱਟਾ ਮੀਟਿੰਗਾਂ ਕੀਤੀਆਂ।

ਪਹਿਲੀ ਜੂਨ 1984 ਨੂੰ ਸੀ. ਆਰ. ਪੀ. ਐੱਫ਼. ਤੇ ਬੀ. ਐੱਸ. ਐੱਫ਼. ਨੇ ਦਰਬਾਰ ਸਾਹਿਬ ਸਮੂਹ ਵੱਲ ਗੋਲੀ ਚਲਾਉਣੀ ਆਰੰਭ ਕਰ ਦਿੱਤੀ। ਦੋ ਜੂਨ ਨੂੰ ਜਨਰਲ ਗੌਰੀ ਸ਼ੰਕਰ ਨੂੰ ਸੁਰੱਖਿਆ ਸਲਾਹਕਾਰ ਲਾ ਕੇ ਪੂਰੇ ਪੰਜਾਬ ਵਿੱਚ ਕਰਫ਼ਿਊ ਲਾ ਦਿੱਤਾ ਗਿਆ ਅਤੇ ਫ਼ੌਜ ਨੇ ਨੀਲਾ ਤਾਰਾ ਆਪਰੇਸ਼ਨ ਆਰੰਭ ਕਰ ਦਿੱਤਾ। ਦਰਬਾਰ ਸਾਹਿਬ ਅੰਦਰ ਐਂਟੀ ਟੈਂਕ ਗੋਲੇ ਤੇ ਹੋਰ ਭਾਰੀ ਅਸਲਾ ਪਹੁੰਚ ਗਿਆ। ਅੰਮ੍ਰਿਤਸਰ ਦੇ ਖ਼ੁਫ਼ੀਆ ਵਿਭਾਗ ਦਾ ਅਫ਼ਸਰ ਸਿੱਧੇ ਤੌਰ 'ਤੇ ਹੀ ਕੇਂਦਰ ਸਰਕਾਰ ਦੇ ਸੰਪਰਕ ਵਿੱਚ ਸੀ। ਦਰਬਾਰ ਸਾਹਿਬ ਸਮੂਹ ਵਿੱਚ ਜਨਰਲ ਸੁਬੇਗ ਸਿੰਘ ਨੇ ਮਜ਼ਬੂਤ ਮੋਰਚਾਬੰਦੀ ਕਰ ਰੱਖੀ ਸੀ। 6 ਜੂਨ 1984 ਨੂੰ ਸ਼੍ਰੀ ਅਕਾਲ ਤਖਤ ਸਾਹਿਬ ਨੂੰ ਢਹਿ ਢੇਰੀ ਕਰਨ 'ਤੇ ਸੰਤ ਜਰਨੈਲ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਸ਼ਹੀਦੀ ਨਾਲ ਫ਼ੌਜੀ ਕਾਰਵਾਈ ਬੰਦ ਕਰ ਦਿੱਤੀ। ਸਰਕਾਰੀ ਅੰਕੜਿਆਂ ਅਨੁਸਾਰ 136 ਫ਼ੌਜੀ ਮਰੇ ਅਤੇ 220 ਜ਼ਖ਼ਮੀ ਹੋਏ ਅਤੇ 492 ਨਾਗਰਕ ਤੇ ਖਾੜਕੂ ਮਾਰੇ ਗਏ। ਮੇਜਰ ਜਰਨਲ ਕੁਲਦੀਪ ਸਿੰਘ ਬਰਾੜ (ਜੋ ਉਸ ਸਮੇਂ ਦਰਬਾਰ ਸਾਹਿਬ ਅੰਦਰ ਫ਼ੌਜ ਦੀ ਅਗਵਾਈ ਕਰ ਰਿਹਾ ਸੀ) ਦੀ ਨਵੀਂ ਕਿਤਾਬ ਮੁਤਾਬਕ ਕੁੱਲ 15307 ਲੋਕ ਮਰੇ ਅਤੇ 17000 ਤੋਂ ਵੱਧ ਜ਼ਖ਼ਮੀ ਹੋਏ। ਮਰਨ ਵਾਲਿਆਂ ਵਿੱਚ ਬਹੁਤੇ ਉਹ ਲੋਕ ਸਨ, ਜੋ ਸ਼੍ਰੀ ਦਰਬਾਰ ਸਾਹਿਬ ਵਿਖੇ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ ਮਨਾਉਣ ਲਈ ਆਏ ਸਨ। ਜੋਧਪੁਰ ਜੇਲ੍ਹ ਵਿੱਚ ਲਿਜਾਏ ਗਏ 379 ਵਿਅਕਤੀਆਂ ਵਿੱਚੋਂ ਵੀ ਕਈ ਬੇਗੁਨਾਹ ਸ਼ਰਧਾਲੂ ਹੀ ਸਨ। ਬਹੁਤੇ ਖਾੜਕੂ ਉੱਥੋਂ ਨਿਕਲਣ ਵਿੱਚ ਕਾਮਯਾਬ ਹੋ ਗਏ ਸਨ।

-0-

**ਸਫਾ 6 ਦਾ ਬਾਕੀ** **ਮਹਿਮਾਨ ਸੰਪਾਦਕੀ**

ਦਲ ਕੇਂਦਰੀ ਸਰਕਾਰ ਨਾਲ ਟੱਕਰ ਲੈਂਦੇ ਰਹੇ ਪੰਜਾਬ ਦੇ ਲੋਕ ਹਮੇਸ਼ਾਂ ਇਨ੍ਹਾਂ ਨਾਲ ਰਹੇ। ਜਦੋਂ ਤੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਨੇ ਕੇਂਦਰ ਨਾਲ ਸਮਝੌਤਾ ਕਰ ਲਿਆ ਤੇ ਪੰਜਾਬ ਦੀਆਂ ਮੰਗਾਂ ਵਲੋਂ ਮੂੰਹ ਮੋੜ ਲਿਆ ਤਾਂ ਲੋਕਾਂ ਇਨ੍ਹਾਂ ਨੂੰ ਨਿਕਾਰ ਦਿੱਤਾ। ਕਿਸੇ ਪਾਰਟੀ ਦਾ ਆਪਣੇ ਸੂਬੇ ਪ੍ਰਤੀ ਵਫ਼ਾਦਾਰ ਨਾ ਰਹਿਣਾ, ਸੁਆਰਥ ਭਾਰੂ ਹੋ ਜਾਣਾ, ਇਖ਼ਲਾਕੀ ਗਿਰਵਾਟ ਕਹੀ ਜਾ ਸਕਦੀ ਹੈ।

ਹੁਣ ਤਾਂ ਲੋਕ ਇਹੀ ਸਮਝਣ ਲੱਗ ਪਏ ਹਨ ਕਿ ਸ਼ਾਇਦ, ਭ੍ਰਿਸ਼ਟਾਚਾਰ ਭਾਰਤ ਦੀ ਰਾਜਨੀਤੀ ਦਾ ਹਿੱਸਾ ਬਣ ਚੁੱਕਿਆ ਹੈ। ਪੰਜਾਬ ਵਿਚੋਂ ਭ੍ਰਿਸ਼ਟਾਚਾਰ ਦੀਆਂ ਅਕਸਰ ਖ਼ਬਰਾਂ ਮਿਲਦੀਆਂ ਰਹਿੰਦੀਆਂ ਸਨ ਪਰ ਭ੍ਰਿਸ਼ਟਾਚਾਰ ਦਾ ਵਿਕਾਸ ਬਰਨਾਲਾ ਸਰਕਾਰ ਦੇ ਸਮੇਂ ਵਧਿਆ ਫੁਲਿਆ। ਥੋੜੇ ਚਿਰ ਦਾ ਮੰਤਰੀ, ਐਮ. ਐਲ. ਏ ਅਗਲੀਆਂ ਪੀੜ੍ਹੀਆਂ ਜੋਗੀਆਂ ਰੋਟੀਆਂ ਇਕੱਠੀਆਂ ਕਰ ਜਾਂਦਾ ਹੈ। ਮੇਰੇ ਦੇਖਣ ਵਿਚ ਅਕਾਲੀਆਂ ਦੇ ਉਹ ਨੇਤਾ ਜਿਹੜੇ ਕਰਾਏ ਦੇ ਮੁਥਾਜ ਹੁੰਦੇ ਸਨ ਬੱਸ ਇਕ ਵਾਰ ਸਰਕਾਰ ਦਾ ਹਿੱਸਾ ਬਣਨ ਨਾਲ ਹੀ ਵਪਾਰੀ ਬਣ ਗਏ।

1984 ਤਕ ਪੰਜਬ ਦੀ ਆਰਥਿਕ ਹਾਲਤ ਬਹੁਤੇ ਸੂਬਿਆਂ ਨਾਲੋਂ ਬੇਹਤਰ ਸੀ। ਪੰਜਾਬ ਖੁਸ਼ਹਾਲ ਸੂਬਾ ਗਿਣਿਆ ਜਾਂਦਾ ਸੀ। 1997 ਵਿਚ ਬਾਦਲ ਸਰਕਾਰ ਆਉਣ ਨਾਲ ਭ੍ਰਿਸ਼ਟਾਚਾਰ ਦਾ ਪੂਰਾ ਬੋਲਬਾਲਾ ਹੋ ਗਿਆ। ਪਹਿਲੀ ਦਫ਼ਾ ਅਕਾਲੀ ਦਲ ਨੇ ਟਿਕਟਾਂ ਉਨ੍ਹਾਂ ਨੂੰ ਦਿੱਤੀਆਂ ਜਿੰਨ੍ਹਾਂ ਦਾ ਪਿਛੋਕੜ ਅਕਾਲੀਆਂ ਵਾਲਾ ਨਹੀਂ ਸੀ। ਕਿਰਦਾਰ ਦੀਆਂ ਧੱਜੀਆਂ ਬਾਦਲ ਨੇ ਉਡਾਉਂਦਿਆਂ ਸੁਖਬੀਰ ਬਾਦਲ ਨੂੰ ਉਪ ਮੁੱਖ ਮੰਤਰੀ ਬਣਾ ਧਰਿਆ। ਸੁਖਬੀਰ ਸਿੰਘ ਬਾਦਲ ਨੇ ਅਕਾਲੀ ਦਲ ਦੀ ਵਾਗਡੋਰ ਸੰਭਾਲਦਿਆਂ ਟਕਸਾਲੀ ਅਕਾਲੀਆਂ ਨੂੰ ਨੁਕਰੇ ਲਗਾਉਣਾ ਸ਼ੁਰੂ ਕਰ ਦਿੱਤਾ। ਬਾਹਰਲੀਆਂ ਪਾਰਟੀਆਂ ਦੇ ਚੱਲੇ ਕਾਰਤੂਸਾਂ ਨੂੰ ਆਪਣੀ ਪਾਰਟੀ ਵਿਚ ਸ਼ਾਮਿਲ ਕਰਕੇ ਰਾਜਨੀਤੀ ਦੇ ਕਿਰਦਾਰ ਦਾ ਪੂਰਾ ਜਲੂਸ ਕੱਢ ਦਿੱਤਾ। ਟਕਸਾਲੀ ਅਕਾਲੀਏ ਦੇਖਦੇ ਹੀ ਰਹਿ ਗਏ। ਏਥੇ ਫਿਰ ਕਿਰਦਾਰ ਦੀ ਗੱਲ ਆਉਂਦੀ ਹੈ ਜਦੋਂ ਸੁਖਬੀਰ ਮਨਮਾਨੀਆਂ ਕਰਦਾ ਸੀ ਤਾਂ ਬਾਕੀ ਅਕਾਲੀਏ, ਆਪਣੇ ਪੁੱਤ ਪੋਤਰਿਆਂ ਦੀਆਂ ਟਿਕਟਾਂ ਪੱਕੀਆਂ ਕਰਨ ਲਈ ਸੁਖਬੀਰ ਬਾਦਲ ਦੀ ਹਾਂ ਵਿਚ ਹਾਂ ਮਿਲਾਉਂਦੇ ਰਹੇ। ਜਦੋਂ ਪੂਰੀ ਤਰ੍ਹਾਂ ਬੇੜਾ ਡੁੱਬ ਗਿਆ ਫਿਰ ਕੁਝਕੁ ਅਕਾਲੀਆਂ ਨੇ ਬਗਾਵਤ ਕੀਤੀ ਪਰ ਸਮਾਂ ਬਹੁਤ ਵਹਿ ਚੁੱਕਿਆ ਸੀ। ਇਹ ਬਗਾਵਤ ਵੀ ਸਮੁੱਚੇ ਪੰਜਾਬ ਦੇ ਭਲੇ ਲਈ ਨਹੀਂ ਸੀ ਸਗੋਂ ਆਪਣੇ ਵਪਾਰ ਖੁਰਦੇ ਦੇਖ ਕੇ ਕੀਤੀ ਸੀ।

ਸਮੁੱਚੇ ਪੰਜਾਬ ਦੇ ਨੇਤਾ ਭਾਵੇਂ ਕਿਸੇ ਵੀ ਪਾਰਟੀ ਨਾਲ ਸਬੰਧ ਰੱਖਦੇ ਹੋਣ

# ਸ਼ਹੀਦਾਂ ਦੇ ਸਿਰਤਾਜ-ਗੁਰੂ ਅਰਜਨ ਸਾਹਿਬ ਜੀ

-ਰਜਿੰਦਰ ਕੌਰ # 98774-73171

**ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਲਈ ਇਨ੍ਹਾਂ ਵਿਰੋਧੀਆਂ ਕੋਲ ਇਹ ਸਭ ਕੁਝ ਅੱਗ ਉਤੇ ਘਿਉ ਵਾਲੀ ਗੱਲ ਸੀ, ਗੁਰੂ ਸਾਹਿਬ ਹਾਲਾਤ ਮੁਤਾਬਿਕ ਗੁਰਿਆਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪ ਕੇ ਲਾਹੌਰ ਆਏ। ਸਿੱਖਾਂ ਦੀ ਵੱਧਦੀ ਤਾਕਤ ਦੇਖ ਕੇ ਸਰਕਾਰ ਦਾ ਵਿਰੋਧ ਹੋਰ ਤੇਜ਼ ਹੋ ਗਿਆ। ਗੁਰਮਤਿ ਸਿਧਾਤਾਂ ਦਾ ਮਜਹਬ ਧਰਮ ਨਾਲੋ ਨਿਵੇਕਲਾ ਹੋਣਾ ਵੀ ਇੱਕ ਅਜਿਹਾ ਕਾਰਨ ਸੀ ਜਿਹੜਾ ਕਾਜ਼ੀ, ਮੁੱਲਾਂ, ਬ੍ਰਾਹਮਣ, ਪੰਡਿਤ ਜੋਗੀ ਅਤੇ ਹੋਰ ਧਾਰਮਿਕਤਾ ਦੇ ਠੇਕੇਦਾਰਾਂ ਨੂੰ ਨਾ-ਗਵਾਰ ਗੁਜ਼ਰਿਆ। ਭਾਵੇਂ ਪਹਿਲਾ ਵੀ ਗੁਰੂ ਸਾਹਿਬਾਂ ਵੇਲੇ ਕਈ ਕਾਰਨ ਜਿਉਂ ਦੇ ਤਿਉਂ ਸਨ ਪਰ ਰਾਜਨੀਤਿਕ ਹਾਲਾਤਾਂ ਕਾਰਨ ਗੁਰੂ ਘਰ ਦੀ ਹੁੰਦੀ ਵਿਰੋਧਤਾ ਨੇ ਇਹੋ ਜਿਹਾ ਰੂਪ ਨਹੀਂ ਧਾਰਿਆ ਸੀ ਜਿਹੜਾ ਗੁਰੂ ਅਰਜਨ ਸਾਹਿਬ ਜੀ ਵੇਲੇ ਗੁਰੂ ਅਰਜਨ ਸਾਹਿਬ ਕੇਵਲ ਸਿੱਖਾਂ ਦੇ ਨਹੀਂ ਪੂਰੇ ਦੇਸ਼ ਦੇ ਪਹਿਲੇ ਸ਼ਹੀਦ ਹਨ ਜਿਨ੍ਹਾਂ ਨੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਿੱਤੀ।**

ਸ਼ਹੀਦਾਂ ਦੇ ਸਿਰਤਾਜ ਗੁਰੂ ਅਰਜਨ ਸਾਹਿਬ ਜੀ ਨੂੰ ਕਿਹਾ ਗਿਆ ਹੈ। ਸਿਰਤਾਜ ਦਾ ਸਿੱਖ ਧਰਮ ਵਿੱਚ ਸ਼ਬਦੀ ਅਰਥ ਸਭ ਤੋਂ ਪਹਿਲਾ ਤੇ ਕੀਮਤੀ। ਸਿੱਖੀ ਵਿਚ ਗੁਰੂ ਅਰਜਨ ਸਾਹਿਬ ਜੀ ਤੋਂ ਹੀ ਸ਼ਹੀਦੀ ਦੀ ਪ੍ਰੰਪਰਾ ਸ਼ੁਰੂ ਹੋਈ। ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਸਾਕਾ ਇਤਿਹਾਸ ਦੀ ਇੱਕ ਮਹਾਨ ਤੇ ਲਾਸਾਨੀ ਘਟਨਾ ਹੈ। ਹੱਕ ਸੱਚ ਦੀ ਆਵਾਜ਼ ਬੁਲੰਦ ਕਰਕੇ ਜ਼ੁਲਮ, ਜਬਰ, ਅਨਿਆਂ, ਬੇਇਨਸਾਫ਼ੀ ਵਿਰੁੱਧ ਸੰਘਰਸ਼ ਕਰਨ ਕਰਕੇ ਗੁਰੂ ਅਰਜਨ ਸਾਹਿਬ ਜੀ ਨੂੰ ਤੱਤੀ ਤਵੀ ਤੇ ਬੈਠਣਾ, ਸੀਸ ਵਿੱਚ ਸੜਦੀ ਬਲਦੀ ਰੇਤ ਪਵਾਉਣੀ ਅਤੇ ਉਬਲਦੇ ਪਾਣੀ ਦੀ ਦੇਗ ਵਿੱਚ ਬੈਠਣ ਜਿਹੇ ਭਿਆਨਕ ਤਸੀਹੇ ਸਹਿਣ ਕਰਨੇ ਪਏ। ਪਰ ਅਜਿਹਾ ਸਾਰਾ ਕੁਝ ਬਰਦਾਸ਼ਤ ਕਰਕੇ ਵੀ ਉਹਨਾਂ ਨੇ ਮਨੁੱਖੀ ਹੱਕਾ ਦਾ ਝੰਡਾ ਉੱਚਾ ਕਰੀ ਰੱਖਿਆ ਅਤੇ ਆਪਣੇ ਸਬਰ ਸਿਦਕ ਨਾਲ ਜਬਰ ਜ਼ੁਲਮ ਦਾ ਡੱਟ ਕੇ ਮੁਕਾਬਲਾ ਕੀਤਾ। ਗੁਰੂ ਸਾਹਿਬ ਜੀ ਦੀ ਮਹਾਨ ਵਿਚਾਰਧਾਰਾ ਅਤੇ ਉਹਨਾਂ ਦੁਆਰਾ ਮਨੁੱਖੀ ਹੱਕਾਂ ਲਈ ਘਾਲੀਆਂ ਗਈਆਂ ਨੂੰ ਨਾਪਸੰਦ ਕਰਨ ਵਾਲੀਆਂ ਧਿਰਾਂ ਨੇ ਉਨ੍ਹਾਂ ਨੂੰ ਹਰ ਹੀਲੇ ਰੋਕਣ ਤੇ ਠੱਲਣ ਦਾ ਯਤਨ ਕੀਤਾ ਪਰ ਕੋਈ ਵੀ ਅਜਿਹੀ ਸਾਜਿਸ਼ ਇਸ ਮਹਾਨ ਇਨਕਲਾਬ ਨੂੰ ਖਤਮ ਨਾ ਕਰ ਸਕੀ। ਮਹਾਨ ਯੋਧਾ ਗੁਰਮਤਿ ਇਨਕਲਾਬ ਦੀ ਸੁਚੱਜੀ ਅਗਵਾਈ ਕਰਦਿਆ ਗੁਰੂ ਸਾਹਿਬ ਜੀ ਦੀ 30 ਮਈ 1606 ਨੂੰ ਸ਼ਹਾਦਤ ਹੋਈ। ਸਿੱਖ ਧਰਮ ਦੇ ਪਹਿਲੇ ਮੋਢੀ ਸ਼ਹੀਦ ਹੋਏ। ਇੱਕ ਮਹਾਨ ਵਿਦਵਾਨ ਫਿਲਾਸਫਰ ਸੇਵਾ ਭਾਵਨਾ ਸਹਿਜ ਬ੍ਰਿਤੀ ਵਾਲੇ ਸ਼ਾਤੀ ਦੇ ਪੁੰਜ ਗੁਰੂ ਪੁੱਤਰ ਗੁਰੂ ਪਿਤਾ ਗੁਰੂ ਅਰਜਨ ਸਾਹਿਬ ਜੀ ਹਨ। ਗੁਰੂ ਅਰਜਨ ਸਾਹਿਬ ਜੀ ਦਾ ਪ੍ਰਕਾਸ਼ 2 ਮਈ 1563 ਨੂੰ ਗੋਇੰਦਵਾਲ ਸਾਹਿਬ ਗੁਰੂ ਰਾਮਦਾਸ ਜੀ ਦੇ ਘਰ ਮਾਤਾ ਭਾਨੀ ਜੀ ਦੀ ਕੁਖੋਂ ਹੋਇਆ। ਆਪ ਜੀ ਦੇ ਨਾਨਾ ਜੀ ਗੁਰੂ ਅਮਰਦਾਸ ਜੀ ਜਿਨ੍ਹਾਂ ਕੋਲੋਂ ਆਪ ਜੀ ਨੇ ਗੁਰਮਤਿ ਦੀ ਸਿੱਖਿਆ ਲਈ ਅਤੇ ਗੁਰਸਿੱਖੀ ਵਿੱਚ ਪ੍ਰਪੱਕ ਹੋਏ। ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਬਾਬਾ ਪ੍ਰਿਥੀ ਚੰਦ ਬੇਸ਼ਕ ਸਾਰੀਆਂ ਸੇਵਾਵਾਂ ਸਰੋਵਰ ਦੀ ਉਸਾਰੀ ਸੰਗਤਾਂ ਦੀ ਰਿਹਾਇਸ਼, ਲੰਗਰ ਆਦਿਕ ਬੜੀ ਮਿਹਨਤ ਨਾਲ ਨਿਭਾ ਰਹੇ ਸਨ ਪਰ ਪਰਖਣ ਵਾਲੀ ਅੱਖ ਤੋਂ ਇਹ ਗੱਲ ਲੁੱਕੀ ਨਾ ਰਹਿ ਸਕੀ ਕਿ ਗੁਰੂ ਅਰਜਨ ਸਾਹਿਬ ਅਤੇ ਭਾਈ ਪ੍ਰਿਥੀ ਚੰਦ ਦੇ ਰੱਵਈਏ ਅਤੇ ਦ੍ਰਿਸ਼ਟੀਕੋਣ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਗੁਰੂ ਅਰਜਨ ਸਾਹਿਬ ਜੀ ਦੇ ਅੰਦਰ ਨਿਸ਼ਕਾਮਤਾ ਅਤੇ ਸਰਲਤਾ ਸੀ। ਭਾਈ ਪ੍ਰਿਥੀ ਚੰਦ ਦਾ ਸੁਆਰਥ ਇਹਨਾਂ ਨੂੰ ਸਤਿਗੁਰੂ ਜੀ ਦੇ ਦਿਲ ਤੋਂ ਦੂਰ ਕਰਦਾ ਗਿਆ। ਗੁਰੂ ਅਰਜਨ ਸਾਹਿਬ ਜੀ ਦਾ ਨਿਸ਼ਕਾਮ ਪਿਆਰ ਉਨ੍ਹਾਂ ਨੂੰ ਪਿਤਾ ਗੁਰੂ ਰਾਮਦਾਸ ਅਤੇ ਗੁਰੂ ਸੰਗਤਾਂ ਦੇ ਨੇੜੇ ਲਿਆਉਂਦਾ ਗਿਆ। ਜਿਸ ਉੱਚ ਗੁਰੂ ਸਾਧਾਰਨ ਬੰਦਿਆਂ ਦੇ ਸਾਹਮਣੇ ਮਨੁੱਖਤਾ ਦੇ ਪੂਰਨੇ ਪਾਉਣੇ ਹੋਣ ਉਸ ਨੂੰ ਇਹ ਗੱਲਾਂ ਨਹੀ ਸ਼ੋਭਦੀਆਂ। ਗੁਰੂ ਰਾਮਦਾਸ ਜੀ ਭਾਈ ਪ੍ਰਿਥੀ ਚੰਦ ਨੂੰ ਸਦਾ ਇਸ ਕੋਝੇ ਵਤੀਰੇ ਵੱਲੋਂ ਵਰਜਦੇ ਰਹੇ ਪਰ ਉਹ ਨਾ ਰੁਕਿਆ ਤਾਂ ਗੁਰੂ ਰਾਮਦਾਸ ਪਰਿਵਾਰ ਸਮੇਤ ਗੋਇੰਦਵਾਲ ਸਾਹਿਬ ਚਲੇ ਗਏ। ਗੁਰੂ ਰਾਮਦਾਸ ਸਾਹਿਬ ਜੀ ਨੇ ਗੁਰੂ ਅਰਜਨ ਸਾਹਿਬ ਜੀ ਨੂੰ 31 ਅਗਸਤ 1581 ਈ: ਨੂੰ ਗੁਰਿਆਈ ਬਖਸ਼ ਦਿੱਤੀ, ਨਾਲ ਹੀ ਸਾਰਾ ਖਜ਼ਾਨਾ ਜੋ ਉਹਨਾਂ ਕੋਲ ਪਹਿਲੇ ਗੁਰੂ ਸਾਹਿਬਾਨ ਅਤੇ ਭਗਤਾਂ ਦੀ ਬਾਣੀ ਸੀ ਉਹ ਵੀ ਬਖਸ਼ ਦਿੱਤੀ।

**ਸਿੱਖ ਧਰਮ ਦੀ ਅਸਲ ਨੀਂਹ ਮਹਾਨ ਪੁਰਖਾਂ ਦੁਆਰਾ ਬਖਸ਼ੀ ਹੋਈ ਵਿਚਾਰਧਾਰਾ ਹੈ ਜੋ ਗੁਰਬਾਣੀ ਵਿਚੋਂ ਜ਼ਾਹਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਨਾਲ ਭਗਤ ਸਾਹਿਬਾਨਾਂ ਦੀ ਬਾਣੀ ਇਕੱਤਰ ਕਰਕੇ ਇੱਕ ਮਹਾਨ ਪਰਉਪਕਾਰ ਕੀਤਾ ਸੀ। ਗੁਰੂ ਅਰਜਨ ਸਾਹਿਬ ਜੀ ਨੇ ਗੁਰੂਆਂ ਦੀ ਅਤੇ ਬਾਕੀ ਮਹਾਪੁਰਖਾਂ ਦੀ ਬਾਣੀ ਦਾ ਇੱਕ ਥਾਂਵੇਂ ਸੰਪਾਦਨ ਕਰਕੇ ਇੱਕ ਮਹਾਨ ਤੇ ਲਾਸਾਨੀ ਕਾਰਜ ਕੀਤਾ। ਅਜਿਹਾ ਕਰਨ ਨਾਲ ਸਿੱਖ ਵਿਚਾਰਧਾਰਾ ਪੱਕੇ ਪੈਰੀ ਸਥਾਪਤ ਹੋ ਗਈ, ਸਭ ਲੋਕ ਇਸ ਨੂੰ ਰੱਬੀ ਗਿਆਨ ਸਮਝ ਕੇ ਸਤਿਕਾਰ ਕਰਨ ਲੱਗੇ।**


ਗੁ:ਡੇਰਾ ਸਾਹਿਬ, ਲਾਹੌਰ

ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਅਰਜਨ ਸਾਹਿਬ ਜੀ ਵਾਪਸ ਗੁਰੂ ਕੇ ਚੱਕ ਅੰਮ੍ਰਿਤਸਰ ਆ ਗਏ। ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ। ਸੰਗਤਾਂ ਵੱਲੋਂ ਚੜਾਵੇ ਦੀ ਰਕਮ ਆਪ ਰੱਖ ਲੈਂਦੇ ਤੇ ਖਰਚਾ ਗੁਰੂ ਸਾਹਿਬ 'ਤੇ ਪਾ ਦਿੰਦੇ। ਕਈ ਵਾਰ ਗੁਰੂ ਸਾਹਿਬ ਅਤੇ ਸੰਗਤਾਂ ਨੂੰ ਭੁੱਖੇ ਰਹਿਣਾ ਪਿਆ, ਭੁੱਜੇ ਛੋਲਿਆਂ ਉਤੇ ਗੁਜ਼ਾਰਾ ਕਰਨਾ ਪਿਆ। ਭਾਈ ਗੁਰਦਾਸ ਜੀ ਜੋ ਆਗਰੇ ਪ੍ਰਚਾਰ ਲਈ ਗਏ ਹੋਏ ਸਨ ਵਾਪਸ ਆਏ ਹਾਲਾਤ ਦੇਖੇ, ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪ੍ਰਚਾਰ ਦਾ ਹੜ ਵਗਾ ਦਿਤਾ, ਪ੍ਰਿਥੀ ਚੰਦ ਦੀਆਂ ਕਰਤੂਤਾਂ ਦਾ ਪਾਜ ਉਘਾੜਿਆ, ਸੰਗਤਾਂ ਵਿੱਚ ਸੱਚ ਦਾ ਪ੍ਰਚਾਰ ਹੋਣ ਤੇ ਕਿਸੇ ਨੇ ਪ੍ਰਿਥੀ ਚੰਦ ਨੂੰ ਮੂੰਹ ਨਾ ਲਾਇਆ। ਅੰਮ੍ਰਿਤਸਰ ਸੇਵਾ ਦੁਬਾਰਾ ਆਰੰਭ ਕਰਵਾਈ, ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਨੀਂਹ ਆਪਣੇ ਪਿਆਰੇ ਮੁਰੀਦ ਸਾਈਂ ਮੀਆਂ ਮੀਰ ਪਾਸੋਂ 1588 ਵਿੱਚ ਰਖਵਾਈ। ਅੰਮ੍ਰਿਤਸਰ ਸਰੋਵਰ ਦੇ ਨਾਮ ਤੇ ਸ਼ਹਿਰ ਦਾ ਨਾਮ ਵੀ ਅੰਮ੍ਰਿਤਸਰ ਪ੍ਰਸਿੱਧ ਹੋ ਗਿਆ। ਗੁਰਮਤਿ ਦੇ ਪ੍ਰਚਾਰ ਤੇ ਪ੍ਰਸਾਰ ਲਈ ਆਪ ਜੀ ਨੇ ਦਸਵੰਧ ਦੀ ਪ੍ਰੰਪਰਾ ਨੂੰ ਵਿਸਥਾਰ ਦਿੱਤਾ ਅਤੇ ਆਦੇਸ਼ ਦਿੱਤਾ ਕਿ ਹਰ ਗੁਰਸਿੱਖ ਆਪਣੀ ਕਿਰਤ ਦੀ ਕਮਾਈ ਵਿੱਚੋਂ ਧਰਮ ਕਾਰਜਾਂ ਲਈ ਦਸਵਾਂ ਹਿੱਸਾ ਗੁਰੂ ਦਰਬਾਰ ਭੇਜੇ। ਸਫ਼ਲ ਪ੍ਰਬੰਧਕ ਦੀ ਤਰ੍ਹਾਂ ਕਈ ਸ਼ਹਿਰ ਵਸਾਏ, ਲੋਕਾਂ ਨੂੰ ਰੁਜ਼ਗਾਰ ਮਿਲਿਆ। ਤਰਨਤਾਰਨ ਵਿਖੇ ਇੱਕ ਦਵਾਖਾਨਾ ਵੀ ਖੁਲਵਾਇਆ ਜਿੱਥੇ ਮੁਫ਼ਤ ਇਲਾਜ ਹੁੰਦਾ ਸੀ, ਅਪੰਗਾਂ ਤੇ ਕੋੜ੍ਹੀਆਂ ਲਈ ਵੱਖਰਾ ਪ੍ਰਬੰਧ ਕੀਤਾ ਗਿਆ। ਦੁਆਬੇ ਵਿੱਚ ਅਨੇਕਾਂ ਸਖੀ ਸਰਵਰੀਏ ਸਿੱਖ ਬਣ ਗਏ। ਪਾਣੀ ਦੀ ਥੁੜ ਨੂੰ ਮੁੱਖ ਰਖਦੇ ਹੋਏ ਖੂਹ ਖੁਦਵਾਏ। 1597 ਵਿੱਚ ਲਾਹੌਰ ਵਿੱਚ ਕਾਲ ਪੈ ਗਿਆ। ਕਾਲ ਕਾਰਨ ਕਈ ਬੀਮਾਰੀਆਂ ਫੈਲ ਗਈਆ। ਗੁਰੂ ਜੀ ਸੱਚੇ ਸੇਵਕ ਦੀ ਤਰ੍ਹਾਂ ਲੋਕ ਸੇਵਾ ਵਿੱਚ ਜੁੱਟ ਗਏ। ਸਾਰਾ ਦਸਵੰਧ ਦੁੱਖੀਆਂ ਦੇ ਇਲਾਜ ਲਈ ਖਰਚ ਕੀਤਾ, ਹੱਥੀਂ ਸੇਵਾ ਕੀਤੀ। ਅਕਬਰ ਬਾਦਸ਼ਾਹ ਆਗਰੇ ਤੋਂ ਲਾਹੌਰ ਆਇਆ, ਗੁਰੂ ਸਾਹਿਬ ਜੀ ਦੀ ਸੇਵਾ ਤੋਂ ਪ੍ਰਸੰਨ ਹੋਇਆ। ਗੁਰੂ ਜੀ ਦੇ ਕਹਿਣ ਤੇ ਬਾਦਸ਼ਾਹ ਨੇ ਗਰੀਬ ਕਿਸਾਨਾਂ ਦਾ ਟੈਕਸ ਮਾਫ਼ ਕਰ ਦਿੱਤਾ। ਲਾਹੌਰ ਵਿੱਚ 8 ਮਹੀਨੇ ਰਹਿ ਕੇ ਲੋਕਾਂ ਦੀ ਸੇਵਾ ਕੀਤੀ। 1601 ਵਿੱਚ ਫਿਰ ਅੰਮ੍ਰਿਤਸਰ ਆ ਗਏ ਤੇ ਰੋਜ਼ਾਨਾ ਸਤਿਸੰਗ ਦੀ ਮਰਿਯਾਦਾ ਕਾਇਮ ਕੀਤੀ ਅਤੇ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਦਾ ਕਾਰਜ ਆਰੰਭਿਆ। ਇਸ ਸਾਰੇ ਕੰਮ ਦੀ ਜਿੰਮੇਵਾਰੀ ਭਾਈ ਗੁਰਦਾਸ ਜੀ ਨੂੰ ਸੌਂਪੀ। ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ 1 ਸਤੰਬਰ 1604 ਵਿੱਚ ਦਰਬਾਰ ਸਾਹਿਬ ਕੀਤਾ ਗਿਆ। ਬਾਬਾ ਬੁੱਢਾ ਜੀ ਪਹਿਲੇ ਗ੍ਰੰਥੀ ਬਣੇ। ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਜਾਤ ਅਭਿਮਾਨੀਆਂ ਤੇ ਸ਼ਰਈ ਮੁਸਲਮਾਨਾਂ ਤੇ ਭਰਵੀ ਸੱਟ ਮਾਰੀ। ਲੱਖਾਂ ਦੀ ਗਿਣਤੀ ਵਿੱਚ ਸ਼ੂਦਰ ਤੇ ਵੈਸ਼ ਅਖਵਾਣ ਵਾਲੇ, ਸਿੱਖ ਸਜੇ। ਬਹੁਤ ਸਾਰੇ ਮੁਸਲਮਾਨ ਸਿੱਖ ਸਜ ਗਏ। ਕੱਟੜਪੰਥੀ ਇਸਲਾਮੀ ਆਗੂ ਸਿੱਖ ਵਿਚਾਰਧਾਰਾ ਦਾ ਵਿਰੋਧ ਕਰਨ ਲਗੇ। ਸ਼ੇਖ ਅਹਿਮਦ ਸਰਹੰਦੀ ਤੇ ਸ਼ੇਖ ਫਰੀਦ ਬੁਖਾਰੀ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਦਾ ਸਾਥ ਦੇ ਕੇ ਉਸ ਨੂੰ ਅਕਬਰ ਤੋਂ ਬਾਅਦ ਗੱਦੀ ਤੇ ਬਿਠਾਇਆ ਅਤੇ ਉਸ ਦੇ ਕੰਨ ਭਰੇ ਕਿ ਸਿੱਖੀ ਦੀ ਇਸ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ ਇਸ ਕੰਮ ਵਿੱਚ ਪ੍ਰਿਥੀ ਚੰਦ, ਚੰਦੂ ਆਦਿ ਗੁਰੂ ਘਰ ਦੇ ਵਿਰੋਧੀਆਂ ਨੇ ਵੱਧ ਚੜ ਕੇ ਹਿੱਸਾ ਲਿਆ। ਹਰ ਅਖੌਤੀ ਭਗਤ, ਕਾਹਨਾ, ਪੀਲੂ, ਛੱਜੂ, ਸ਼ਾਹ ਹੁਸੈਨ ਗੁਰੂ ਜੀ ਕੋਲ ਆਪਣੀ ਕਵਿਤਾ ਗੁਰਬਾਣੀ ਨਾਲ ਦਰਜ ਕਰਵਾਉਣਾ ਚਾਹੁੰਦੇ ਸਨ ਪਰ ਗੁਰੂ ਜੀ ਨੇ ਕੱਚਘਰੜ ਕਵਿਤਾ ਨੂੰ ਗੁਰਬਾਣੀ ਨਾਲ ਦਰਜ ਕਰਨ ਤੇ ਨਾਂਹ ਕਰ ਦਿੱਤੀ ਜਿਸ ਕਰਕੇ ਇਨ੍ਹਾਂ ਨੇ ਗੁਰੂ ਸਾਹਿਬ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਪੀਲੂ ਦਾ ਰਾਬਤਾ ਚੰਦੂ ਨਾਲ ਹੋਣ ਕਰਕੇ ਵਿਰੋਧਤਾ ਨੂੰ ਕਾਫੀ ਬਲ ਮਿਲਿਆ ਜਿਵੇ ਕਿਸੇ ਲਹਿਰ ਨੂੰ ਖਤਮ ਕਰਨ ਲਈ ਅਜਿਹੇ ਮੋਹਰੇ ਲੱਭੇ ਜਾਂਦੇ ਹਨ। ਬਾਬਾ ਪ੍ਰਿਥੀ ਚੰਦ ਇੱਕ ਅਹਿਮ ਮੋਹਰਾ ਸੀ।

**ਗੁਰੂ ਰਾਮਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਗੁਰੂ ਅਰਜਨ ਸਾਹਿਬ ਜੀ ਵਾਪਸ ਗੁਰੂ ਕੇ ਚੱਕ ਅੰਮ੍ਰਿਤਸਰ ਆ ਗਏ। ਪ੍ਰਿਥੀ ਚੰਦ ਨੇ ਬਹੁਤ ਵਿਰੋਧਤਾ ਕੀਤੀ। ਸੰਗਤਾਂ ਵੱਲੋਂ ਚੜ੍ਹਾਵੇ ਦੀ ਰਕਮ ਆਪ ਰੱਖ ਲੈਂਦੇ ਤੇ ਖਰਚਾ ਗੁਰੂ ਸਾਹਿਬ 'ਤੇ ਪਾ ਦਿੰਦੇ। ਕਈ ਵਾਰ ਗੁਰੂ ਸਾਹਿਬ ਅਤੇ ਸੰਗਤਾਂ ਨੂੰ ਭੁੱਖੇ ਰਹਿਣਾ ਪਿਆ, ਭੁੱਜੇ ਛੋਲਿਆਂ ਉਤੇ ਗੁਜ਼ਾਰਾ ਕਰਨਾ ਪਿਆ। ਭਾਈ ਗੁਰਦਾਸ ਜੀ ਜੋ ਆਗਰੇ ਪ੍ਰਚਾਰ ਲਈ ਗਏ ਹੋਏ ਸਨ ਵਾਪਸ ਆਏ ਹਾਲਾਤ ਦੇਖੇ, ਬਾਬਾ ਬੁੱਢਾ ਜੀ ਨੂੰ ਨਾਲ ਲੈ ਕੇ ਪ੍ਰਚਾਰ ਦਾ ਹੜ ਵਗਾ ਦਿਤਾ, ਪ੍ਰਿਥੀ ਚੰਦ ਦੀਆਂ ਕਰਤੂਤਾਂ ਦਾ ਪਾਜ ਉਘਾੜਿਆ, ਸੰਗਤਾਂ ਵਿੱਚ ਸੱਚ ਦਾ ਪ੍ਰਚਾਰ ਹੋਣ ਤੇ ਕਿਸੇ ਨੇ ਪ੍ਰਿਥੀ ਚੰਦ ਨੂੰ ਮੂੰਹ ਨਾ ਲਾਇਆ। ਅੰਮ੍ਰਿਤਸਰ ਸੇਵਾ ਦੁਬਾਰਾ ਆਰੰਭ ਕਰਵਾਈ, ਸਰੋਵਰ ਦੇ ਵਿਚਕਾਰ ਦਰਬਾਰ ਸਾਹਿਬ ਦੀ ਨੀਂਹ ਆਪਣੇ ਪਿਆਰੇ ਮੁਰੀਦ ਸਾਈਂ ਮੀਆਂ ਮੀਰ ਪਾਸੋਂ 1588 ਵਿੱਚ ਰਖਵਾਈ।**

ਸਿੱਖ ਧਰਮ ਦੀ ਅਸਲ ਨੀਂਹ ਮਹਾਨ ਪੁਰਖਾਂ ਦੁਆਰਾ ਬਖ਼ਸ਼ੀ ਹੋਈ ਵਿਚਾਰਧਾਰਾ ਹੈ ਜੋ ਗੁਰਬਾਣੀ ਵਿਚੋਂ ਜ਼ਾਹਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਨਾਲ ਭਗਤ ਸਾਹਿਬਾਨਾਂ ਦੀ ਬਾਣੀ ਇਕੱਤਰ ਕਰਕੇ ਇੱਕ ਮਹਾਨ ਪਰਉਪਕਾਰ ਕੀਤਾ ਸੀ। ਗੁਰੂ ਅਰਜਨ ਸਾਹਿਬ ਜੀ ਨੇ ਗੁਰੂਆਂ ਦੀ ਅਤੇ ਬਾਕੀ ਮਹਾਪੁਰਖਾਂ ਦੀ ਬਾਣੀ ਦਾ ਇੱਕ ਥਾਂਵੇਂ ਸੰਪਾਦਨ ਕਰਕੇ ਇੱਕ ਮਹਾਨ ਤੇ ਲਾਸਾਨੀ ਕਾਰਜ ਕੀਤਾ। ਅਜਿਹਾ ਕਰਨ ਨਾਲ ਸਿੱਖ ਵਿਚਾਰਧਾਰਾ ਪੱਕੇ ਪੈਰੀ ਸਥਾਪਤ ਹੋ ਗਈ, ਸਭ ਲੋਕ ਇਸ ਨੂੰ ਰੱਬੀ ਗਿਆਨ ਸਮਝ ਕੇ ਸਤਿਕਾਰ ਕਰਨ ਲੱਗੇ। ਗੁਰਬਾਣੀ ਰੂੜੀਵਾਦੀ ਵਿਚਾਰਧਾਰਾਵਾਂ ਦਾ ਖੰਡਨ ਕਰਦੀ ਹੈ ਰੂੜੀਵਾਦੀਆਂ ਲਈ ਇਹ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਅਸਹਿ ਸੀ। ਗੁਰੂ ਅਮਰਦਾਸ ਜੀ ਦੇ ਸਮੇਂ ਗੁਰਬਾਣੀ ਵਿਰੁੱਧ ਅਕਬਰ ਕੋਲ ਸ਼ਿਕਾਇਤਾਂ ਇਸ ਵਿਰੋਧ ਦਾ ਆਧਾਰ ਬਣੀਆ। ਬਾਦਸ਼ਾਹ ਜਹਾਂਗੀਰ ਜੋ ਕਿ ਇੱਕ ਤੁਅਸਬੀ ਇਨਸਾਨ ਸੀ ਕੱਟੜਪੰਥੀ, ਤੁਅਸਬੀ ਅਤੇ ਫਿਰਕੂ ਤਾਕਤਾਂ ਦੇ ਪੂਰੀ ਤਰ੍ਹਾਂ ਅਧੀਨ ਸੀ।ਅਜਿਹੀ ਸਥਿਤੀ ਵਿੱਚ ਸ਼ੇਖ ਅਹਿਮਦ ਸਰਹੰਦੀ ਜਿਸ ਦਾ ਕਈ ਕਾਰਨਾਂ ਕਰਕੇ ਜਹਾਂਗੀਰ ਤੇ ਕਾਫ਼ੀ ਅਸਰ ਸੀ ਕਿ ਗੁਰੂ ਘਰ ਦੇ ਖਿਲਾਫ਼ ਮੁਹਿੰਮ ਪੂਰੀ ਤਰ੍ਹਾਂ ਜਾਰੀ ਰੱਖੀ। ਸ਼ੇਖ ਫਰੀਦ ਬੁਖਾਰੀ ਨੇ ਵੀ ਕਾਫ਼ੀ ਮਦਦ ਕੀਤੀ। ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਲਈ ਇਨ੍ਹਾਂ ਵਿਰੋਧੀਆਂ ਕੋਲ ਇਹ ਸਭ ਕੁਝ ਅੱਗ ਉਤੇ ਘਿਉ ਵਾਲੀ ਗੱਲ ਸੀ, ਗੁਰੂ ਸਾਹਿਬ ਹਾਲਾਤ ਮੁਤਾਬਿਕ ਗੁਰਿਆਈ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਸੌਂਪ ਕੇ ਲਾਹੌਰ ਆਏ। ਸਿੱਖਾਂ ਦੀ ਵੱਧਦੀ ਤਾਕਤ ਦੇਖ ਕੇ ਸਰਕਾਰ ਦਾ ਵਿਰੋਧ ਹੋਰ ਤੇਜ਼ ਹੋ ਗਿਆ। ਗੁਰਮਤਿ ਸਿਧਾਤਾਂ ਦਾ ਮਜਹਬ ਧਰਮ ਨਾਲੋ ਨਿਵੇਕਲਾ ਹੋਣਾ ਵੀ ਇੱਕ ਅਜਿਹਾ ਕਾਰਨ ਸੀ ਜਿਹੜਾ ਕਾਜ਼ੀ, ਮੁੱਲਾਂ, ਬ੍ਰਾਹਮਣ, ਪੰਡਿਤ ਜੋਗੀ ਅਤੇ ਹੋਰ ਧਾਰਮਿਕਤਾ ਦੇ ਠੇਕੇਦਾਰਾਂ ਨੂੰ ਨਾ-ਗਵਾਰ ਗੁਜ਼ਰਿਆ। ਭਾਵੇਂ ਪਹਿਲਾ ਵੀ ਗੁਰੂ ਸਾਹਿਬਾਂ ਵੇਲੇ ਕਈ ਕਾਰਨ ਜਿਉਂ ਦੇ ਤਿਉਂ ਸਨ ਪਰ ਰਾਜਨੀਤਿਕ ਹਾਲਾਤਾਂ ਕਾਰਨ ਗੁਰੂ ਘਰ ਦੀ ਹੁੰਦੀ ਵਿਰੋਧਤਾ ਨੇ ਇਹੋ ਜਿਹਾ ਰੂਪ ਨਹੀਂ ਧਾਰਿਆ ਸੀ ਜਿਹੜਾ ਗੁਰੂ ਅਰਜਨ ਸਾਹਿਬ ਜੀ ਵੇਲੇ ਸੀ। ਗੁਰੂ ਅਰਜਨ ਸਾਹਿਬ ਸਿੱਖਾਂ ਦੇ ਪਹਿਲੇ ਸ਼ਹੀਦ ਹਨ, ਜਿਨ੍ਹਾਂ ਨੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਿੱਤੀ। ਸ਼ਹੀਦਾਂ ਦੀ ਪਿਰਤ ਪਾਈ, ਪਹਿਲੇ ਆਪ ਸ਼ਹੀਦ, ਫਿਰ ਪੋਤਰੇ ਗੁਰੂ ਤੇਗ ਬਹਾਦਰ ਸ਼ਹੀਦ ਹੋਏ ਤੇ ਗੁਰੂ ਤੇਗ ਬਹਾਦਰ ਜੀ ਦੇ ਪੋਤਰੇ ਚਾਰੇ ਸਾਹਿਬਜਾਦੇ ਸ਼ਹੀਦ ਹੋਏ, ਮਨੁੱਖਤਾ ਹੱਕਾਂ ਲਈ ਲਾਸਾਨੀ ਕੁਰਬਾਨੀਆਂ ਸਦਾ ਦੁਨੀਆਂ ਤੇ ਸੇਧ ਦਿੰਦੀਆਂ ਰਹਿਣਗੀਆਂ। ਗੁਰੂ ਅਰਜਨ ਸਾਹਿਬ ਅਨੇਕਾਂ ਤਸੀਹੇ ਝਲਦੇ ਹੋਏ ਅਕਾਲ ਪੁਰਖ ਦੇ ਭਾਣੇ ਵਿੱਚ ਅਡੋਲ ਰਹੇ। ਇਸ ਤਰ੍ਹਾਂ ਸਿੱਖ ਧਰਮ ਨੂੰ ਸਿਖਰ ਤੇ ਪਹੁੰਚਾ ਕੇ 16 ਜੂਨ 1606 ਨੂੰ ਸ਼ਹੀਦ ਹੋ ਗਏ। -0-

# ਸਿੱਖ ਰਾਜ ਦਾ ਦਰਵੇਸ਼ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ





**-ਕੈਪਟਨ ਅਵਤਾਰ ਸਿੰਘ ਪਰਿੰਗੜੀ**
**ਸੰਪਾਦਕ**
**ਗੁਰਮਤਿ ਵਿਰਸਾ**
**97819-90206**


ਬੰਦਾ ਸਿੰਘ ਬਹਾਦਰ ਦਾ ਹਰ ਸਾਲ ਸ਼ਹੀਦੀ ਦਿਵਸ ਮਨਾ ਰਹੀ ਕੌਮ ਨੂੰ ਚਾਹੀਦਾ ਹੈ ਕਿ ਬੰਦਾ ਸਿੰਘ ਬਹਾਦਰ ਜੀ ਦੇ ਜੀਵਨ ਨੂੰ ਚੰਗੀ ਤਰ੍ਹਾਂ ਘੋਖਿਆ ਜਾਵੇ। ਉਹਨਾਂ ਦੇ ਜੀਵਨ ਬਾਰੇ ਬਹੁਤ ਸਾਰੀਆਂ ਮਨਘੜ੍ਹਤ ਕਹਾਣੀਆਂ ਸੁਣਨ ਨੂੰ ਮਿਲਦੀਆਂ ਸਨ। ਕਵੀਸ਼ਰ ਢਾਡੀ ਵੀਰਾਂ ਨੇ ਸਟੇਜਾਂ ਤੇ ਬੰਦਾ ਸਿੰਘ ਬਹਾਦਰ ਦੇ ਸੋਹਲੇ ਵੀ ਗਾਏ ਅਤੇ ਨਾਲ ਨਾਲ ਫੱਟੀ ਵੀ ਪੋਚ ਦਿੱਤੀ। ਅਖੇ ਬੰਦਾ ਸਿੰਘ ਨੂੰ ਵਿਆਹ ਨਾ ਕਰਾਉਣ ਬਾਰੇ ਗੁਰੂ ਜੀ ਨੇ ਹੁਕਮ ਕੀਤਾ ਜੋ ਬੰਦਾ ਸਿੰਘ ਨੇ ਹੁਕਮ ਤੋੜ ਦਿੱਤਾ ਅਤੇ ਆਪਣੀ ਮਰਜੀ ਕਰਨ ਲੱਗਾ। ਇਹਨਾਂ ਸਾਰੀਆਂ ਕਚ ਘਰੜ ਕਹਾਣੀਆਂ ਤੋਂ ਪੜਦਾ ਤਦੇ ਉੱਠ ਸਕਦਾ ਹੈ ਜੇ ਅਸੀਂ ਪੜ੍ਹਨ ਦੀ ਆਦਤ ਪਾਈਏ। ਬਾਬਾ ਬੰਦਾ ਸਿੰਘ ਬਹਾਦਰ ਦਾ ਜਨਮ ਜੰਮੂ ਰਿਆਸਤ ਦੇ ਪੁਣਛ ਖੇਤਰ ਦੇ ਇੱਕ ਪਿੰਡ ਵਿੱਚ 16 ਅਕਤੂਬਰ, 1670 ਈ: 'ਚ ਰਾਮਦੇਵ ਰਾਜਪੂਤ ਦੇ ਘਰ ਹੋਇਆ। ਲਛਮਣ ਦੇਵ ਇਹਨਾਂ ਦਾ ਬਚਪਨ ਦਾ ਨਾਂ ਸੀ, ਬਚਪਨ 'ਚ ਸ਼ਿਕਾਰ ਖੇਡਣ ਦੀ ਲਗਨ ਲਛਮਣ ਦੇਵ ਨੂੰ ਵੀ ਲੱਗ ਗਈ ਕਿਉਂਕਿ ਜੰਗਲੀ ਤੇ ਪਹਾੜੀ ਇਲਾਕੇ 'ਚ ਸ਼ਿਕਾਰੀ ਸੁਭਾਅ ਹੋਣਾ ਜ਼ਰੂਰੀ ਹੈ, ਨਹੀਂ ਤਾਂ ਤੁਸੀਂ ਆਪ ਸ਼ਿਕਾਰ ਹੋ ਜਾਉਗੇ। ਜਵਾਨੀ ਦੀ ਦਹਿਲੀਜ਼ 'ਤੇ ਪੈਰ ਧਰਦਿਆਂ ਹੀ ਘਰ-ਬਾਰ ਤਿਆਗ ਪਹਾੜੀ ਚੋਟੀਆਂ ਤੇ ਢਲਾਣਾਂ ਨੂੰ ਹਮੇਸ਼ਾਂ ਲਈ ਅਲਵਿਦਾ ਕਹਿ ਦਿੱਤਾ। ਜੀਵਨ'ਤੇ ਫਤਿਹ ਕਰਨ ਦੇ ਢੰਗ ਤਰੀਕੇ ਭਾਲਦਾ ਜਮਾਂਦਰੂ ਜਾਂਬਾਜ਼ ਬਿਰਤੀ ਸੁਭਾਅ ਨੇ ਪਹਿਲੀ ਫਤਿਹ ਪ੍ਰਾਪਤ ਕੀਤੀ। ਮੈਦਾਨੀ ਇਲਾਕੇ ਪੰਜਾਬ, ਯੂ.ਪੀ. ਆਦਿ ਦਾ 7 ਸਾਲ ਭ੍ਰਮਣ ਕੀਤਾ।

ਭਾਰਤ ਵਿੱਚ ਘੁੰਮਦਾ-ਭੌਂਦਾ/ਭਟਕਦਾ ਮਨਵਾੜ ਹੁੰਦਾ ਹੋਇਆ ਨਾਂਦੇੜ'ਚ ਲਛਮਣ ਦੇਵ ਗੋਦਾਵਰੀ ਦੇ ਰਮਣੀਕ ਕੰਢੇ'ਤੇ ਡੇਰਾ ਬਣਾ ਬੈਠ ਗਿਆ। ਭੁੱਲੇ-ਭਟਕੇ ਲਾਚਾਰ, ਲੋੜਵੰਦ ਲੋਕ ਆਉਂਦੇ, ਲਛਮਣ ਦੇਵ ਦੇ ਚਰਨ ਸਪਰਸ਼ ਕਰਦੇ, ਅਸ਼ੀਰਵਾਦਾਂ ਪ੍ਰਾਪਤ ਕਰ ਆਤਮਿਕ ਸੰਤੁਸ਼ਟੀ ਪ੍ਰਾਪਤ ਕਰਦੇ। ਉਸ ਵੇਲੇ ਤੱਕ ਲਛਮਣ ਦੇਵ-ਮਾਧੋਦਾਸ ਬੈਰਾਗੀ ਦੇ ਨਾਂ ਨਾਲ ਪ੍ਰਸਿੱਧ ਹੋ ਚੁੱਕਾ ਸੀ। ਡੇਰਾ ਚੱਲ ਪਿਆ, ਚੇਲੇ ਥਾਪ ਲਏ, ਆਏ-ਗਏ ਮਹਾਂਪੁਰਸ਼ਾਂ ਨੂੰ ਕਰਾਮਾਤੀ ਪਲੰਘ'ਤੇ ਬਿਠਾਉਣਾ ਤੇ ਉਲਟਾ ਦੇਣਾ, ਇਹ ਮਾਧੋਦਾਸ ਦਾ ਸ਼ੌਂਕ ਸੀ। ਮਾਧੋਦਾਸ ਤੋਂ ਬਾਬਾ ਬੰਦਾ ਸਿੰਘ ਬਹਾਦਰ ਬਣਨ ਦਾ ਸਫਰ ਬੜਾ ਕਲਾਤਮਕ ਹੈ। ਮਾਧੋਦਾਸ ਬੈਰਾਗੀ 18 ਸਾਲ ਗੋਦਾਵਰੀ ਦੇ ਕਿਨਾਰੇ ਨਾਂਦੇੜ ਰਿਹਾ। ਇਸ ਸਮੇਂ ਦੌਰਾਨ ਉਸ ਨੂੰ ਆਪਣੇ ਤਪ-ਤੇਜ, ਬੁੱਧੀ ਤੇ ਸ਼ਕਤੀ'ਤੇ ਬਹੁਤ ਫ਼ਖ਼ਰ ਸੀ। ਸਧਾਰਨ ਲੋਕਾਂ ਦੀ ਮਨੋਆਸਥਾ'ਤੇ ਉਹ ਫਤਿਹ ਕਰ ਚੁੱਕਾ ਸੀ। ਮਾਧੋਦਾਸ ਦੇ ਸ਼ਕਤੀਸ਼ਾਲੀ ਹੋਣ ਬਾਰੇ ਮਹੰਤ ਜੈਤ ਰਾਮ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਦੱਸ ਦਿੱਤਾ ਸੀ।

ਦੱਖਣ ਯਾਤਰਾ ਸਮੇਂ 1708 ਈ: ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਾਂਦੇੜ ਪਹੁੰਚੇ। ਗੁਰਦੇਵ ਪਿਤਾ ਸਿੰਘਾਂ ਦੇ ਦਲ ਸਮੇਤ ਗੋਦਾਵਰੀ ਦੇ ਕਿਨਾਰੇ ਮਾਧੋਦਾਸ ਦੇ ਡੇਰੇ ਪਹੁੰਚੇ ਤੇ ਪਲੰਘ'ਤੇ ਬਿਰਾਜਮਾਨ ਹੋ ਗਏ, ਉਸ ਸਮੇਂ ਮਾਧੋਦਾਸ ਡੇਰੇ ਵਿੱਚ ਨਹੀਂ ਸੀ। ਜਦ ਮਾਧੋਦਾਸ ਡੇਰੇ ਪਹੁੰਚਿਆ ਤਾਂ ਗੁਰੂ ਜੀ ਨੂੰ ਪਲੰਘ'ਤੇ ਬੈਠਾ ਦੇਖ ਕੇ ਬਹੁਤ ਕ੍ਰੋਧਵਾਨ ਹੋਇਆ ਕਿ ਕੌਣ ਹੈ, ਜੋ ਮੇਰੇ ਪਲੰਘ'ਤੇ ਬਿਰਾਜਮਾਨ ਹੈ? ਗੁੱਸੇ'ਚ ਆਮ ਵਾਂਗ ਪਲੰਘ ਉਲਟਾਉਣ ਦਾ ਯਤਨ ਕੀਤਾ ਪਰ ਸਭ ਅਸਫਲ। ਕਈ ਰਿਧੀਆਂ-ਸਿਧੀਆਂ, ਕਰਾਮਾਤਾਂ ਕਰਨ ਦਾ ਯਤਨ ਕੀਤਾ ਪਰ ਅਖੀਰ ਚਰਨੀਂ ਢਹਿ ਪਿਆ। ਮਨ ਜਿੱਤਣ ਦੀ ਗੁੜ੍ਹਤੀ ਤੇ ਮੌਤ'ਤੇ ਵੀ ਫਤਿਹ ਪ੍ਰਾਪਤ ਕਰਨ ਵਾਸਤੇ ਜੋਦੜੀ ਕਰਨ ਲੱਗਾ। ਨੈਣ ਨੀਵੇਂ ਕਰ ਕੇ ਕਹਿਣ ਲੱਗਾ, ਸੁਆਮੀ ਬਖਸ਼ ਲਵੋ, ਮੈਂ ਤੁਹਾਡਾ ਬੰਦਾ ਹਾਂ। ਜੀਵਨ ਲਕਸ਼ ਗੁਰਮਤਿ ਅਨੁਸਾਰ ਜੀਵਨ ਮੁਕਤੀ ਹੈ। ਜੀਵਨ-ਮੁਕਤੀ ਦਾ ਭਾਵ ਨਿਰਭਉ-ਨਿਰਵੈਰ ਨਾਲ ਇਤਨਾ ਜੁੜ ਜਾਣਾ ਹੈ ਕੇ ਖੁਦ ਵੀ ਨਿਰਭਉ-ਨਿਰਵੈਰ ਹੋ ਜਾਣਾ। ਮਨੁੱਖੀ ਜੀਵਨ 'ਚ ਸਭ ਤੋਂ ਵੱਡਾ ਡਰ ਮੌਤ ਦਾ ਹੁੰਦਾ ਹੈ। ਇਸ ਤਰ੍ਹਾਂ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਥਕ ਪਰਿਵਾਰ ਦਾ ਮੈਂਬਰ ਬਣ, ਫਤਿਹ ਦੀ ਬਾਦਸ਼ਾਹਤ ਪ੍ਰਾਪਤ ਕਰਨ ਲਈ ਗੁੜ੍ਹਤੀ ਪ੍ਰਾਪਤ ਕੀਤੀ। ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਅਧਿਆਤਮਕ ਤੌਰ ਤੇ ਨਾ ਟੁੱਟਣ ਵਾਲੀ ਕਮਾਨ ਤੇ ਫੋਲਾਦੀ ਤੀਰ ਬਖ਼ਸ਼ਿਸ਼ ਕੀਤੇ ਤੇ ਹੁਕਮ ਕੀਤਾ ਕਿ ਪਹਿਲਾਂ ਨਿਰਦੋਸ਼ ਜਾਨਵਰਾਂ ਦਾ ਸ਼ਿਕਾਰ ਕਰਦਾ ਸੈਂ, ਹੁਣ ਤੂੰ ਜਬਰ-ਜ਼ੁਲਮ ਤੇ ਅੱਤਿਆਚਾਰ ਦੀ ਹਨ੍ਹੇਰੀ ਨੂੰ ਠੱਲਣ ਵਾਸਤੇ ਅੱਤਿਆਚਾਰੀ ਹਾਕਮਾਂ-ਜ਼ਾਲਮਾਂ ਦਾ ਸ਼ਿਕਾਰ ਕਰ ਅਤੇ ਜਬਰ ਜ਼ੁਲਮ ਦੀ ਖ਼ੂਨੀ ਹਨ੍ਹੇਰੀ ਰੋਕਣ ਵਾਸਤੇ ਮੌਤ ਦੇ ਭੈਅ ਤੋਂ ਸੁਤੰਤਰ ਹੋ ਫਤਿਹ ਦਾ ਬਾਦਸ਼ਾਹ ਬਣ।



ਜਦ ਵੀ ਤੈਨੂੰ ਜ਼ਰੂਰਤ ਪਵੇ, ਗੁਰੂ ਗ੍ਰੰਥ-ਗੁਰੂ ਪੰਥ ਅੱਗੇ ਅਰਦਾਸ ਕਰੀਂ ਤੈਨੂੰ ਫਤਿਹ ਪ੍ਰਾਪਤ ਹੋਵੇਗੀ, ਗੁਰੂ ਪੰਥ ਤੇਰੀ ਸਹਾਇਤਾ ਕਰੇਗਾ। ਬਾਬਾ ਬੰਦਾ ਸਿੰਘ ਬਹਾਦਰ ਗੁਰੂ ਜੀ ਦੇ ਹੁਕਮ ਦਾ ਆਖਰੀ ਸਾਹਾਂ ਤੱਕ ਪਾਬੰਦ ਰਿਹਾ।

ਬੰਦਾ-ਬੰਦੇ-ਬੰਦਗੀ ਸ਼ਬਦ 'ਚ ਇੱਕ ਰੂਹਾਨੀ ਸਾਂਝ ਹੈ। ਬੰਦਾ ਹੀ ਬੰਦਗੀ ਅਖਤਿਆਰ ਕਰ ਸਕਦਾ ਹੈ ਅਤੇ ਬੰਦਾ ਤਦ ਹੀ ਬੰਦਾ ਹੈ ਜੇ ਉਹ ਬੰਦਗੀ ਅਖਤਿਆਰ ਕਰਦਾ ਹੈ। ਗੁਰਬਾਣੀ ਦੇ ਕਥਨ ਹਨ:

**ਬੰਦੇ ਬੰਦਗੀ ਇਕਤੀਆਰ (ਪੰਨਾ-੩੩੮)**
**ਕਰਿ ਬੰਦੇ ਤੂ ਬੰਦਗੀ**
**ਜਿਚਰੁ ਘਟ ਮਹਿ ਸਾਹੁ ॥ (ਪੰਨਾ-੭੨੪)**

ਗੁਰੂ ਜੀ ਦੇ ਮਿਲਾਪ ਨਾਲ ਬਾਬਾ ਬੰਦਾ ਸਿੰਘ ਬਹਾਦਰ ਨੂੰ ਜੀਵਨ ਆਦਰਸ਼ ਦੀ ਸਮਝ ਲੱਗੀ ਤਾਂ ਉਹ ਬੋਲ ਉੱਠਿਆ, ਹੇ ਗੁਰੂਦੇਵ! ਮੈਂ ਤੇਰਾ ਦਾਸ, ਗੁਲਾਮ, ਬੰਦਾ ਹਾਂ, ਹੇ ਮਾਲਕ ਸੁਆਮੀ! ਤੇਰੀ ਕੀਰਤੀ ਹੀ ਹੁਣ ਮੇਰੇ ਮਨ ਨੂੰ ਭਾਉਂਦੀ ਹੈ:

**ਹਮ ਮਸਕੀਨ ਖੁਦਾਈ ਬੰਦੇ**
**ਤੁਮ ਰਾਜਸੁ ਮਨਿ ਭਾਵੈ ॥ (ਪੰਨਾ-੪੮੦)**

ਗੁਰੂ ਜੀ ਨੇ ਬਾਬਾ ਬੰਦਾ ਸਿੰਘ ਬਹਾਦਰ ਨੂੰ ਸਮਝਾਇਆ ਕਿ **ਬੰਦੇ ਚਸਮ ਦੀਦੰ ਫਨਾਇ,** ਜੋ ਕੁਝ ਦਿਖਾਈ ਦਿੰਦਾ ਹੈ, ਸਭ ਨਾਸ਼ਵਾਨ ਹੈ। ਆਪਣੇ ਮਨ ਨੂੰ ਇਕਾਗਰ ਕਰ ਤੇ ਦੁਬਿਧਾ ਨੂੰ ਛੱਡ ਅਤੇ ਪਰੇਸ਼ਾਨੀਆਂ ਤੋਂ ਬਚ:

**ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥ (੭੨੭)**

ਬੰਦੇ ਦੀ ਭਟਕਣਾ-ਗੁਰੂ ਮਿਲਾਪ ਤੋਂ ਬਾਅਦ ਖਤਮ ਹੋ ਗਈ। ਬਸ, ਫਿਰ ਕੀ ਸੀ, ਇਸ ਸੰਸਾਰ ਦੀ ਕੋਈ ਵੀ ਸ਼ਕਤੀ ਉਸ ਨੂੰ ਡਰਾ, ਧਮਕਾ, ਭਟਕਾ ਨਹੀਂ ਸਕੀ। ਫਿਰ ਭਾਵੇਂ ਉਸ ਦੇ ਸਾਹਮਣੇ

ਉਸ ਦੇ ੪ ਸਾਲ ਦੇ ਬੱਚੇ ਦੇ ਟੁਕੜੇ ਕੀਤੇ ਜਾਂਦੇ ਹਨ, ਦਿਲ ਕੱਢ ਕੇ ਮੂੰਹ'ਚ ਪਾਇਆ, ਪਰ ਬੰਦਾ ਤਾਂ ਸਭ ਕੁਝ **ਤਨ-ਮਨ** ਗੁਰੂ ਨੂੰ ਸੌਂਪ ਚੁੱਕਾ ਸੀ ਉਸ ਦੀ ਤਾਂ ਇੱਕ ਹੀ ਅਰਦਾਸ ਸੀ:

**ਅਬ ਕੀ ਬਾਰ ਬਖਸਿ ਬੰਦੇ ਕਉ**
**ਬਹੁਰਿ ਨ ਭਉਜਲਿ ਫੇਰਾ॥ (੧੧੦੩)**

ਪੰਥ ਪ੍ਰਕਾਸ਼ ਵਿੱਚ ਇੱਕ ਲਾਈਨ ਅੰਕਿਤ ਹੈ: **ਬੰਦਾ ਲਾਗਯੋ ਤੁਰਕਨ ਬੰਦਾ**-ਇਸ ਵਿੱਚ ਦੂਸਰਾ **ਬੰਦਾ** ਸ਼ਬਦ ਦਾ ਅਰਥ ਹੈ-ਅਮਰ ਵੇਲ, ਜੋ ਦਰੱਖਤਾਂ ਦੀ ਖੁਰਾਕ'ਤੇ ਪਲਦੀ ਹੈ। ਇਥੇ ਅਰਥ ਹਨ-ਬੰਦਾ ਸਿੰਘ ਬਹਾਦਰ ਨੇ ਜਬਰ-ਜ਼ੁਲਮ ਦੇ ਦਰੱਖਤ ਨੂੰ ਇਉਂ ਨਿਚੋੜ ਦਿੱਤਾ ਜਿਵੇਂ ਅਮਰ ਵੇਲ ਦਰੱਖਤ ਦਾ ਰਸ ਸੁਕਾ ਦਿੰਦੀ ਹੈ।

ਗੁਰਮਤਿ ਵਿਚਾਰਧਾਰਾ ਦਾ ਧਾਰਨੀ ਸੂਰਮਾ ਰਣ ਤੱਤੇ ਨੂੰ ਛੱਡ ਕੇ ਸਾਥੀਆਂ ਨੂੰ ਦਗ਼ਾ ਨਹੀਂ ਦਿੰਦਾ। ਬਾਬਾ ਬੰਦਾ ਸਿੰਘ ਬਹਾਦਰ ਬਚਨ ਦਾ ਬਲੀ ਸੂਰਮਾ ਸੀ। ਗੁਰੂ ਨਾਲ ਕੀਤੇ ਆਇਦ ਮੁਤਾਬਕ ਉਹ ਰਣ ਤੱਤੇ ਵਿੱਚ ਸਮੇਂ-ਸਮੇਂ ਜੂਝਦਾ ਹੈ ਤੇ ਮੌਤ ਦੇ ਭਿਆਨਕ ਰੂਪ ਨੂੰ ਸਾਹਮਣੇ ਤੱਕ ਕੇ ਘਬਰਾਉਂਦਾ ਨਹੀਂ ਸਗੋਂ ਮੌਤ 'ਤੇ ਵੀ ਫ਼ਤਿਹ ਪ੍ਰਾਪਤ ਕਰਦਾ ਹੈ।

ਅਤਿ ਬਿਖੜੇ ਸਮੇ ਸਿੱਖ ਬਾਦਸ਼ਾਹਤ ਕਾਇਮ ਕਰਨਾ ਉਸ ਦੀ ਵਿਸ਼ੇਸ਼ ਪ੍ਰਾਪਤੀ ਸੀ। ਗੁਰੂ ਗੋਬਿੰਦ ਸਿੰਘ ਦੇ ਥਾਪੜੇ ਨਾਲ ਉਸ ਨੇ ਮੁੱਠੀ ਭਰ ਸਿਰਲੱਥ ਯੋਧਿਆਂ ਦੀ ਸਹਾਇਤਾ ਨਾਲ ਪੰਜਾਬ 'ਚੋਂ ਜਬਰ-ਜ਼ੁਲਮ ਦੀਆਂ ਜੜ੍ਹਾਂ ਉਖਾੜ ਸੁੱਟੀਆਂ। ਸਰਹਿੰਦ ਨੂੰ ਫ਼ਤਿਹ ਕਰਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਖਾਲਸਈ ਪਰਚਮ ਝੁਲਾ ਕੇ **ਫ਼ਤਿਹ ਦਿਵਸ** ਮਨਾਇਆ। ਬਾਬਾ ਬੰਦਾ ਸਿੰਘ ਬਹਾਦਰ ਦੇ ਫ਼ੌਜੀ ਦਸਤੇ 'ਚ ਸਿੱਖ, ਮੁਸਲਮਾਨ, ਹਿੰਦੂ ਤੇ ਉਦਾਸੀ ਸ਼ਾਮਲ ਸਨ। ਉਸ ਨੇ ਸੋਨੀਪਤ, ਸਮਾਣਾ, ਘੁੜਾਮ, ਸ਼ਾਹਬਾਦ, ਕਪੂਰੀ ਤੇ ਸਢੌਰ 'ਤੇ ਸ਼ਾਨਦਾਰ ਜਿੱਤਾਂ ਪ੍ਰਾਪਤ ਕੀਤੀਆਂ। 12 ਮਈ 1710 ਈ: ਨੂੰ ਚੱਪੜਚਿੜੀ ਦੇ ਮੈਦਾਨ 'ਚ ਖ਼ੂਨੀ ਜੰਗ ਹੋਈ, ਜਿਸ ਵਿੱਚ ਸਰਹਿੰਦ ਦਾ ਸੂਬੇਦਾਰ ਵਜ਼ੀਰ ਖ਼ਾਨ ਮਾਰਿਆ ਗਿਆ । 14 ਮਈ 1710 ਨੂੰ ਪੰਥਕ ਫ਼ੌਜਾਂ ਨੇ ਸਰਹਿੰਦ 'ਤੇ ਕੇਸਰੀ ਪਰਚਮ ਝੁਲਾ ਦਿੱਤੇ। ਸਰਹਿੰਦ ਦੀ ਥਾਂ ਬਾਬਾ ਜੀ ਨੇ ਮੁਖਲਿਸਗੜ੍ਹ ਨੂੰ ਰਾਜਧਾਨੀ ਬਣਾਇਆ ਤੇ ਇਸ ਦਾ ਨਾਂ ਲੋਹਗੜ੍ਹ ਰੱਖਿਆ। ਉਸ ਨੇ ਬਾਦਸ਼ਾਹਤ ਪ੍ਰਾਪਤ ਕਰਕੇ ਵੀ ਆਪਣੇ ਨਾਂ ਦਾ ਸਿੱਕਾ ਜਾਰੀ ਨਹੀਂ ਕੀਤਾ। ਬਾਦਸ਼ਾਹਤ ਦੀਆਂ ਪਰਸਪਰ ਨਿਸ਼ਾਨੀਆਂ ਸਿੱਕਾ, ਮੋਹਰ ਤੇ ਕੈਲੰਡਰ ਗੁਰੂ ਨਾਨਕ ਦੇ ਨਾਂ ਦਾ ਜਾਰੀ ਕਰਕੇ ਉਸ ਨੇ ਸੁਆਰਥ, ਹਉਮੈ-ਹੰਕਾਰ, ਖ਼ੁਦਗਰਜ਼ੀ 'ਤੇ ਫ਼ਤਿਹ ਪ੍ਰਾਪਤ ਕੀਤੀ। ਗੁਰੂ ਨਾਨਕ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਦਾ ਸਿੱਕਾ ਜਾਰੀ ਕੀਤਾ, ਜਿਸ ਤੇ ਇਹ ਸਬਦ ਉੱਕਰੇ ਗਏ:

**ਸਿੱਕਾ ਜ਼ਦ ਬਰ ਹਰ ਦੋ ਆਲਮ**
**ਤੇਗਿ ਨਾਨਕ ਵਾਹਿਬ ਅਸਤ ।**
**ਫਤਹਿ ਗੋਬਿੰਦ ਸਿੰਘ ਸ਼ਾਹਿ-ਸ਼ਾਹਾਨ**
**ਫ਼ਜ਼ਲਿ ਸੱਚਾ ਸਾਹਿਬ ਅਸਤ।**

ਉਸ ਦੀ ਮੋਹਰ ਵੀ ਪੰਥਕ ਸਰੂਪ ਦੀ ਫ਼ਤਿਹ ਨੂੰ ਪ੍ਰਗਟ ਕਰਦੀ ਸੀ :

**ਦੇਗੋ ਤੇਗੋ ਫਤਹਿ**
**ਓ ਨੁਸਰਤ ਬੇਦਰੰਗ।**
**ਯਾਫ਼ਤ ਅਜ਼ ਨਾਨਕ ਗੁਰੂ ਗੋਬਿੰਦ ਸਿੰਘ।**

ਇਹ ਸਭ ਤੋਂ ਵੱਡਾ ਸਬੂਤ ਹੈ ਕਿ ਬਾਬਾ ਬੰਦਾ ਸਿੰਘ ਜੀ ਨੇ ਗੁਰੂ ਤੋਂ ਕਦੀ ਵੀ ਮੁਖ ਨਹੀਂ ਮੋੜਿਆ। ਅਸਲ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਇਸ ਪ੍ਰਾਪਤੀ ਨੂੰ ਸਿਰਫ਼ ਗੁਰੂ ਦੀ ਬਖ਼ਸ਼ਿਸ਼ ਮੰਨਦਾ ਸੀ। ਉਸ ਦਾ ਕਹਿਣਾ ਸੀ ਕਿ ਉਹ ਤਾਂ ਗੁਰੂ ਦਾ ਸੇਵਾਦਾਰ ਹੈ। ਉਹ ਮੰਨਦਾ ਸੀ ਕਿ ਇਹ ਬਖਸ਼ਿਸ਼ ਗੁਰੂ ਨਾਨਕ ਦੀ ਹੈ, ਫਤਿਹ ਗੁਰੂ ਗੋਬਿੰਦ ਸਿੰਘ ਮਹਾਰਾਜ ਦੀ ਹੈ। ਯਮਨਾ ਤੋਂ ਲੈ ਕੇ ਦਰਿਆ ਰਾਵੀ ਦੇ ਵਿਸ਼ਾਲ ਇਲਾਕੇ 'ਚ ਬੰਦਾ ਸਿੰਘ ਬਹਾਦਰ ਨੇ ਤਕਰੀਬਨ ਛੇ ਸਾਲ ਰਾਜ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਸਿੱਖਾਂ ਨੂੰ ਅਹਿਸਾਸ ਕਰਵਾ ਦਿੱਤਾ ਕਿ ਖ਼ਾਲਸਾ ਪਰਿਵਾਰ ਦੇ ਮੈਂਬਰ ਸੁਤੰਤਰ ਸੋਚ, ਹੋਂਦ, ਹਸਤੀ ਤੇ ਵਿਚਾਰ ਲੈ ਕੇ ਪੈਦਾ ਹੋਏ ਹਨ।

ਪੰਜਾਬ ਦੇ ਕਿਸਾਨਾਂ ਨੂੰ ਜਗੀਰਦਾਰੀ ਪ੍ਰਬੰਧ ਤੋਂ ਮੁਕਤ ਕਰਵਾਇਆ ਤੇ ਸਾਬਤ ਕਰ ਦਿੱਤਾ ਕਿ ਖੇਤ ਦਾ ਮਾਲਕ ਉਹੀ ਹੈ ਜੋ ਖੇਤੀ ਕਰ ਰਿਹਾ ਹੈ। ਅਸਲ ਵਿੱਚ ਬਾਬਾ ਬੰਦਾ ਸਿੰਘ ਬਹਾਦਰ ਨੇ ਪੰਜਾਬ 'ਚ ਧਾਰਮਿਕ, ਸਮਾਜਿਕ, ਆਰਥਿਕ, ਰਾਜਸੀ ਸੁਤੰਤਰਤਾ ਦੇ ਝੰਡੇ ਗੱਡੇ। ਦੱਬੇ-ਕੁਚਲੇ ਲੋਕਾਂ ਨੂੰ ਸੁਤੰਤਰਤਾ ਦਾ ਅਹਿਸਾਸ ਹੋਇਆ। ਲੋਕਾਂ ਦੇ ਦਿਲਾਂ 'ਤੇ ਰਾਜ ਸਥਾਪਿਤ ਕਰ ਲੋਕ ਮਾਨਸਿਕਤਾ 'ਤੇ ਫ਼ਤਿਹ ਪ੍ਰਾਪਤ ਕੀਤੀ। ਵਿਸ਼ਾਲ ਮੁਗ਼ਲ ਰਾਜ ਢਹਿ-ਢੇਰੀ ਹੋਣ 'ਤੇ ਸੂਫ਼ੀ ਫਕੀਰ ਬੁੱਲੇ ਸ਼ਾਹ ਦੇ ਬੋਲ ਗੂੰਜ ਉੱਠੇ :

**ਭੂਰਿਆ ਵਾਲੇ ਰਾਜੇ ਕੀਤੇ,**
**ਮੁਗਲਾਂ ਜ਼ਹਿਰ ਪਿਆਲੇ ਪੀਤੇ।**

ਡਾ. ਹਰੀ ਰਾਮ ਗੁਪਤਾ ਮੁਤਾਬਕ ਬਾਬਾ ਬੰਦਾ ਸਿੰਘ ਬਹਾਦਰ ਨੇ ਜਾਤ-ਪਾਤ, ਧਰਮ, ਨਸਲ ਦੇ ਬੰਧਨਾਂ ਨੂੰ ਤੋੜਿਆ, ਅਖੌਤੀ ਨੀਚ ਜਾਤਾਂ ਨੂੰ ਉੱਚ ਅਹੁਦੇ ਦਿੱਤੇ। ਸਮਾਜਿਕ ਬਰਾਬਰੀ ਲਈ ਵਿਸ਼ੇਸ਼ ਪ੍ਰਬੰਧ ਕੀਤੇ। ਬਾਬਾ ਬੰਦਾ ਸਿੰਘ ਦੇ ਰਾਜ ਪ੍ਰਬੰਧ 'ਚ ਸਭ ਦਾ ਮਾਣ ਸਤਿਕਾਰ ਕੀਤਾ ਜਾਂਦਾ ਸੀ। 'ਸਭੇ ਸਾਝੀਵਾਲ ਸਦਾਇਨਿ' ਦਾ ਉਪਦੇਸ਼ ਅਮਲ 'ਚ ਪ੍ਰਗਟ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਨੇ ਹਿੰਦੂਆਂ ਜਾਂ ਮੁਸਲਮਾਨਾਂ 'ਤੇ ਕਿਸੇ ਕਿਸਮ ਦੀਆਂ ਪਾਬੰਦੀਆਂ ਨਹੀਂ ਲਾਈਆਂ, ਮੁਸਲਮਾਨ ਸਿਪਾਹੀਆਂ ਨੂੰ ਸਮੇਂ ਸਿਰ ਨਮਾਜ਼ ਅਦਾ ਕਰਨ ਦੀ ਇਜਾਜ਼ਤ ਸੀ। ਤਕਰੀਬਨ 15,000 ਮੁਸਲਮਾਨ ਉਸ ਦੀ ਫ਼ੌਜਾ 'ਚ ਸ਼ਾਮਲ ਸਨ।

ਗੁਰਦਾਸ ਨੰਗਲ ਦੇ ਪਿੰਡ ਵਿਚ ਦੁਨੀਚੰਦ ਦੀ ਹਵੇਲੀ ਸੀ। ਉੱਥੋਂ ਬਾਬਾ ਬੰਦਾ ਸਿੰਘ ਬਹਾਦਰ ਨੂੰ 7 ਦਸੰਬਰ 1715 ਈ: ਨੂੰ ਅੱਠ ਮਹੀਨੇ ਘੇਰੇ ਪਿੱਛੋਂ ਸੱਤ ਸੌ ਸਿਪਾਹੀਆਂ ਸਮੇਤ ਗ੍ਰਿਫ਼ਤਾਰ ਕੀਤਾ ਗਿਆ। ਅੱਠ ਮਹੀਨੇ ਸਿੰਘਾਂ ਨੇ ਬਹੁਤ ਕਸ਼ਟਾਂ ਨਾਲ ਕੱਟੇ ਸਨ। ਬਾਬਾ ਬੰਦਾ ਸਿੰਘ ਬਹਾਦਰ ਜ਼ੰਜੀਰਾਂ ਜਕੜ ਪਿੰਜਰੇ 'ਚ ਬੰਦ ਕਰਕੇ ਹਾਥੀ 'ਤੇ ਬਿਠਾ ਦਿੱਤਾ ਗਿਆ। ਉਤੇ ਅਫਸਰ ਰੈਂਕ ਦੇ ਪਹਿਰੇਦਾਰ ਲਗਾਏ ਗਏ ਸਨ।

ਇਤਿਹਾਸਕਾਰ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਇੱਕ ਵੀ ਸਿੱਖ ਦੇ ਚਿਹਰੇ ਉਤੇ ਇਤਨੇ ਔਖੇ ਸਮੇਂ ਵੀ ਉਦਾਸੀ ਨਹੀਂ ਸੀ। ਰੋਜ਼ਾਨਾ ਸੌ-ਸੌ ਸਿੱਖ ਨੂੰ ਸ਼ਰੇਆਮ ਆਮ ਲੋਕਾਂ ਸਾਹਮਣੇ ਕਤਲ ਕੀਤਾ ਜਾਂਦਾ। ਬਾਬਾ ਜੀ ਦੇ ਸਾਰੇ ਸਾਥੀ ਵੀ ਜੀਵਨ 'ਤੇ ਫ਼ਤਿਹ ਪ੍ਰਾਪਤ ਕਰ ਚੁੱਕੇ ਸਨ। 9 ਜੂਨ 1716 ਈ: ਨੂੰ ਬਾਬਾ ਬੰਦਾ ਸਿੰਘ ਬਹਾਦਰ ਨੂੰ ਸ਼ਹੀਦ ਕਰਨ ਦਾ ਦਿਨ ਨਿਸ਼ਚਿਤ ਕੀਤਾ ਗਿਆ। ਬਾਬਾ ਜੀ ਵੀ ਅੱਗੇ ਮੌਤ ਜਾਂ ਇਸਲਾਮ 'ਚੋਂ ਇੱਕ ਨੂੰ ਪ੍ਰਵਾਨ ਕਰਨ ਦੀ ਸ਼ਰਤ ਰੱਖੀ ਗਈ। ਉਨ੍ਹਾਂ ਨੇ ਮੌਤ ਨੂੰ ਪ੍ਰਵਾਨ ਕੀਤਾ। ਬਾਬਾ ਬੰਦਾ ਸਿੰਘ ਬਹਾਦਰ ਦੇ ਸਨਮੁਖ ਉਨ੍ਹਾਂ ਦੇ ਚਾਰ ਸਾਲ ਦੇ ਬੱਚੇ ਅਜੈ ਸਿੰਘ ਨੂੰ ਸ਼ਹੀਦ ਕੀਤਾ ਗਿਆ ਤਾਂ ਜੋ ਬਾਬਾ ਜੀ ਡੋਲ ਜਾਣ ਪਰ ਬਾਬਾ ਬੰਦਾ ਸਿੰਘ ਬਹਾਦਰ ਅਟੱਲ ਤੇ ਸ਼ਾਂਤ ਰਹੇ। ਉਨ੍ਹਾਂ ਦੇ ਸਰੀਰ ਦੇ ਮਾਸ ਨੂੰ ਜਮੂਰਾਂ ਨਾਲ ਨੋਚਿਆ ਗਿਆ। ਅਖੀਰ ਅਕਹਿ ਤੇ ਅਸਹਿ ਤਸੀਹੇ ਦੇ ਕੇ ਉਨ੍ਹਾਂ ਨੂੰ ਸ਼ਹੀਦ ਕਰ ਦਿੱਤਾ ਗਿਆ। ਮੁਗ਼ਲਾਂ ਵਾਸਤੇ ਉਹ ਰੱਤ ਦਾ ਤਿਹਾਇਆ ਜਾਬਾਜ਼ ਸੀ। ਹਿੰਦੂਆਂ ਦਾ ਸ਼੍ਰੋਮਣੀ ਨਾਇਕ ਅਤੇ ਸਿੱਖਾਂ ਦਾ ਪਹਿਲਾ ਬਾਦਸ਼ਾਹ ਸੀ। ਉਸ ਪਾਸ ਬਹਾਦਰੀ, ਰੂਹਾਨੀਅਤ ਤੇ ਅਦੁੱਤੀ ਯੁੱਧ-ਨੀਤੀ ਸੀ। ਪੰਥ ਪ੍ਰਕਾਸ਼ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਦਿਨ ਰਾਤ ਪੰਥ ਲਈ ਜੂਝਦਾ ਸੀ, ਉਹ ਕਦੇ ਪੂਰੀ ਤਰ੍ਹਾਂ ਸੌਂ ਵੀ ਨਹੀਂ ਸਕਿਆ ਤੇ ਸਿੱਖ ਪੰਥ ਦੀ ਉਸਾਰੀ ਲਈ ਕਦੇ ਹੰਭਿਆ ਨਹੀਂ। ਸਾਹਮਣੇ ਹੁੰਦੀ ਤਬਾਹੀ ਤੋਂ ਉਸ ਨੂੰ ਕਦੇ ਮੱਥੇ ਵੱਟ ਨਹੀਂ ਪਿਆ। ਗੁਰਬਾਣੀ ਦੇ ਕਥਨ ਅਨੁਸਾਰ ਬਾਬਾ ਬੰਦਾ ਸਿੰਘ ਬਹਾਦਰ ਨੇ ਮਨ 'ਤੇ ਜਿੱਤ ਪ੍ਰਾਪਤ ਕਰਕੇ ਸਦੀਵੀ ਫ਼ਤਹਿ ਪ੍ਰਾਪਤ ਕਰ ਲਈ:

**ਫਾਹੇ ਕਾਟੇ ਮਿਟੇ ਗਵਨ**
**ਫਤਿਹ ਭਈ ਮਨਿ ਜੀਤ ॥**
**ਨਾਨਕ ਗੁਰ ਤੇ ਥਿਤ ਪਾਈ**
**ਫਿਰਨ ਮਿਟੇ ਨਿਤ ਨੀਤ ॥**(ਪੰਨਾ-੨੫੮)

-o-

# ਪੰਜਾਬ ਵੀਰਾਂਗਣਾਂ ਦੀ ਸਰਜ਼ਮੀ ਪਰ ਅਜੇ ਵੀ ਪੰਜਾਬੀ (ਸਿੱਖ) ਦੇਸ਼ ਧ੍ਰੋਹੀ?

-ਕੁਲਵੰਤ ਕੌਰ (ਡਾ.)
98156-20515

ਜੰਗੀ ਫ਼ੌਜੀ ਵਿਧਵਾਵਾਂ ਬਾਰੇ ਹਾਲ ਹੀ ਵਿਚ, ਰਾਜ ਸਭਾ ਵਿਚ, ਰੱਖਿਆ ਮੰਤਰਾਲੇ ਵਲੋਂ ਦਿੱਤੇ ਵੇਰਵਿਆਂ 'ਤੇ ਨਜ਼ਰਸਾਨੀ ਕਰ ਰਹੀ ਸਾਂ ਕਿ ਦੇਸ਼ ਦੀ ਸਭ ਤੋਂ ਵੱਡੀ ਸਿਆਸੀ ਪਾਰਟੀ ਦੇ ਰਾਸ਼ਟਰੀ ਬੁਲਾਰੇ ਵਲੋਂ, ਕੁਝ ਹੀ ਦਿਨ ਪਹਿਲਾਂ ਪੁਣਛ ਵਿਚ ਸ਼ਹੀਦ ਹੋਏ ਪੰਜ ਨੌਜਵਾਨਾਂ ਵਿੱਚੋਂ ਕੇਵਲ ਇਕ (ਜੋ ਗ਼ੈਰ-ਸਿੱਖ ਸੀ) ਨੂੰ ਸ਼ਰਧਾਂਜਲੀ ਦਿੰਦਿਆਂ ਟਵੀਟ ਕੀਤਾ ਗਿਆ। ਕਹਿਰ ਸਾਈਂ ਦਾ, ਐਨੀ ਦਰਦਨਾਕ ਮੌਤ ਨਾਲ ਸ਼ਹੀਦ ਹੋਏ ਪੰਜਾਬੀ (ਸਿੱਖ) ਬੱਚਿਆਂ ਬਾਰੇ ਜਾਣ ਕੇ, ਪੜ੍ਹ ਕੇ ਅਤੇ ਮਹਿਸੂਸ ਕਰਕੇ ਦੁਨੀਆ ਦੀ ਹਰ ਅੱਖ ਗਿੱਲੀ ਹੋਈ ਹੋਵੇਗੀ ਪਰ ਲਾਹਨਤ ਹੈ ਅਜਿਹੀ ਨਖਿੱਧ, ਘਟੀਆ, ਸੌੜੀ, ਫ਼ਿਰਕੂ ਅਤੇ ਵੰਡ-ਪਾਊ ਸੋਚ ਦੇ ਮਾਲਕ ਬੁਲਾਰੇ ਨੂੰ ਜਿਸ ਨੂੰ ਸ਼ਹੀਦੀ ਉਪਰੰਤ ਵੀ ਪੰਜ ਫ਼ੌਜੀ ਸੈਨਿਕਾਂ ਵਿਚ ਬਰਾਬਰੀ ਨਹੀਂ ਦਿਸੀ, ਇੱਥੇ ਵੀ ਸਾਨੂੰ ਬੇਗਾਨਗੀ ਤੇ ਇਕੱਲ ਦਾ ਅਹਿਸਾਸ ਕਰਾਉਂਦਿਆਂ ਦੂਜੇ ਦਰਜ਼ੇ ਦੇ ਸ਼ਹਿਰੀ ਦੇਸ਼ ਧ੍ਰੋਹੀ ਸਿੱਧ ਕਰਨ ਦੀ ਕੋਈ ਕਸਰ ਬਾਕੀ ਨਹੀਂ ਛੱਡੀ ਗਈ। ਕੀ ਵੋਟਾਂ ਬਟੋਰਨ, ਕੁਰਸੀਆਂ ਹਥਿਆਉਣ ਅਤੇ ਰਾਜ ਪਾਟ ਕਾਇਮ ਰੱਖਣ ਲਈ ਅਜਿਹੀ ਭੈੜੀ, ਖ਼ਤਰਨਾਕ, ਮਾੜੀ, ਨੁਕਸਾਨਦੇਹ, ਹੋਛੀ ਇਕਪਾਸੜ ਤੇ ਨੀਚ ਬਿਰਤੀ ਕਿਸੇ ਦੇਸ਼ ਦੀ ਸਰਬਾਂਗੀ ਤਰੱਕੀ ਲਈ ਕਾਰਆਮਦ ਹੋ ਸਕਦੀ ਹੈ? ਅਸੀਂ ਲੁਟ ਗਏ, ਕੁਰਬਾਨ ਹੋ ਗਏ, ਫਾਂਸੀਆਂ ਚੁੰਮੀਆਂ, ਕਾਲੇ ਪਾਣੀ 'ਚ ਰੁਲੇ, ਜਹਾਜਾਂ 'ਚ ਭੁੰਨੇ ਗਏ, ਪ੍ਰਦੇਸੀ ਹੋਏ, ਜਲਾਵਤਨੀਆਂ ਕੱਟੀਆਂ, ਵਿਦੇਸ਼ਾਂ 'ਚ ਖੁਆਰ ਹੋਏ ਅਤੇ ਆਜ਼ਾਦ ਹਿੰਦ ਫ਼ੌਜ ਦੀਆਂ ਜਰਨੈਲੀਆਂ ਵੀ ਕੀਤੀਆਂ ਪਰ ਅਸੀਂ ਫਿਰ ਵੀ ਦੇਸ਼ ਦੇ ਗੱਦਾਰ ਐਲਾਨੇ ਜਾ ਰਹੇ ਹਾਂ? ਦੇਸ਼ ਧ੍ਰੋਹੀ ਦੇ ਲਕਬ ਨਾਲ 'ਨਿਵਾਜੇ' ਜਾਂਦੇ ਹਾਂ? 'ਖਾਲਿਸਤਾਨੀ' ਕਹੇ ਜਾਂਦੇ ਹਾਂ!- ਅਤਿਵਾਦੀ, ਆਤੰਕਵਾਦੀ ਤੇ ਵੱਖਵਾਦੀ ਵੀ। ਕੀ ਪੰਜ ਫ਼ੌਜੀ ਸ਼ਹੀਦਾਂ 'ਚੋਂ ਇਕ ਉੜੀਸਾ ਵਾਲੇ ਬਹਾਦਰ ਸਪੁੱਤਰ ਨੂੰ ਸ਼ਰਧਾਂਜਲੀ ਦਿੰਦੇ ਸਮੇਂ ਇਸ ਰਾਸ਼ਟਰੀ ਬੁਲਾਰੇ ਨੇ ਪੰਜਾਬ ਤੇ ਖ਼ਾਸ ਕਰਕੇ ਸਿੱਖਾਂ ਦੀ ਬਹਾਦਰੀ, ਜਾਂਬਾਜ਼ੀ, ਕੁਰਬਾਨੀ ਤੇ ਜੁਝਾਰੂ ਇਤਿਹਾਸ ਦਾ ਰੱਜ ਰੱਜ ਕੇ ਅਪਮਾਨ ਨਹੀਂ ਕੀਤਾ? ਨਿਸਚੇ ਹੀ ਕੀਤਾ ਹੈ ਅਤੇ ਆਪਣੇ ਅੰਦਰਲਾ, ਕੀਨਾ, ਸਾੜਾ, ਦੁਸ਼ਮਣੀ, ਨਫ਼ਰਤ ਅਤੇ ਅਲਗਾਓ ਨੂੰ ਵੀ ਜੱਗ ਜ਼ਾਹਿਰ ਕੀਤਾ ਹੈ।

ਆਪਣੀਆਂ ਵੀਰਾਂਗਣ ਭੈਣਾਂ ਦੇ ਸਿਦਕ, ਸਬਰ, ਬਿਰਹਾ, ਦੁੱਖ ਅਤੇ ਇਕੱਲੀ ਕਾਰੀ ਜ਼ਿੰਦਗੀ ਦਾ ਲੇਖਾ ਜੋਖਾ ਕਰਨ ਤੋਂ ਪਹਿਲਾਂ, ਬੀਤੇ ਦਿਨੀਂ ਇਸ ਦੇਸ਼ ਦੀ ਖ਼ਾਤਿਰ ਆਪਣੀਆਂ ਸੋਹਲ ਜਵਾਨੀਆਂ ਵਾਰ ਗਏ ਇਨ੍ਹਾਂ ਚਾਰ ਫ਼ੌਜੀ ਵੀਰਾਂ ਦੀ ਸੰਖੇਪ ਜਿਹੀ ਗੱਲ ਕਰ ਲਈਏ ਤਾਂ ਸਭ ਤੋਂ ਪਹਿਲਾਂ, ਚੇਤਿਆਂ ਦੀ ਰੀਲ ਵਿਚ ਉਭਰਦੀ ਹੈ ਉਹ ਅਭਾਗਣ ਵੀਰਾਂਗਣਾਂ ਜੋ ਪੰਜ ਮਹੀਨਿਆਂ ਦੀ ਗਰਭਵਤੀ ਹੈ ਅਤੇ ਜਿਸ ਦੇ ਬੱਚੇ ਨੂੰ ਕਦੇ ਪਿਤਾ ਦਾ ਦੁਲਾਰ, ਸਹਾਰਾ ਜਾਂ ਸੇਧ ਹੀ ਨਹੀਂ ਮਿਲ ਸਕਣੀ। ਫਿਰ ਦੋ ਮਹੀਨਿਆਂ ਦਾ ਦੁੱਧ ਚੁੰਘਦਾ ਬੱਚਾ, ਆਪਣੇ ਸ਼ਹੀਦ ਫੌਜੀ ਪਿਤਾ ਨੂੰ ਮੁੱਖ ਅਗਨੀ ਦਿੰਦਾ ਦੇਖਿਆ ਅਸੀਂ। ਤੀਜੀ ਤਸਵੀਰ ਵਿਚ ਇਕ ਮਾਂ ਆਪਣੇ ਪੁੱਤ ਦੀ ਅਰਥੀ ਨੂੰ ਮੋਢਾ ਦੇਂਦੀ ਤੱਕੀ ਅਸੀਂ। ਚੌਥੀ ਵਿਚ ਨਿੱਕੀਆਂ ਨਿੱਕੀਆਂ ਅਭੋਲ ਬੱਚੀਆਂ, ਆਪਣੀ ਮਾਂ ਨਾਲ ਚਿਖਾ 'ਤੇ ਲਿਟਾਏ ਸ਼ਹੀਦ ਪਿਤਾ ਨੂੰ ਸਲੂਟ ਮਾਰਦੀਆਂ ਦਿਖਾਈ ਦਿੱਤੀਆਂ। ਕੋਈ ਪੱਥਰ ਦਿਲ ਬੰਦਾ ਵੀ ਅਜਿਹੇ ਅਣਕਿਆਸੇ ਦ੍ਰਿਸ਼ ਦੇਖ ਕੇ ਪਿਘਲ ਸਕਦਾ ਹੈ ਪਰ ਕੁਰਸੀ-ਮੋਹ ਨੇ ਸਾਡੇ ਸਿਆਸਤਦਾਨਾਂ ਦੀਆਂ ਅੱਖਾ 'ਤੇ ਸ਼ਾਇਦ ਅਜਿਹੀ ਕਾਲੀ ਪੱਟੀ ਬੰਨ੍ਹ ਦਿੱਤੀ ਹੈ ਜੋ ਸਹੀ ਨੂੰ ਸਹੀ ਦਿਖਣ ਹੀ ਨਹੀਂ ਦਿੰਦੀ।

ਰਾਜ ਸਭਾ ਵਿਚ, ਐਲਾਨੇ ਅੰਕੜਿਆਂ ਅਨੁਸਾਰ ਜਨਵਰੀ 2023 ਤੱਕ, ਸ਼ਹੀਦ ਫ਼ੌਜੀ ਵੀਰਾਂ ਦੀਆਂ ਜੀਵਨ ਸਾਥਣਾਂ (ਵੀਰਾਂਗਣਾਂ) ਦੀ ਗਿਣਤੀ ਪੰਜਾਬ 2132, ਉੱਤਰ ਪ੍ਰਦੇਸ 1805, ਹਰਿਆਣਾ 1566, ਹਿਮਾਚਲ 1706, ਜੰਮੂ ਕਸ਼ਮੀਰ 1218 ਤੇ ਰਾਜਿਸਥਾਨ 1317 ਆਦਿ ਹੈ। ਹੁਣ ਵਿਚਾਰਦੇ ਹਾਂ ਪੰਜਾਬ ਨੂੰ ਜਿਹਦਾ ਖੇਤਰਫਲ ਦੇਸ਼ ਦਾ 2.3 ਫੀਸਦੀ ਹੈ ਤੇ ਵੀਰਾਂਗਣ ਬੀਬੀਆਂ ਹਨ 2132/ ਯੂ.ਪੀ. ਦਾ ਏਰੀਆ ਹੈ 17 ਫੀਸਦੀ ਤੇ ਫੌਜੀ ਵਿਧਵਾਵਾਂ ਦੀ ਗਿਣਤੀ ਹੈ 1805/ ਅਨੁਪਾਤ ਮੁਤਾਬਿਕ, ਇਸ ਹਿਸਾਬ ਨਾਲ ਵੀਰਾਂਗਣ ਪੰਜਾਬਣਾਂ ਦੀ ਗਿਣਤੀ 15700 ਬਣ ਜਾਂਦੀ ਹੈ। ਮੇਰੀਆਂ ਵੀਰਾਂਗਣ ਭੈਣਾਂ ਆਪਣੇ ਚਾਵਾਂ ਮਲਾਰਾਂ, ਖ਼ੁਸ਼ੀਆਂ ਖੇੜਿਆਂ, ਜਸ਼ਨਾਂ ਤਿਉਹਾਰਾਂ ਤੋਂ ਵੰਚਿਤ ਹੋ ਕੇ ਵੀ ਫ਼ਿਰਕਾਪ੍ਰਸਤੀ ਦਾ ਸ਼ਿਕਾਰ? ਦੇਸ਼ ਤੋਂ ਆਪਣੇ ਸੁਹਾਗ ਭਾਗ ਵਾਰ ਕੇ ਵੱਖਵਾਦ ਦੇ ਲਕਬ ਦੀਆਂ ਭਾਗੀ? ਜੰਮੂ ਕਸ਼ਮੀਰ, ਹਰਿਆਣਾ ਤੇ ਹਿਮਾਚਲ ਕਦੇ ਮਹਾਂਪੰਜਾਬ ਦਾ ਹੀ ਅਟੁੱਟ ਅੰਗ ਰਹੇ ਹਨ, ਇਸ ਲਈ ਇੱਥੋਂ ਦੀਆਂ ਬੀਰ ਨਾਰੀਆਂ 'ਤੇ ਵੀ ਵਿਸ਼ਾਲ ਪੰਜਾਬ ਦੀ ਹੀ ਛਾਪ ਹੈ, ਉਸੇ ਦਾ ਅਟੁੱਟ ਹਿੱਸਾ। ਕਹਿਣ ਤੋਂ ਭਾਵ ਹੈ ਕਿ ਦੇਸ਼ ਦੀ ਆਜ਼ਾਦੀ ਤੇ ਦੇਸ਼ ਦੀ ਰੱਖਿਆ ਤੇ ਸੁਰੱਖਿਆ 'ਤੇ ਆਪਣੀਆਂ ਤਮਾਮ ਰੀਝਾਂ, ਖ਼ੁਸ਼ੀਆਂ ਤੇ ਚਾਅ ਵਾਰ ਕੇ ਵਿਧਵਾ ਦਾ ਜੀਵਨ ਜਿਉਣ ਲਈ ਬੇਬਸ ਜੰਗੀ ਵਿਧਵਾਵਾਂ ਦੀ ਬਹੁਤਾਤ ਵਾਲਾ ਪ੍ਰਾਂਤ ਪੰਜਾਬ ਫੇਰ ਵੀ ਬਹੁਗਿਣਤੀ ਦੀਆਂ ਅੱਖਾਂ ਦਾ ਕੰਡਾ ਕਿਉਂ ਹੈ? ਫੇਰ ਵੀ ਇਸ ਨਾਲ ਪੈਰ ਪੈਰ 'ਤੇ ਵਿਤਕਰੇ ਕਿਉਂ ਜਾਰੀ ਹਨ?

ਜਾ ਕੇ ਦੇਖੋ, ਮਥੁਰਾ ਤੇ ਬ੍ਰਿੰਦਾਬਨ ਦੇ ਉਨ੍ਹਾਂ ਵਿਧਵਾ ਵਾੜਿਆਂ ਵਿਚ ਜਿੱਥੇ ਸਿਰ ਮੁੰਨ ਕੇ ਤੇ ਚਿੱਟੇ ਕਪੜੇ ਪੁਆ ਕੇ ਨਰਕਮਈ ਜ਼ਿੰਦਗੀ ਜਿਉਣ ਲਈ ਮਜਬੂਰ ਹਿੰਦੂ ਵਿਧਵਾਵਾਂ ਰੱਖੀਆਂ ਜਾਂਦੀਆਂ ਹਨ। ਦੀਪਾ ਮਹਿਤਾ ਨਾਂ ਦੀ ਫਿਲਮਸਾਜ ਨੇ ਜਦੋਂ ਇਨ੍ਹਾਂ 'ਤੇ ਫ਼ਿਲਮ ਬਣਾਉਣੀ ਚਾਹੀ ਸੀ ਤਾਂ ਭਾਰਤ ਵਿਚ ਆਸਮਾਨ ਸਿਰ 'ਤੇ ਚੁੱਕ ਲਿਆ ਗਿਆ ਸੀ ਤੇ ਰੱਜ ਕੇ ਵਿਰੋਧ ਕੀਤਾ ਗਿਆ ਸੀ। ਨਤੀਜਨ ਫ਼ਿਲਮ ਨਹੀਂ ਸੀ ਬਣਨ ਦਿੱਤੀ ਗਈ। ਸਿੱਖ ਸਮਾਜ 'ਤੇ ਸਿੱਖ ਰਹਿਤ ਮਰਯਾਦਾ ਦਾ ਡੂੰਘਾ ਪ੍ਰਭਾਵ ਹੈ ਜਿਸ ਅਨੁਸਾਰ ਸਿੱਖੀ ਵਿਚ ਵਿਧਵਾ ਵਿਆਹ ਦੀ ਪੂਰਨ ਆਜ਼ਾਦੀ ਹੈ। ਤੀਸਰੇ ਪਾਤਿਸ਼ਾਹ, ਸ੍ਰੀ ਗੁਰੂ ਅਮਰ ਦਾਸ ਜੀ ਨੇ ਆਪਣੇ ਜੀਵਨ ਕਾਲ ਦੌਰਾਨ ਹੀ ਅਜਿਹੀ ਪ੍ਰਵਾਨਗੀ ਦੇ ਕੇ ਇਕ ਇਨਕਲਾਬੀ ਪਹਿਲ ਕੀਤੀ ਸੀ ਇਸ ਦੇਸ਼ ਵਿਚ। ਇੰਞ, ਇੱਥੇ ਪੰਜਾਬ ਵਿਚ ਇਕ-ਇਕ ਪਰਿਵਾਰ ਵਲੋਂ ਚਾਰ-ਚਾਰ ਪੀੜ੍ਹੀਆਂ ਵਲੋਂ ਫ਼ੌਜੀ ਸ਼ਹਾਦਤਾਂ ਹਾਸਿਲ ਕਰਕੇ ਰਿਕਾਰਡ ਬਣਾਏ ਜਾ ਚੁੱਕੇ ਹਨ ਤੇ ਉਨ੍ਹਾਂ ਦੀਆਂ ਹਮਸਫ਼ਰਾਂ ਨੇ ਗੁਰਮਤਿ ਅਨੁਸਾਰ ਜੀਵਨ ਬਤੀਤ ਕਰਕੇ ਆਪੋ ਆਪਣੇ ਜੀਵਨ ਵੀ ਸਾਰਥਕ ਕੀਤੇ ਤੇ ਦੇਸ ਦੀ ਤਰੱਕੀ ਲਈ ਅੱਥਾਹ ਯੋਗਦਾਨ ਵੀ ਪਾਇਆ ਹੈ। ਹਥਿਆਰਬੰਦ ਸੈਨਿਕਾਂ ਵਿਚ ਪੰਜਾਬ ਦੀ ਗਿਣਤੀ ਸਾਢੇ ਕੁ ਗਿਆਰਾਂ ਪ੍ਰਤਿਸ਼ਤ ਹੈ ਅਤੇ ਬਿਨਾਂ ਸ਼ੱਕ, ਫ਼ੌਜੀ ਜਵਾਨ ਪੈਦਾ ਕਰਨ ਵਿਚ ਪੰਜਾਬ ਇਕ ਮਕਬੂਲ, ਪ੍ਰਸਿੱਧ ਅਤੇ ਜਾਨੀ ਮਾਨੀ ਨਰਸਰੀ ਕਹੀ ਜਾ ਸਕਦੀ ਹੈ ਜਿੱਥੇ ਸੇਵਾਮੁਕਤ ਫ਼ੌਜੀਆਂ ਦੀ ਗਿਣਤੀ ਵੀ ਚਾਰ ਲੱਖ ਤੋਂ ਜ਼ਿਆਦਾ ਹੈ।

ਜੰਗ-ਏ-ਆਜ਼ਾਦੀ ਦੇ ਸਿਪਾਹ ਸਲਾਹ, ਦੇਸ਼ ਦੇ ਅੰਨਦਾਤੇ, ਹਰੀ ਤੇ ਚਿੱਟੀ ਕ੍ਰਾਂਤੀ ਦੇ ਮੋਢੀ ਪੰਜਾਬੀ ਸਮੁੱਚੀ ਦੁਨੀਆਂ ਵਿਚ ਹਰਮਨ ਪਿਆਰੇ ਹਨ। ਅਮਰੀਕਾ, ਅਸਟਰੇਲੀਆ, ਫਰਾਂਸ ਤੇ ਕਈ ਹੋਰ ਮੁਲਕਾਂ ਦੀਆਂ ਫ਼ੌਜਾਂ ਦਾ ਹਿੱਸਾ ਹੀ ਨਹੀਂ, ਮਾਣ ਵੀ ਹਨ। ਕਈ ਦੇਸ਼ ਸਿੱਖ ਰੈਜਮੈਂਟਾਂ ਬਣਾ ਰਹੇ ਹਨ, ਕਈ ਐਲਾਨ ਕਰ ਚੁੱਕੇ ਹਨ ਅਤੇ ਨਿੱਤ ਦਿਹਾੜੇ ਵਿਦੇਸ਼ਾਂ ਦੀਆਂ ਸੁਰੱਖਿਆ ਫੋਰਸਾਂ ਵਿਚ ਸਿੱਖ ਲੜਕੇ ਤੇ ਲੜਕੀਆਂ ਦੀ ਸ਼ਮੂਲੀਅਤ ਦੀਆਂ ਖ਼ਬਰਾਂ ਛਪਦੀਆਂ ਹਨ। ਇੰਞ, ਸਾਨੂੰ ਬਦਨਾਮ ਕਰਨ ਵਾਲੇ ਆਪਣੇ ਆਪ ਨੰਗੇ ਹੋ ਰਹੇ ਹਨ। ਰੱਬ ਇਨ੍ਹਾਂ ਨੂੰ ਸੁਮਤਿ ਦੇਵੇ। -0-

# ਗੁਰੂ ਅਰਜਨ ਸਾਹਿਬ ਜੀ ਦੀ ਸ਼ਹੀਦੀ ਦੇ ਮੂਲ ਕਾਰਣ

-ਹਰਜਿੰਦਰ ਸਿੰਘ 'ਸਭਰਾ'

**ਗੁਰਮਤਿ ਸਿਧਾਂਤਾਂ ਦਾ ਹਰ ਇੱਕ ਮਜ਼ਹਬ, ਧਰਮ ਨਾਲੋਂ ਨਿਵੇਕਲੇ ਹੋਣਾ ਵੀ ਇੱਕ ਅਜਿਹਾ ਕਾਰਨ ਸੀ ਜਿਹੜਾ ਕਾਜ਼ੀ, ਮੁੱਲਾਂ, ਬ੍ਰਾਹਮਣ, ਪੰਡਿਤ, ਜੋਗੀ ਅਤੇ ਹੋਰ ਧਾਰਮਿਕਤਾ ਦੇ ਠੇਕੇਦਾਰਾਂ ਨੂੰ ਨਾਗਵਾਰ ਗੁਜ਼ਰਿਆ। ਅਕਬਰ ਕੋਲ ਇਨ੍ਹਾਂ ਸਾਰਿਆਂ ਦੀਆਂ ਗੁਰੂ ਘਰ ਵਿਰੁੱਧ ਕੀਤੀਆਂ ਸ਼ਿਕਾਇਤਾਂ ਜਿਸ ਲਈ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਅਕਬਰ ਦੇ ਦਰਬਾਰ ਵਿੱਚ ਗੁਰੂ ਘਰ ਦਾ ਪੱਖ ਰੱਖ ਕੇ ਝੂਠ ਸੱਚ ਦਾ ਨਿਤਾਰਾ ਕੀਤਾ ਸੀ ਇਸ ਗੱਲ ਦਾ ਸਬੂਤ ਹਨ ਕਿ ਸਿੱਖ ਧਰਮ ਦੀ ਵੱਖਰਤਾ ਤੋਂ ਇਹ ਧਿਰਾਂ ਪੂਰੀ ਤਰਾਂ ਤਿਲਮਿਲਾਈਆਂ ਹੋਈਆਂ ਸਨ। ਭਾਵੇਂ ਇਨ੍ਹਾਂ ਵਿਚੋਂ ਪਹਿਲੇ ਗੁਰੂ ਸਾਹਿਬਾਂ ਵੇਲੇ ਵੀ ਕਈ ਕਾਰਨ ਜਿਉਂ ਦੇ ਤਿਉਂ ਸਨ ਪਰ ਰਾਜਨੀਤਕ ਹਾਲਾਤਾਂ ਕਾਰਨ ਗੁਰੂ ਘਰ ਦੀ ਹੁੰਦੀ ਵਿਰੋਧਤਾ ਨੇ ਇਹੋ ਜਿਹਾ ਰੂਪ ਨਹੀਂ ਧਾਰਿਆ ਸੀ ਜਿਹੜਾ ਗੁਰੂ ਅਰਜਨ ਸਾਹਿਬ ਵੇਲੇ। ਗੁਰੂ ਅਰਜਨ ਸਾਹਿਬ ਭਾਰਤ ਦੇ ਪਹਿਲੇ ਸ਼ਹੀਦ ਹਨ ਜਿਨਾਂ ਨੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਿੱਤੀ।**

ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਸਾਕਾ ਇਤਿਹਾਸ ਦੀ ਇੱਕ ਮਹਾਨ ਅਤੇ ਲਾਸਾਨੀ ਘਟਨਾ ਹੈ। ਹੱਕ, ਸੱਚ ਦੀ ਆਵਾਜ਼ ਬੁਲੰਦ ਕਰਕੇ ਜ਼ੁਲਮ, ਜਬਰ, ਅਨਿਆਂ, ਬੇਇਨਸਾਫ਼ੀ ਵਿਰੁੱਧ ਐਲਾਨੀਆਂ ਸੰਘਰਸ਼ ਕਰਨ ਕਰਕੇ ਗੁਰੂ ਅਰਜਨ ਸਾਹਿਬ ਜੀ ਨੂੰ ਤੱਤੀ ਤਵੀ ਤੇ ਬੈਠਣਾ, ਸੀਸ ਵਿੱਚ ਸੜਦੀ ਬਲਦੀ ਰੇਤ ਪਵਾਉਣੀ, ਅਤੇ ਉਬਲਦੇ ਪਾਣੀ ਦੀ ਦੇਗ ਵਿੱਚ ਬੈਠਣ ਜਿਹੇ ਭਿਆਨਕ ਤਸੀਹੇ ਸਹਿਣ ਕਰਨੇ ਪਏ। ਪਰ ਅਜਿਹਾ ਸਾਰਾ ਕੁੱਝ ਬਰਦਾਸ਼ਤ ਕਰਕੇ ਵੀ ਉਨਾਂ ਨੇ ਮਨੁੱਖੀ ਹੱਕਾਂ ਦਾ ਝੰਡਾ ਉੱਚਾ ਕਰੀ ਰੱਖਿਆ ਅਤੇ ਆਪਣੇ ਸਬਰ ਸਿਦਕ ਨਾਲ ਜਬਰ ਜ਼ੁਲਮ ਦਾ ਡਟ ਕੇ ਮੁਕਾਬਲਾ ਕੀਤਾ। ਗੁਰੂ ਸਾਹਿਬ ਜੀ ਦੀ ਮਹਾਨ ਵਿਚਾਰਧਾਰਾ ਅਤੇ ਉਨਾਂ ਦੁਆਰਾ ਮਨੁੱਖੀ ਹੱਕਾਂ ਲਈ ਘਾਲੀਆਂ ਗਈਆਂ ਘਲਨਾਵਾਂ ਨੂੰ ਨਾਪਸੰਦ ਕਰਨ ਵਾਲੀਆਂ ਧਿਰਾਂ ਨੇ ਉਨਾਂ ਨੂੰ ਹਰ ਹੀਲੇ ਰੋਕਣ ਅਤੇ ਠੱਲਣ ਦਾ ਯਤਨ ਕੀਤਾ ਪਰ ਕੋਈ ਵੀ ਅਜਿਹੀ ਸਾਜਿਸ਼ ਇਸ ਮਹਾਨ ਇਨਕਲਾਬ ਨੂੰ ਖ਼ਤਮ ਨਾ ਕਰ ਸਕੀ। ਮਹਾਨ ਗੁਰਮਤਿ ਇਨਕਲਾਬ ਦੀ ਸੁਚੱਜੀ ਅਗਵਾਈ ਕਰਦਿਆਂ ਗੁਰੂ ਸਾਹਿਬ ਦੀ 30 ਮਈ 1606 ਨੂੰ ਸ਼ਹਾਦਤ ਹੋਈ। ਇਸ ਸ਼ਹਾਦਤ ਪਿੱਛੇ ਕਈ ਮੂਲ ਕਾਰਣ ਸਨ ਜਿਨਾਂ ਵਿਚੋਂ ਕੁੱਝ ਕੁ ਦੀ ਵੀਚਾਰ ਅਸੀਂ ਇਥੇ ਕਰਦੇ ਹਾਂ।

ਗੁਰਮਤਿ ਵਿਚਾਰਧਾਰਾ ਜ਼ਾਤ-ਪਾਤ, ਛੂਆ-ਛਾਤ, ਵਰਣ ਵੰਡ, ਆਦਿ ਮਨੁੱਖੀ ਵੰਡੀਆਂ ਨੂੰ ਮੂਲੋਂ ਹੀ ਰੱਦ ਕਰਦਿਆਂ ਹੋਇਆਂ ਮਨੱਖੀ ਬਰਾਬਰਤਾ ਤੇ ਜ਼ੋਰ ਦਿੰਦੀ ਹੈ। ਮੰਨੂਵਾਦੀ ਵਿਚਾਰਧਾਰਾ ਦੇ ਪੱਕੇ ਹਾਮੀ ਬ੍ਰਾਹਮਣ ਆਦਿਕ ਉੱਚ ਜ਼ਾਤੀਏ ਲੋਕਾਂ ਵਲੋਂ ਗੁਰੂ ਗਰ ਦੀ ਸਾਂਝੀਵਾਲਤਾ ਦੀ ਵਿਚਾਰਧਾਰਾ ਨੂੰ ਸਹਿਣ ਨਾ ਕਰਦਿਆ ਹੋਇਆਂ ਗੁਰੂ ਘਰ ਦੇ ਵਿਰੋਧ ਵਿੱਚ ਸਰਕਾਰੇ ਦਰਬਾਰੇ ਸ਼ਿਕਾਇਤਾਂ ਦਰਜ਼ ਕਰਵਾਈਆਂ ਜਾਂਦੀਆਂ ਰਹੀਆਂ ਅਤੇ ਹੋਰ ਕਈ ਢੰਗਾਂ ਨਾਲ ਵਿਰੋਧ ਜਾਰੀ ਰੱਖਿਆ ਗਿਆ ਜਿਸ ਕਾਰਨ ਇਨਾਂ ਨੂੰ ਸਰਕਾਰੀ ਪਹੁੰਚ ਵਾਲੇ ਮਨੁੱਖੀ ਵੰਡ ਦੇ ਹਾਮੀ ਲੋਕਾਂ ਦੀ ਹਿਮਾਇਤ ਪ੍ਰਾਪਤ ਹੋਈ।

ਅਕਬਰ ਦੇ ਖ਼ਾਸ ਦਰਬਾਰੀ ਬੀਰਬਲ (ਮਹੇਸ਼ਦਾਸ) ਦਾ ਬ੍ਰਾਹਮਣ ਜ਼ਾਤ ਨਾਲ ਸੰਬੰਧਤ ਹੋਣ ਕਰਕੇ ਉਸਨੇ ਉੱਚ ਜ਼ਾਤੀਏ ਲੋਕਾਂ ਦੀਆਂ ਗੁਰੂ ਘਰ ਵਿਰੁੱਧ ਕੀਤੀਆਂ ਸ਼ਿਕਾਇਤਾਂ ਨੂੰ ਸਰਕਾਰੀ ਕਾਰਵਾਈ ਤੱਕ ਪਹੁੰਚਾਇਆ ਅਤੇ ਕੱਟੜ ਪੰਥੀਆਂ ਦੀ ਹਰ ਸੰਭਵ ਮਦਦ ਕਰਕੇ ਆਪਣੇ ਮਰਨ ਤੱਕ ਗੁਰੂ ਸਾਹਿਬ ਵਿਰੁੱਧ ਫ਼ਿਰਕੂ ਮਾਹੌਲ ਸਿਰਜਣ ਵਿੱਚ ਹਰ ਯਤਨ ਕੀਤਾ।



ਭਾਈ ਹਰਜਿੰਦਰ ਸਿੰਘ ਸਭਰਾਅ

ਪੰਜਾਬ ਵਿੱਚ ਸਖੀ ਸਰਵਰੀਏ ਫ਼ਿਰਕੇ ਦਾ ਬੇਹੱਦ ਜ਼ੋਰ ਹੋਣ ਕਰਕੇ ਵੱਡੇ ਪੱਧਰ ਤੇ ਆਮ ਜਨਤਾ ਇਸ ਫ਼ਿਰਕੇ ਦੀ ਪੁਜਾਰੀ ਸੀ। ਜਿਸ ਕਾਰਨ ਬੁੱਤਖ਼ਾਨੇ, ਅਤੇ ਹੋਰ ਕਰਮਕਾਂਡ ਦੀ ਭਰਮਾਰ ਸੀ। ਗੁਰਮਤਿ ਦੀ ਸਪੱਸ਼ਟ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਨਾਲ ਇਸ ਫ਼ਿਰਕੇ ਦੇ ਪੈਰ ਪੰਜਾਬ ਵਿਚੋਂ ਬੁਰੀ ਤਰਾਂ ਉਖੜ ਚੁਕੇ ਸਨ ਅਤੇ ਬਹੁਗਿਣਤੀ ਲੋਕਾਂ ਵਲੋਂ ਸਿਖ ਧਰਮ ਨੂੰ ਬੜੀ ਤੇਜ਼ੀ ਨਾਲ ਧਾਰਨ ਕੀਤਾ ਜਾ ਰਿਹਾ ਸੀ। ਇਸ ਕਾਰਨ ਬੁਖ਼ਲਾਹਟ ਵਿੱਚ ਆਏ ਹੋਏ ਸਖ਼ੀ ਸਰਵਰ ਫ਼ਿਰਕੇ ਦੇ ਕੱਟੜਪੰਥੀ ਆਗੂਆਂ ਵਲੋਂ ਈਰਖਾ ਵੱਸ ਸਿਖ ਵਿਚਾਰਧਾਰਾ ਦਾ ਵਿਰੋਧ ਕੀਤਾ ਜਾ ਰਿਹਾ ਸੀ। ਇਸ ਫ਼ਿਰਕੇ ਦਾ ਮੂਲ ਇਸਲਾਮੀ ਹੋਣ ਕਾਰਨ ਕੱਟੜਪੰਥੀ ਇਸਲਾਮੀ ਆਗੂਆਂ ਦੀ ਇਨਾਂ ਨੂੰ ਭਾਰੀ ਮਦਦ ਪ੍ਰਾਪਤ ਹੋਈ।

1604 ਈ: ਵਿੱਚ ਜਦੋਂ ਗੁਰੂ ਅਰਜਨ ਸਾਹਿਬ ਜੀ ਗੁਰਬਾਣੀ ਸੰਪਾਦਨ ਦਾ ਕਾਰਜ ਚਲਾ ਰਹੇ ਸਨ ਤਾਂ ਉਸ ਸਮੇਂ ਚਾਰ ਅਖੌਤੀ ਭਗਤ ਕਾਨਾਂ, ਪੀਲੂ, ਛੱਜੂ, ਸ਼ਾਹ ਹੁਸੈਨ, ਗੁਰੂ ਜੀ ਕੋਲ ਆਪਣੀ-ਆਪਣੀ ਕਵਿਤਾ ਗੁਰਬਾਣੀ ਦੇ ਨਾਲ ਹੀ ਦਰਜ ਕਰਵਾਉਣ ਦੇ ਮਨਸ਼ੇ ਨਾਲ ਆਏ ਸਨ ਪਰ ਗੁਰੂ ਅਰਜਨ ਸਾਹਿਬ ਜੀ ਨੇ ਉਨਾਂ ਦੀ ਕੱਚਘਰੜ ਕਵਿਤਾ ਨੂੰ ਗੁਰਬਾਣੀ ਨਾਲ ਦਰਜ਼ ਕਰਨ ਤੋਂ ਸਪੱਸ਼ਟ ਨਾਂਹ ਕਰ ਦਿੱਤੀ ਸੀ। ਜਿਸ ਕਾਰਨ ਗੁਰੂ ਘਰ ਨਾਲ ਉਨਾਂ ਦੀ ਪੁਰਾਣੀ ਈਰਖਾ ਨੇ ਹੋਰ ਪ੍ਰਚੰਡ ਰੂਪ ਧਾਰਨ ਕਰ ਲਿਆ। ਉਨਾਂ ਦੁਆਰਾ ਗੁਰੂ ਘਰ ਨਾਲ ਆਰੰਭ ਤੋਂ ਹੀ ਈਰਖਾ ਅਤੇ ਨਫ਼ਰਤ ਕੀਤੀ ਜਾ ਰਹੀ ਸੀ। ਜਿਸ ਦਾ ਮੂਲ ਕਾਰਣ ਸੀ ਗੁਰੂ ਸਾਹਿਬ ਵਲੋਂ ਅਜਿਹੇ ਢੌਂਗੀ, ਕਰਮਕਾਂਡੀ, ਅਤੇ ਪੂਜਾ ਪ੍ਰਤਿਸ਼ਟਾ ਲਈ ਆਪਣੇ ਆਪ ਨੂੰ ਖ਼ਾਸ ਧਰਮੀ ਦੱਸਣ ਵਾਲੇ ਲੋਕਾਂ ਵਲੋਂ ਮਨੁੱਖਤਾ ਦੀ ਕੀਤੀ ਜਾ ਰਹੀ ਲੁੱਟ ਖ਼ਿਲਾਫ਼ ਜ਼ੋਰਦਾਰ ਢੰਗ ਨਾਲ ਆਰੰਭੀ ਹੋਈ ਮੁਹਿੰਮ, ਜਿਸ ਕਾਰਨ ਅਜਿਹੇ ਪਾਖੰਡੀ ਲੋਕਾਂ ਦੀਆਂ ਝੂਠ ਦੀਆਂ ਦੁਕਾਨਾਂ ਨੂੰ ਭਾਰੀ ਖ਼ਤਰਾ ਪੈਦਾ ਹੋ ਗਿਆ ਸੀ। ਇਹੀ ਕਾਰਣ ਸੀ ਕਿ ਇਹ ਚਾਰੇ ਅਖੌਤੀ ਭਗਤ ਆਪਣੀ ਕਵਿਤਾ ਗੁਰਬਾਣੀ ਨਾਲ ਦਰਜ ਕਰਵਾ ਕੇ ਖ਼ੁਦ ਨੂੰ ਮਾਨਤਾ ਪ੍ਰਾਪਤ ਸਿਧ ਕਰਨਾ ਚਾਹੁੰਦੇ ਸਨ। ਪਰ ਗੁਰੂ ਜੀ ਵਲੋਂ ਸਾਫ਼ ਨਾਂਹ ਕਰ ਦੇਣ ਤੋਂ ਬਾਅਦ ਇਨਾਂ ਵਲੋਂ ਗੁਰੂ ਸਾਹਿਬ ਦਾ ਸਿੱਧਾ ਵਿਰੋਧ ਕੀਤਾ ਜਾਣ ਲੱਗ ਪਿਆ। ਪੀਲੂ ਦਾ ਰਾਬਤਾ ਚੰਦੂ ਨਾਲ ਹੋਣ ਕਰਕੇ ਇਨਾਂ ਵਲੋਂ ਕੀਤੀ ਜਾਂਦੀ ਵਿਰੋਧਤਾ ਨੂੰ ਕਾਫ਼ੀ ਬਲ ਮਿਲਿਆ।

ਸਰਕਾਰੀ ਮੁਲਾਜ਼ਮ ਚੰਦੂ ਸ਼ਾਹ ਨੇ ਜਿਸਦੀ ਲੜਕੀ ਦਾ ਰਿਸ਼ਤਾ ਕਈ ਕਾਰਨਾਂ ਕਰਕੇ ਗੁਰੂ ਅਰਜਨ ਸਾਹਿਬ ਜੀ ਨੇ ਆਪਣੇ ਸਾਹਿਬਜ਼ਾਦੇ ਹਰਗੋਬਿੰਦ ਸਾਹਿਬ ਜੀ ਲਈ ਲੈਣੋਂ ਨਾਂਹ ਕਰ ਦਿੱਤੀ ਸੀ ਆਪਣੇ ਵਲੋਂ ਗੁਰੂ ਘਰ ਵਿਰੁੱਧ ਹਰ ਤਰਾਂ ਦੀ ਸਾਜ਼ਿਸ਼ ਦੀ ਹਿਮਾਇਤ ਕੀਤੀ। ਜ਼ਾਤ ਅਭਿਮਾਨੀ ਹੋਣ ਕਰਕੇ ਉਸਨੇ ਗੁਰੂ ਸ਼ਾਨ ਵਿਰੁੱਧ ਕੁਬੋਲ ਬੋਲ ਕੇ ਭਾਰੀ ਗੁਸਤਾਖ਼ੀ ਵੀ ਕੀਤੀ ਸੀ। ਭਾਵੇਂ ਕਿ ਚੰਦੂ ਕੋਈ ਬਹੁਤੀ ਸਿਰਕੱਢ ਹਸਤੀ ਨਹੀਂ ਸੀ ਪਰ ਸਿਖ ਧਰਮ ਵਿਰੋਧੀ ਤਾਕਤਾਂ ਦਾ ਵੱਡਾ ਮੋਹਰਾ ਅਤੇ ਹਰ ਤਰਾਂ ਦੀ ਸਾਜਿਸ਼ ਦਾ ਅਹਿਮ ਹਿੱਸਾ ਸੀ।

ਜਿਵੇਂ ਕਿ ਹਰ ਇੱਕ ਲਹਿਰ ਨੂੰ ਕਮਜ਼ੋਰ ਅਤੇ ਖ਼ਤਮ ਕਰਨ ਲਈ ਅਜਿਹੇ ਮੋਹਰੇ ਲੱਭੇ ਜਾਂਦੇ ਹਨ ਜਿਨਾਂ ਦਾ ਉਸ ਲਹਿਰ ਨਾਲ ਗੂੜਾ ਸੰਬੰਧ ਹੋਵੇ। ਅਜਿਹੇ ਮੋਹਰੇ ਦੀ ਵਰਤੋਂ ਕਰਕੇ ਉਸੇ ਲਹਿਰ ਵਿੱਚ ਇੱਕ ਹੋਰ ਫ਼ਰਜ਼ੀ ਧਿਰ ਖੜੀ ਕਰਕੇ ਅਸਲ ਲਹਿਰ

ਨੂੰ ਕਮਜ਼ੋਰ ਕਰਨ ਦਾ ਯਤਨ ਕੀਤਾ ਜਾਂਦਾ ਹੈ। ਅਜਿਹਾ ਕੁੱਝ ਹੀ ਉਸ ਸਮੇਂ ਦੇ ਕੱਟੜਪੰਥੀ ਅਤੇ ਰਾਜਸੀ ਤਾਕਤਾਂ ਵਲੋਂ ਕੀਤਾ ਗਿਆ। ਬਾਬਾ ਪ੍ਰਿਥੀ ਚੰਦ ਹੀ ਉਹ ਅਹਿਮ ਮੋਹਰਾ ਸੀ ਜਿਸ ਦੀ ਵਰਤੋਂ ਵਿਰੋਧੀ ਲਾਬੀ ਨੇ ਬੜੀ ਆਸਾਨੀ ਨਾਲ ਕੀਤੀ। ਉਸ ਵਲੋਂ ਗੁਰੂ ਸਾਹਿਬ ਦੀ ਤਰਜ਼ ਤੇ ਹੇਹਰ ਪਿੰਡ ਵਿੱਚ ਆਪਣਾ ਵੱਖਰਾ ਦਰਬਾਰ ਬਣਾਉਣਾ, ਮਸੰਦ ਰੱਖਣੇ, ਬਾਣੀ ਰਚਾਉਣੀ, ਉਸੇ ਦਾ ਕੀਰਤਨ ਕਰਨਾ ਆਦਿ ਅਜਿਹੀਆਂ ਕੁੱਝ ਉਦਾਹਰਣਾਂ ਹਨ। ਸਿਖ ਇਨਕਲਾਬ ਨੂੰ ਖੇਰੂੰ-ਖੇਰੂੰ ਕਰਨ ਲਈ ਹਰ ਤਰਾਂ ਦੀ ਮਦਦ ਪ੍ਰਿਥੀ ਚੰਦ ਨੂੰ ਦਿੱਤੀ ਗਈ। ਸੁਲਹੀ ਖ਼ਾਨ ਨਾਲ ਉਸ ਦੀਆਂ ਮੁਲਾਕਾਤਾਂ ਇਸੇ ਕੜੀ ਦੀਆਂ ਅਹਿਮ ਹਿਸਾ ਹਨ।

ਗੁਰੂ ਸਾਹਿਬ ਦੁਆਰਾ ਪ੍ਰਚਾਰੀ ਜਾਂਦੀ ਧਰਮ ਵਿਚਾਰਧਾਰਾ ਵਿੱਚ ਹਰ ਤਰਾਂ ਦੇ ਲੋਕ ਹਿੱਤਾਂ ਨੂੰ ਬੇਹੱਦ ਪ੍ਰਮੁਖਤਾ ਦਿੱਤੀ ਗਈ ਹੈ। ਧਰਮ, ਜ਼ਾਤ, ਫੋਕਟ ਰਸਮਾਂ ਰੀਤਾਂ, ਸ਼ਰ੍ਹਾ ਅਤੇ ਸਿੰਮ੍ਰਤੀਆਂ ਦੀਆਂ ਪਾਬੰਦੀਆਂ ਅਤੇ ਵੰਡੀਆਂ ਨੂੰ ਕੋਈ ਮਹੱਤਤਾ ਨਹੀਂ ਦਿੱਤੀ ਗਈ। ਲੋਕ ਹਿੱਤਾਂ ਦੀ ਜਾਮਨੀ ਕਰਦੀਆਂ ਉਨਾਂ ਦੀਆਂ ਨੀਤੀਆਂ ਕੱਟੜਪੰਥੀ ਜਮਾਤਾਂ ਨੂੰ ਮੂਲੋਂ ਹੀ ਨਹੀ ਭਾਈਆਂ। ਮਨੁੱਖੀ ਜੀਵਨ ਦੇ ਹਰ ਪੱਖ ਦੀ ਗੂੜੀ ਤਰਜ਼ਮਾਨੀ ਕਰਦੀ ਗੁਰਮਤਿ ਵਿਚਾਰਧਾਰਾ ਵੱਲ ਆਮ ਲੋਕਾਂ ਦਾ ਝੁਕਾਅ ਹੋਣਾ ਸੁਭਾਵਕ ਸੀ ਜਿਸਨੂੰ ਕੱਟੜਪੰਥੀ ਲੋਕਾਂ ਵਲੋਂ ਬਰਦਾਸ਼ਤ ਕਰਨਾ ਔਖਾ ਸੀ। ਭੇਦ-ਭਾਵ, ਵੰਡ, ਫੋਕਟ ਕਰਮਕਾਂਡ, ਅਤੇ ਹਰ ਤਰਾਂ ਦੀ ਤੰਗਦਿਲੀ ਤੋਂ ਉਭਰ ਕੇ ਇੱਕ ਆਜਾਦ ਅਤੇ ਸੱਚਾਈ ਭਰਪੂਰ ਜੀਵਨ ਜਿਊਣ ਦਾ ਨੁਕਤਾ ਸੁਭਾਵਕ ਹੀ ਹਰ ਇੱਕ ਲਈ ਚਾਨਣ ਮੁਨਾਰਾ ਸੀ। ਭਾਵੇਂ ਕਿ ਸਿਖ ਵਿਰੋਧੀ ਧਿਰਾਂ ਦਾ ਆਪਸ ਵਿੱਚ ਕੋਈ ਸਿਧਾਂਤਕ ਮੇਲ ਨਹੀ ਸੀ ਪਰ ਇਸ ਸਥਿਤੀ ਵਿੱਚ ਉਨਾਂ ਦਾ ਨਿਸ਼ਾਨਾ ਇੱਕ ਸੀ। ਇਸ ਨਿਸ਼ਾਨੇ ਦੀ ਪੂਰਤੀ ਲਈ ਆਪਣੀ-ਆਪਣੀ ਥਾਂ ਸਾਰੀਆਂ ਵਿਰੋਧੀ ਧਿਰਾਂ ਪੂਰਾ-ਪੂਰਾ ਤਾਣ ਲਾ ਰਹੀਆਂ ਸਨ।

ਸਿੱਖ ਧਰਮ ਦੀ ਅਸਲ ਨੀਂਹ ਮਹਾਨ ਪੁਰਖਾਂ ਦੁਆਰਾ ਬਖ਼ਸ਼ੀ ਹੋਈ ਵਿਚਾਰਧਾਰਾ ਹੈ ਜੋ ਗੁਰਬਾਣੀ ਵਿਚੋਂ ਜ਼ਾਹਰ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੀ ਬਾਣੀ ਨਾਲ ਭਗਤ ਸਾਹਿਬਾਨਾਂ ਦੀ ਬਾਣੀ ਇਕੱਤਰ ਕਰਕੇ ਇੱਕ ਮਹਾਨ ਪਰਉਪਕਾਰ ਕੀਤਾ ਸੀ। ਗੁਰੂ ਅਰਜਨ ਸਾਹਿਬ ਜੀ ਨੇ ਵੱਡੇ ਸਤਿਗੁਰਾਂ ਅਤੇ ਬਾਕੀ ਮਹਾਨਪੁਰਖਾਂ ਦੀ ਬਾਣੀ ਦਾ ਇੱਕ ਥਾਵੇਂ ਸੰਪਾਦਨ ਕਰਕੇ ਇੱਕ ਲਾਸਾਨੀ ਅਤੇ ਮਹਾਨ ਕਾਰਜ ਕੀਤਾ। ਅਜਿਹਾ ਕਰਨ ਨਾਲ ਸਿਖ ਵਿਚਾਰਧਾਰਾ ਪੱਕੇ ਪੈਰੀਂ ਸਥਾਪਤ ਹੋ ਗਈ ਅਤੇ ਇਸ ਨੂੰ ਗ੍ਰੰਥ ਦਾ ਰੂਪ ਮਿਲਣ ਕਰਕੇ ਸਿਖ ਵਿਚਾਰਧਾਰਾ ਨੂੰ ਮੰਨਣ ਵਾਲੇ ਸਾਰੇ ਲੋਕਾਂ ਨੇ ਇਸ ਨੂੰ ਰੱਬੀ ਗਿਆਨ ਸਮਝ ਕੇ ਸਤਿਕਾਰ ਕੀਤਾ। ਬਾਕੀ ਗ੍ਰੰਥਾਂ ਦੀ ਵਿਚਾਰਧਾਰਾ ਨੂੰ ਲੈ ਕੇ ਆਪਸੀ ਵਾਦ ਵਿਵਾਦ, ਕਲੇਸ਼ ਆਮ ਜਿਹੀ ਗੱਲ ਸੀ। ਪਰ ਅਜਿਹੀਆਂ ਸਾਰੀਆਂ ਰੂੜੀਵਾਦੀ ਵਿਚਾਰਧਾਰਾਵਾਂ ਦਾ ਖੰਡਨ ਕਰਦੀ ਗੁਰਬਾਣੀ ਦਾ ਸੰਪਾਦਨ ਹੋ ਕੇ ਇੱਕ ਗ੍ਰੰਥ ਦਾ ਰੂਪ ਧਾਰਨ ਕਰਨਾ ਰੂੜੀਵਾਦੀਆਂ ਲਈ ਅਸਹਿ ਸੀ। ਗੁਰੂ ਅਮਰਦਾਸ ਜੀ ਦੇ ਸਮੇਂ ਗੁਰੂ-ਬਾਣੀ ਵਿਰੁੱਧ ਅਕਬਰ ਕੋਲ ਹੋਈਆਂ ਸ਼ਿਕਾਇਤਾਂ ਇਸ ਵਿਰੋਧ ਦਾ ਆਧਾਰ ਬਣੀਆਂ।

ਤੁਲਸੀ ਦੀ ਲਿਖੀ ਹੋਈ ਰਾਮਾਇਣ ਵਿੱਚ ਬਿਨਾਂ ਕੋਈ ਠੋਸ ਵਿਚਾਰਧਾਰਾ ਦਿਤਿਆਂ ਕੇਵਲ ਸ੍ਰੀ ਰਾਮ ਚੰਦਰ ਜੀ ਦੇ ਗੁਣ ਹੀ ਗਾਏ ਅਤੇ ਨਾਲ ਹੀ "ਕਵਨ ਨ੍ਰਿਪ ਹੋਇ ਹਮੇਂ ਕਿਆ ਹਾਨੀ" ਆਦਿਕ ਲਿਖ ਕੇ ਆਪਣੇ ਆਪ ਨੂੰ ਬਾਕੀ ਸਾਰਿਆ ਮੁੱਦਿਆਂ ਤੋਂ ਬੜੀ ਸਫ਼ਾਈ ਨਾਲ ਪਾਸੇ ਕਰ ਲਿਆ। ਹਿੰਦੂ ਜਨਤਾ ਤੇ ਹੋ ਰਹੇ ਸਰਕਾਰੀ ਜਬਰ ਬਾਰੇ ਇੱਕ ਵੀ ਲਫ਼ਜ ਤੱਕ ਨਾ ਲਿਖਿਆ ਭਾਵੇਂ ਕਿ ਉਹ ਆਪ ਵੀ ਬ੍ਰਾਹਮਣ ਸੀ ਅਤੇ ਹਰ ਗੱਲ ਤੋਂ ਚੰਗੀ ਤਰਾਂ ਵਾਕਿਫ਼ ਸੀ। ਯਾਦ ਰਹੇ ਇਹ ਰਾਮਾਇਣ ਅਕਬਰ ਬਾਦਸਾਹ ਦੇ ਸਮੇਂ ਰਚੀ ਗਈ ਸੀ ਅਤੇ ਇਸ ਲਈ ਸਰਕਾਰੀ ਤੌਰ ਤੇ ਵਜ਼ੀਫ਼ਾ ਵੀ ਲੇਖਕ ਨੂੰ ਦਿੱਤਾ ਗਿਆ ਸੀ। ਪਰ ਗੁਰਬਾਣੀ ਅੰਦਰ ਹਰ ਤਰਾਂ ਦੇ ਪੱਖਾਂ ਨੂੰ ਬੜੀ ਸੰਜੀਦਗੀ ਨਾਲ ਛੋਹਿਆ ਗਿਆ ਹੈ ਹਰ ਪੱਖ ਦੇ ਵਰਤਾਰੇ ਦੀ ਪੂਰੀ ਤਸਵੀਰ ਦਿਖਾਈ ਗਈ ਹੈ। ਜਿਵੇਂ-

**ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ॥ (722)**

**ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ (145)**

ਗੁਰੂ ਅਰਜਨ ਸਾਹਿਬ ਜੀ ਦੇ ਸਮੇਂ ਬਾਦਸਾਹ ਜਹਾਂਗੀਰ ਜੋ ਕਿ ਇੱਕ ਤੁਅਸਬੀ ਇਨਸਾਨ ਸੀ ਕੱਟੜਪੰਥੀ, ਤੁਅੱਸਬੀ, ਅਤੇ ਫ਼ਿਰਕੂ ਤਾਕਤਾਂ ਦੇ ਪੂਰੀ ਤਰਾਂ ਅਧੀਨ ਸੀ। ਨਕਸ਼ਬੰਦੀ ਫ਼ਿਰਕੇ ਦੇ ਆਗੂ ਸ਼ੇਖ਼ ਅਹਿਮਦ ਸਰਹੰਦੀ ਦੀਆਂ ਨੀਤੀਆਂ ਅਨੁਸਾਰ ਹਰ ਤਰਾਂ ਨਾਲ ਇਸਲਾਮ ਦਾ ਵਾਧਾ ਕਰਨਾ ਚਾਹੀਦਾ ਹੈ ਭਾਵੇਂ ਇਸ ਲਈ ਕੋਈ ਵੀ ਰਾਹ ਅਪਣਾਇਆ ਜਾਵੇ। ਉਹ ਇਸਲਾਮ ਤੋਂ ਬਿਨਾਂ ਹੋਰ ਕਿਸੇ ਵੀ ਧਰਮ, ਫ਼ਿਰਕੇ ਨੂੰ ਬਰਦਾਸ਼ਤ ਨਹੀਂ ਸੀ ਕਰਦਾ। ਗੁਰੂ ਅਰਜਨ ਸਾਹਿਬ ਉਸ ਸਮੇਂ ਪੰਜਾਬ ਵਿੱਚ ਸਭ ਤੋਂ ਵੱਡੀ ਧਿਰ ਸਨ ਜਿਨਾਂ ਦੇ ਪ੍ਰਭਾਵ ਨੂੰ ਢਾਹ ਲਾਉਣੀ ਪੂਰੀ ਤਰਾਂ ਅਸੰਭਵ ਸੀ। ਅਜਿਹੀ ਸਥਿਤੀ ਵਿੱਚ ਸ਼ੇਖ਼ ਅਹਿਮਦ ਸਰਹੰਦੀ ਜਿਸ ਦਾ ਕਈ ਕਾਰਨਾਂ ਕਰਕੇ ਜਹਾਂਗੀਰ ਤੇ ਕਾਫ਼ੀ ਅਸਰ ਰਸੂਖ਼ ਸੀ ਨੇ ਗੁਰੂ ਘਰ ਦੇ ਖ਼ਿਲਾਫ਼ ਮੁਹਿੰਮ ਪੂਰੀ ਤਰਾਂ ਜਾਰੀ ਰੱਖੀ। ਉਸ ਦੀ ਇਸ ਮੁਹਿੰਮ ਨੂੰ ਕਾਮਯਾਬ ਕਰਨ ਵਿੱਚ ਸ਼ੇਖ਼ ਫ਼ਰੀਦ ਬੁਖਾਰੀ ਨੇ ਜੋ ਕਿ ਪ੍ਰਭਾਵਸ਼ਾਲੀ ਸਰਕਾਰੀ ਨੁਮਾਇੰਦਾ ਸੀ ਹਰ ਤਰਾਂ ਦੀ ਮਦਦ ਕੀਤੀ। ਗੁਰੂ ਅਰਜਨ ਸਾਹਿਬ ਦੀ ਸ਼ਹਾਦਤ ਤੋਂ ਬਾਅਦ ਉਸ ਵਲੋਂ ਆਪਣੇ ਨਜ਼ਦੀਕੀ ਅਤੇ ਸੇਵਕ ਸ਼ੇਖ਼ ਫ਼ਰੀਦ ਬੁਖਾਰੀ (ਮੁਰਤਜ਼ਾ ਖ਼ਾਨ) ਨੂੰ ਵਧਾਈ ਵੀ ਭੇਜੀ ਗਈ।

ਸਿਖ ਕੌਮ ਦਾ ਆਜ਼ਾਦ ਹਸਤੀ ਤਹਿਤ ਵਿਚਰਨਾ ਸਮੇਂ ਦੀ ਸਰਕਾਰ ਨੂੰ ਨਾਪਸੰਦ ਸੀ। ਸਿਖਾਂ ਵਲੋਂ ਆਪਣੀ ਹੀ ਕਿਸਮ ਦਾ ਸੱਭਿਆਚਾਰ ਅਤੇ ਸਿਸਟਮ ਬਣਾਇਆ ਹੋਇਆ ਸੀ। ਆਪਣਾ ਕੋਈ ਵੀ ਮਸਲਾ ਸਿਖ ਸੰਗਤ ਜਾਂ ਗੁਰੂ ਸਾਹਿਬ ਕੋਲੋਂ ਹੱਲ ਕਰਵਾਉਣਾ, ਦਸਵੰਧ ਦੇਣਾ, ਨਗਰਾਂ ਦੀ ਉਸਾਰੀ ਅਤੇ ਵਿਕਾਸ, ਆਪਣੀ ਤਾਕਤ ਦਾ ਹਰ ਤਰਾਂ ਨਾਲ ਵਾਧਾ, ਅਜਿਹੀਆਂ ਸਾਰੀਆਂ ਚੀਜ਼ਾਂ ਸਰਕਾਰ ਦਾ ਰਵੱਈਆ ਸਿਖਾਂ ਪ੍ਰਤੀ ਸਖ਼ਤ ਕਰਦੀਆਂ ਸਨ। ਸਰਕਾਰੀ ਤੰਤਰ ਨੂੰ ਇਹ ਮਹਿਸੂਸ ਹੋ ਰਿਹਾ ਸੀ ਕਿ ਰਾਜ ਵਿੱਚ ਰਾਜ ਬਣ ਰਿਹਾ ਹੈ। ਆਮ ਲੋਕਾਂ ਦੀ ਆਤਮ ਨਿਰਭਰਤਾ ਹੰਕਾਰੀ ਅਤੇ ਹਾਕਮਤਾਈ ਵਾਲੀ ਸੋਚ ਨੂੰ ਮੂਲੋਂ ਹੀ ਨਹੀਂ ਸੀ ਭਾਉਂਦੀ।

ਗੁਰਮਤਿ ਸਿਧਾਂਤਾਂ ਦਾ ਹਰ ਇੱਕ ਮਜ਼ਹਬ, ਧਰਮ ਨਾਲੋਂ ਨਿਵੇਕਲੇ ਹੋਣਾ ਵੀ ਇੱਕ ਅਜਿਹਾ ਕਾਰਨ ਸੀ ਜਿਹੜਾ ਕਾਜ਼ੀ, ਮੁੱਲਾਂ, ਬ੍ਰਾਹਮਣ, ਪੰਡਿਤ, ਜੋਗੀ ਅਤੇ ਹੋਰ ਧਾਰਮਿਕਤਾ ਦੇ ਠੇਕੇਦਾਰਾਂ ਨੂੰ ਨਾਗਵਾਰ ਗੁਜ਼ਰਿਆ। ਅਕਬਰ ਕੋਲ ਇਨ੍ਹਾਂ ਸਾਰਿਆਂ ਦੀਆਂ ਗੁਰੂ ਘਰ ਵਿਰੁੱਧ ਕੀਤੀਆਂ ਸ਼ਿਕਾਇਤਾਂ ਜਿਸ ਲਈ ਭਾਈ ਜੇਠਾ ਜੀ (ਗੁਰੂ ਰਾਮਦਾਸ ਜੀ) ਨੇ ਅਕਬਰ ਦੇ ਦਰਬਾਰ ਵਿੱਚ ਗੁਰੂ ਘਰ ਦਾ ਪੱਖ ਰੱਖ ਕੇ ਝੂਠ ਸੱਚ ਦਾ ਨਿਤਾਰਾ ਕੀਤਾ ਸੀ ਇਸ ਗੱਲ ਦਾ ਸਬੂਤ ਹਨ ਕਿ ਸਿੱਖ ਧਰਮ ਦੀ ਵੱਖਰਤਾ ਤੋਂ ਇਹ ਧਿਰਾਂ ਪੂਰੀ ਤਰਾਂ ਤਿਲਮਿਲਾਈਆਂ ਹੋਈਆਂ ਸਨ।

ਭਾਵੇਂ ਇਨ੍ਹਾਂ ਵਿਚੋਂ ਪਹਿਲੇ ਗੁਰੂ ਸਾਹਿਬਾਂ ਵੇਲੇ ਵੀ ਕਈ ਕਾਰਨ ਜਿਉਂ ਦੇ ਤਿਉਂ ਸਨ ਪਰ ਰਾਜਨੀਤਕ ਹਾਲਾਤਾਂ ਕਾਰਨ ਗੁਰੂ ਘਰ ਦੀ ਹੁੰਦੀ ਵਿਰੋਧਤਾ ਨੇ ਇਹੋ ਜਿਹਾ ਰੂਪ ਨਹੀਂ ਧਾਰਿਆ ਸੀ ਜਿਹੜਾ ਗੁਰੂ ਅਰਜਨ ਸਾਹਿਬ ਵੇਲੇ। ਗੁਰੂ ਅਰਜਨ ਸਾਹਿਬ ਭਾਰਤ ਦੇ ਪਹਿਲੇ ਸ਼ਹੀਦ ਹਨ ਜਿਨਾਂ ਨੇ ਮਨੁੱਖੀ ਹੱਕਾਂ ਲਈ ਕੁਰਬਾਨੀ ਦਿੱਤੀ। -0-


# ਲੇਖਕਾਂ ਨੂੰ ਬੇਨਤੀ

**ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਛਾਪੇ ਜਾਂਦੇ ਮਾਸਿਕ ਪੱਤਰ 'ਗੁਰਮਤਿ ਵਿਰਸਾ' ਵਿਚ ਧਾਰਮਿਕ, ਸਮਾਜਿਕ, ਆਰਥਿਕ, ਵਿਦਿਅਕ, ਬੱਚਿਆਂ ਪ੍ਰਤੀ ਅਤੇ ਸਿਹਤ ਆਦਿ ਵੱਖ ਵੱਖ ਵਿਸ਼ਿਆਂ ਨੂੰ ਛੂਹਿਆ ਜਾਂਦਾ ਹੈ। ਲੇਖਕ ਵੀਰਾਂ ਨੂੰ ਬੇਨਤੀ ਹੈ ਕਿ ਖਾਸ ਮਹੀਨੇ ਵਿਚ ਛਪਣ ਵਾਲੀਆਂ ਰਚਨਾਵਾਂ ਦੋ ਮਹੀਨੇ ਪਹਿਲਾਂ ਭੇਜਣ ਦੀ ਕ੍ਰਿਪਾਲਤਾ ਕਰਨੀ।**


**ਰਚਨਾਵਾਂ ਭੇਜਣ ਲਈ ਪਤਾ:**
ਗੁਰਮਤਿ ਵਿਰਸਾ,
ਗੁਰਮਤਿ ਗਿਆਨ ਮਿਸ਼ਨਰੀ ਕਾਲਜ,
ਪੰਜਾਬੀ ਬਾਗ, ਜਵੱਦੀ, ਲੁਧਿਆਣਾ
**M: 79733-70542**
**Email:** gurmatvirsa@gmail.com



# ਬੁੰਗਾ ਰਾਮਗੜ੍ਹੀਆ

# ਸੁਰੱਖਿਆ ਅਤੇ ਸਵੈਮਾਣ ਦਾ ਪ੍ਰਤੀਕ

ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਦੀ ਪਰਿਕਰਮਾ 'ਚ ਇਕ ਵਿਸ਼ਾਲ ਪੁਰਾਤਨ ਬੁੰਗੇ ਦੇ ਦਰਸ਼ਨ ਹੁੰਦੇ ਹਨ ਜਿਹੜਾ ਕਿ ਅਤੀਤ ਦੀਆਂ ਘਟਨਾਵਾਂ ਅਤੇ ਯਾਦਾਂ ਨੂੰ ਤਾਜ਼ਾ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਜਦੋਂ ਕੋਈ ਸ਼ਰਧਾਲੂ ਜਲ੍ਹਿਆਂ ਵਾਲਾ ਬਾਗ਼ ਦੇ ਰਸਤਿਓਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਪੁੱਜਦਾ ਹੈ ਤਾਂ ਪਹਿਲਾਂ ਇਸ ਪਵਿੱਤਰ ਅਸਥਾਨ 'ਤੇ ਮੱਥਾ ਟੇਕਦਾ ਹੈ ਅਤੇ ਫਿਰ ਖੱਬੇ ਪਾਸਿਓਂ ਪਰਿਕਰਮਾ ਆਰੰਭ ਕਰਦੇ ਸਮੇਂ ਉਸ ਦੀ ਨਜ਼ਰ ਸੁੰਦਰ ਦਿੱਖ ਵਾਲੀ ਇਕ ਸ਼ਾਨਦਾਰ ਇਮਾਰਤ 'ਤੇ ਪੈਂਦੀ ਹੈ, ਜਿਸ ਦੇ ਉੱਚੇ ਬੁਰਜ ਉਸ ਨੂੰ ਆਪਣੇ ਵੱਲ ਖਿੱਚਦੇ ਹਨ। ਇਹ ਵਿਸ਼ਾਲ ਇਮਾਰਤ ਸ੍ਰੀ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਉਸਾਰੇ ਗਏ 70 ਤੋਂ ਵਧੇਰੇ ਬੁੰਗਿਆਂ ਵਿਚੋਂ ਸ਼੍ਰੋਮਣੀ ਸੀ। ਭੰਗੀ, ਨਕੱਈ, ਆਹਲੂਵਾਲੀਆ, ਮਲਵਈ, ਸ਼ਹੀਦ, ਅਨੰਦਪੁਰੀਆਂ, ਝਬਾਲੀਆਂ, ਅਟਾਰੀਵਾਲਾ ਆਦਿ ਨਾਵਾਂ 'ਤੇ ਬਣੇ ਹੋਏ ਬੁੰਗਿਆਂ ਵਿਚੋਂ ਕੇਵਲ ਬੁੰਗਾ ਰਾਮਗੜ੍ਹੀਆ ਹੀ ਸੁੰਦਰ ਦਿੱਖ ਵਾਲੀ ਵਿਸ਼ਾਲ ਇਮਾਰਤ ਬਚੀ ਹੈ, ਜਿਸ ਦੀ ਭਵਨ ਨਿਰਮਾਣ ਕਲਾ ਦੇ ਦਰਸ਼ਨ ਕਰ ਕੇ ਹਰ ਇਕ ਜਿਗਿਆਸੂ ਦਾ ਮਨ ਪ੍ਰਭਾਵਿਤ ਹੁੰਦਾ ਹੈ। ਇਸ ਬੁੰਗੇ ਦਾ ਮਹੱਤਵ ਇਸ ਕਰਕੇ ਵੀ ਵਧੇਰੇ ਮੰਨਿਆ ਜਾਂਦਾ ਹੈ ਕਿਉਂਕਿ ਇਸ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਸਾਰਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਅਤੇ ਇਸ ਦੀ ਸੁਰੱਖਿਆ ਲਈ ਸ਼ਹੀਦ ਹੋ ਜਾਣ ਵਿਚ ਸਿੱਖ ਆਪਣਾ ਗੌਰਵ ਸਮਝਦੇ ਹਨ। ਇਸ ਲਈ ਜਦੋਂ ਵੀ ਲੋੜ ਪਈ ਤਾਂ ਸਿੱਖਾਂ ਨੇ ਸ਼ਹੀਦੀਆਂ ਦੇ ਕੇ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਕਰਨ ਦਾ ਯਤਨ ਕੀਤਾ ਹੈ। ਭਾਈ ਮਨੀ ਸਿੰਘ, ਬਾਬਾ ਦੀਪ ਸਿੰਘ ਅਤੇ ਬਾਬਾ ਗੁਰਬਖ਼ਸ਼ ਸਿੰਘ ਤੋਂ ਲੈ ਕੇ ਜੂਨ, 1984 ਈ: ਤੱਕ ਸਿੱਖਾਂ ਦੀਆਂ ਬੇਮਿਸਾਲ ਕੁਰਬਾਨੀਆਂ ਇਤਿਹਾਸ ਦਾ ਹਿੱਸਾ ਹਨ, ਜਿਹੜੀਆਂ ਇਹ ਦੱਸਦੀਆਂ ਹਨ ਕਿ ਸਿੱਖਾਂ ਨੂੰ ਆਤਮਿਕ ਬਲ ਪ੍ਰਦਾਨ ਕਰਨ ਵਾਲਾ ਸ੍ਰੀ ਦਰਬਾਰ ਸਾਹਿਬ ਹਮਲਾਵਰਾਂ ਦੇ ਨਿਸ਼ਾਨੇ 'ਤੇ ਰਿਹਾ ਹੈ। ਹਮਲਾਵਰ ਇਸ ਪਵਿੱਤਰ ਅਸਥਾਨ 'ਤੇ ਵਾਰ-ਵਾਰ ਹਮਲਾ ਕਰ ਕੇ ਇਸ ਨੂੰ ਨੁਕਸਾਨ ਪਹੁੰਚਾਉਣ ਦਾ ਯਤਨ ਕਰਦੇ ਰਹੇ ਹਨ। ਅਫ਼ਗ਼ਾਨ ਹਮਲਾਵਰਾਂ ਨੇ ਤਿੰਨ ਵਾਰੀ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਨੂੰ ਭਾਰੀ ਨੁਕਸਾਨ ਪਹੁੰਚਾਇਆ ਅਤੇ ਇਸ ਦੇ



**ਡਾ. ਪਰਮਵੀਰ ਸਿੰਘ**
-ਸਿੱਖ ਵਿਸ਼ਵਕੋਸ਼ ਵਿਭਾਗ
ਪੰਜਾਬੀ ਯੂਨੀਵਰਸਿਟੀ
ਪਟਿਆਲਾ

**ਇਸ ਬੁੰਗੇ ਦੀ ਉੱਚਾਈ, ਨੱਕਾਸ਼ੀ ਅਤੇ ਸੁੰਦਰਤਾ ਹਰ ਇਕ ਯਾਤਰੂ ਅਤੇ ਸ਼ਰਧਾਲੂ ਨੂੰ ਪ੍ਰਭਾਵਿਤ ਕਰਦੀ ਹੈ ਪਰ 4 ਅਪ੍ਰੈਲ, 1905 ਈ: ਨੂੰ ਸਵੇਰੇ ਸਾਢੇ ਪੰਜ ਵਜੇ ਆਏ ਭੁਚਾਲ ਨੇ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਕਾਲਜ ਅਤੇ ਅੰਮ੍ਰਿਤਸਰ ਦੀਆਂ ਹੋਰਨਾਂ ਇਮਾਰਤਾਂ ਨੂੰ ਪ੍ਰਭਾਵਿਤ ਕੀਤਾ ਉੱਥੇ ਇਸ ਬੁੰਗੇ ਦੇ ਬੁਰਜਾਂ ਦੀਆਂ ਦੋ ਉੱਚੀਆਂ ਮੰਜ਼ਲਾਂ ਨੂੰ ਵੀ ਨੁਕਸਾਨ ਪੁੱਜਾ ਸੀ। ਇਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ ਸੀ ਇਸ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਨਾਲ ਉਨ੍ਹਾਂ ਨੂੰ ਡਿਗਾ ਦਿੱਤਾ ਗਿਆ ਸੀ। 1984 ਈ: ਦੇ ਸਾਕਾ ਨੀਲਾ ਤਾਰਾ ਸਮੇਂ ਇਸ ਬੁੰਗੇ ਨੂੰ ਵੀ ਭਾਰੀ ਨੁਕਸਾਨ ਪੁੱਜਾ ਸੀ ਪਰ ਬਾਅਦ 'ਚ ਇਸ ਦੀ ਮੁਰੰਮਤ ਕਰਕੇ ਇਸ ਨੂੰ ਸੁੰਦਰ ਦਿੱਖ ਪ੍ਰਦਾਨ ਕਰ ਦਿੱਤੀ ਗਈ। ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਦੀ ਇਮਾਰਤ ਵਲੋਂ ਇਸ ਬੁੰਗੇ ਵਿਚ ਪੁੱਜਿਆ ਜਾ ਸਕਦਾ ਹੈ, ਜਿਸ ਨੂੰ ਨਵਾਂ ਰੂਪ ਅਤੇ ਦਿੱਖ ਪ੍ਰਦਾਨ ਕੀਤੀ ਜਾ ਰਹੀ ਹੈ। ਸਿੱਖਾਂ ਦੇ ਗੌਰਵ ਦੀ ਪਛਾਣ ਕਰਾਉਣ ਵਾਲੀ ਇਸ ਵਿਸ਼ਾਲ ਇਮਾਰਤ ਨੂੰ ਅਜਾਇਬ ਘਰ ਨਾਲ ਜੋੜ ਕੇ ਇਸ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ।**



**ਜਦੋਂ ਕੋਈ ਸ਼ਰਧਾਲੂ ਜਲ੍ਹਿਆਂ ਵਾਲਾ ਬਾਗ਼ ਦੇ ਰਸਤਿਓਂ ਹੁੰਦਾ ਹੋਇਆ ਸ੍ਰੀ ਦਰਬਾਰ ਸਾਹਿਬ ਪੁੱਜਦਾ ਹੈ ਤਾਂ ਪਹਿਲਾਂ ਇਸ ਪਵਿੱਤਰ ਅਸਥਾਨ 'ਤੇ ਮੱਥਾ ਟੇਕਦਾ ਹੈ ਅਤੇ ਫਿਰ ਖੱਬੇ ਪਾਸਿਓਂ ਪਰਿਕਰਮਾ ਆਰੰਭ ਕਰਦੇ ਸਮੇਂ ਉਸ ਦੀ ਨਜ਼ਰ ਸੁੰਦਰ ਦਿੱਖ ਵਾਲੀ ਇਕ ਸ਼ਾਨਦਾਰ ਇਮਾਰਤ 'ਤੇ ਪੈਂਦੀ ਹੈ, ਜਿਸ ਦੇ ਉੱਚੇ ਬੁਰਜ ਉਸ ਨੂੰ ਆਪਣੇ ਵੱਲ ਖਿੱਚਦੇ ਹਨ। ਇਹ ਵਿਸ਼ਾਲ ਇਮਾਰਤ ਸ੍ਰੀ ਦਰਬਾਰ ਸਾਹਿਬ ਦੇ ਚਾਰ ਚੁਫੇਰੇ ਉਸਾਰੇ ਗਏ 70 ਤੋਂ ਵਧੇਰੇ ਬੁੰਗਿਆਂ ਵਿਚੋਂ ਸ਼੍ਰੋਮਣੀ ਸੀ। ਭੰਗੀ, ਨਕੱਈ, ਆਹਲੂਵਾਲੀਆ, ਮਲਵਈ, ਸ਼ਹੀਦ, ਅਨੰਦਪੁਰੀਆਂ, ਝਬਾਲੀਆਂ, ਅਟਾਰੀਵਾਲਾ ਆਦਿ ਨਾਵਾਂ 'ਤੇ ਬਣੇ ਹੋਏ ਬੁੰਗਿਆਂ ਵਿਚੋਂ ਕੇਵਲ ਬੁੰਗਾ ਰਾਮਗੜ੍ਹੀਆ ਹੀ ਸੁੰਦਰ ਦਿੱਖ ਵਾਲੀ ਵਿਸ਼ਾਲ ਇਮਾਰਤ ਬਚੀ ਹੈ, ਜਿਸ ਦੀ ਭਵਨ ਨਿਰਮਾਣ ਕਲਾ ਦੇ ਦਰਸ਼ਨ ਕਰ ਕੇ ਹਰ ਇਕ ਜਿਗਿਆਸੂ ਦਾ ਮਨ ਪ੍ਰਭਾਵਿਤ ਹੁੰਦਾ ਹੈ। ਇਸ ਬੁੰਗੇ ਦਾ ਮਹੱਤਵ ਇਸ ਕਰਕੇ ਵੀ ਵਧੇਰੇ ਮੰਨਿਆ ਜਾਂਦਾ ਹੈ ਕਿਉਂਕਿ ਇਸ ਨੂੰ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦੀ ਦ੍ਰਿਸ਼ਟੀ ਤੋਂ ਉਸਾਰਿਆ ਗਿਆ ਸੀ। ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ-ਦੀਦਾਰੇ ਕਰਨ ਅਤੇ ਇਸ ਦੀ ਸੁਰੱਖਿਆ ਲਈ ਸ਼ਹੀਦ ਹੋ ਜਾਣ ਵਿਚ ਸਿੱਖ ਆਪਣਾ ਗੌਰਵ ਸਮਝਦੇ ਹਨ। ਇਸ ਲਈ ਜਦੋਂ ਵੀ ਲੋੜ ਪਈ ਤਾਂ ਸਿੱਖਾਂ ਨੇ ਸ਼ਹੀਦੀਆਂ ਦੇ ਕੇ ਇਸ ਪਵਿੱਤਰ ਅਸਥਾਨ ਦੀ ਸੁਰੱਖਿਆ ਕਰਨ ਦਾ ਯਤਨ ਕੀਤਾ ਹੈ।**

ਸਰੋਵਰ ਨੂੰ ਪੂਰ ਦਿੱਤਾ ਸੀ। ਦਸੰਬਰ, 1764 ਈ: 'ਚ ਅਹਿਮਦ ਸ਼ਾਹ ਅਬਦਾਲੀ ਦਾ ਸ੍ਰੀ ਦਰਬਾਰ ਸਾਹਿਬ 'ਤੇ ਆਖ਼ਰੀ ਹਮਲਾ ਸੀ, ਜਦੋਂ ਉਸ ਦੀ ਭਾਰੀ ਫ਼ੌਜ ਦਾ ਮੁਕਾਬਲਾ ਕਰਦੇ ਹੋਏ ਭਾਈ ਗੁਰਬਖ਼ਸ਼ ਸਿੰਘ ਆਪਣੇ 30 ਸਿੰਘਾਂ ਨਾਲ ਸ਼ਹੀਦੀਆਂ ਪ੍ਰਾਪਤ ਕਰ ਗਏ ਸਨ। ਇਸ ਹਮਲੇ 'ਚ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਦਰਬਾਰ ਸਾਹਿਬ ਦੀਆਂ ਇਮਾਰਤਾਂ ਨੂੰ ਭਾਰੀ ਨੁਕਸਾਨ ਪੁੱਜਾ ਸੀ, ਜਿਸ ਕਰਕੇ 1765 ਈ: ਦੀ ਵਿਸਾਖੀ ਦਾ ਸਰਬੱਤ ਖ਼ਾਲਸਾ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਢਹਿ-ਢੇਰੀ ਹੋ ਚੁੱਕੀ ਇਮਾਰਤ ਦੇ ਸਾਹਮਣੇ ਕਰਦੇ ਹੋਏ, ਇਨ੍ਹਾਂ ਇਮਾਰਤਾਂ ਦੀ ਪੁਨਰ-ਉਸਾਰੀ ਦਾ ਮਤਾ ਪਾਸ ਕੀਤਾ ਗਿਆ ਸੀ। ਇਸ ਇਕੱਠ ਦੌਰਾਨ ਸਿੱਖਾਂ ਨੇ ਜੰਗਲਾਂ, ਪਹਾੜਾਂ ਅਤੇ ਰੇਗਿਸਤਾਨਾਂ ਨੂੰ ਛੱਡ ਕੇ ਮੈਦਾਨੀ ਇਲਾਕਿਆਂ 'ਚ ਆ ਜਾਣ ਦਾ ਫ਼ੈਸਲਾ ਕਰਨ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੀ ਸੁਰੱਖਿਆ ਦਾ ਪੁਖ਼ਤਾ ਪ੍ਰਬੰਧ ਕਰਨ ਲਈ ਰਾਮਰੌਣੀ ਦਾ ਕਿਲ੍ਹਾ ਮਜ਼ਬੂਤ ਕਰਨ ਦਾ ਮਨ ਬਣਾ ਲਿਆ ਸੀ। ਇਸ ਦੇ ਨਾਲ-ਨਾਲ ਸ੍ਰੀ ਦਰਬਾਰ ਸਾਹਿਬ ਦੇ ਆਲੇ-ਦੁਆਲੇ ਨਿਵਾਸ ਲਈ ਬੁੰਗਿਆਂ ਦੀ ਉਸਾਰੀ ਆਰੰਭ ਹੋ ਗਈ ਸੀ। ਬਹੁਤ ਸਾਰੇ ਮਿਸਲ ਸਰਦਾਰਾਂ ਦੇ ਬੁੰਗੇ ਇਸੇ ਸਮੇਂ ਹੋਂਦ 'ਚ ਆਏ ਸਨ।

ਸ੍ਰੀ ਦਰਬਾਰ ਸਾਹਿਬ ਨੂੰ ਸੁਰੱਖਿਆ ਪ੍ਰਦਾਨ ਕਰਨ ਲਈ 1747 ਈ: ਦੀ ਵਿਸਾਖੀ ਮੌਕੇ ਕੀਤੇ ਗਏ ਗੁਰਮਤੇ ਦੇ ਸਿੱਟੇ ਵਜੋਂ ਇਕ ਕੱਚੀ ਗੜ੍ਹੀ ਹੋਂਦ 'ਚ ਆਈ, ਜਿਸ ਨੂੰ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਨੇ ਇਕ ਕਿਲ੍ਹੇ ਦਾ ਰੂਪ ਪ੍ਰਦਾਨ ਕਰ ਦਿੱਤਾ ਸੀ। ਮੁਗ਼ਲਾਂ ਦੇ ਹਮਲੇ ਸਮੇਂ ਜਦੋਂ ਵੀ ਇਸ ਕਿਲ੍ਹੇ ਨੂੰ ਢਾਹ ਦਿੱਤਾ ਜਾਂਦਾ ਸੀ ਤਾਂ ਰਾਮਗੜ੍ਹੀਆ ਮਿਸਲ ਉਸ ਨੂੰ ਫਿਰ ਦੁਬਾਰਾ ਖੜ੍ਹਾ ਕਰ ਲੈਂਦੀ ਸੀ। ਸਰਦਾਰ ਜੱਸਾ ਸਿੰਘ ਵਲੋਂ ਇਸ ਕਿਲ੍ਹੇ ਨੂੰ ਫ਼ੌਜੀ ਛਾਉਣੀ ਵਾਂਗ ਵਰਤਿਆ ਜਾ ਰਿਹਾ ਸੀ ਅਤੇ ਜਦੋਂ ਇਕ ਵੱਖਰੀ ਰਿਹਾਇਸ਼ ਦੀ ਉਸਾਰੀ ਕਰਨ ਦਾ ਵਿਚਾਰ ਉਸ ਦੇ ਮਨ 'ਚ ਆਇਆ ਤਾਂ ਬੁੰਗਾ ਰਾਮਗੜ੍ਹੀਆ ਦੀ ਇਮਾਰਤ ਦੀ ਉਸਾਰੀ ਦਾ ਕਾਰਜ ਆਰੰਭ ਹੋ ਗਿਆ ਸੀ ਪਰ ਇਸ ਦਾ ਵਧੇਰੇ ਕੰਮ ਉਸ ਦੇ ਪੁੱਤਰ ਅਤੇ ਉੱਤਰਾਧਿਕਾਰੀ ਸਰਦਾਰ ਜੋਧ ਸਿੰਘ ਰਾਮਗੜ੍ਹੀਆ ਦੇ ਸਮੇਂ ਨੇਪਰੇ ਚੜ੍ਹਿਆ ਸੀ। ਬੁੰਗੇ ਦਾ ਕੰਮ ਚੱਲ ਰਿਹਾ ਸੀ ਕਿ ਸਰਦਾਰ ਸਾਹਿਬ ਅਕਾਲ ਚਲਾਣਾ ਕਰ ਗਏ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਇਸ 'ਤੇ ਕਬਜ਼ਾ ਕਰ ਲਿਆ ਸੀ ਜਿਹੜਾ ਕਿ ਸਰਦਾਰ ਮੰਗਲ ਸਿੰਘ ਦੇ ਸਮੇਂ ਇਸ ਪਰਿਵਾਰ ਨੂੰ ਵਾਪਸ ਕਰ ਦਿੱਤਾ ਗਿਆ ਸੀ।

ਸਰਦਾਰ ਸੁੰਦਰ ਸਿੰਘ ਰਾਮਗੜ੍ਹੀਆ ਦੱਸਦੇ ਹਨ ਕਿ ਦਿੱਲੀ 'ਤੇ ਜਿੱਤ ਪ੍ਰਾਪਤ ਕਰਨ ਉਪਰੰਤ ਬਹੁਤ ਸਾਰਾ ਪੱਥਰ ਇੱਥੇ ਲਿਆਂਦਾ ਗਿਆ ਸੀ ਜਿਹੜਾ ਕਿ ਸੰਪੂਰਨ ਰੂਪ 'ਚ ਇਸ ਦੀ ਉਸਾਰੀ ਲਈ ਵਰਤਿਆ ਨਹੀਂ ਜਾ ਸਕਿਆ। ਮਹਾਰਾਜਾ ਰਣਜੀਤ ਸਿੰਘ ਅਧੀਨ ਰਾਜ-ਪ੍ਰਬੰਧ ਸਮੇਂ ਇਹ ਕਾਰਜ ਰੋਕ ਕੇ ਇਹ ਪੱਥਰ ਅੰਮ੍ਰਿਤਸਰ ਦੇ ਰਾਮ ਬਾਗ਼ ਵਿਖੇ ਲਵਾ ਦਿੱਤਾ ਗਿਆ ਸੀ। ਪਰ ਫਿਰ ਵੀ ਇਹ ਪੱਥਰ ਬਚ ਗਿਆ ਸੀ ਜਿਹੜਾ ਕਿ 1839 ਈ: 'ਚ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਉਪਰੰਤ ਉਸ ਦੀ ਸਮਾਧ 'ਤੇ ਲਗਾ ਦਿੱਤਾ ਗਿਆ ਸੀ। ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਬਦਲੇ ਇਹ ਬੁੰਗਾ ਉਨ੍ਹਾਂ ਦੇ ਪੂਰਵਜ਼ ਸਰਦਾਰ ਮੰਗਲ ਸਿੰਘ ਨੂੰ ਪ੍ਰਾਪਤ ਹੋਇਆ ਸੀ, ਜਿਸ ਤੋਂ ਬਾਅਦ ਇਹ ਸ਼ਾਨਦਾਰ ਇਮਾਰਤ ਕੇਵਲ ਉਨ੍ਹਾਂ ਦੇ ਪਰਿਵਾਰ ਨਾਲ ਹੀ ਸੰਬੰਧਿਤ ਹੋ ਗਈ ਸੀ। ਮੌਜੂਦਾ ਸਮੇਂ 'ਚ ਇਸ ਬੁੰਗੇ ਦੇ ਇਕ ਉੱਤਰਾਧਿਕਾਰੀ ਰਹਿ ਚੁੱਕੇ ਕਰਨਲ ਇਕਬਾਲ ਸਿੰਘ ਦੱਸਦੇ ਹਨ ਕਿ 1972 ਈ: 'ਚ ਉਨ੍ਹਾਂ ਦੇ ਪਿਤਾ ਸਰਦਾਰ ਤ੍ਰਿਲੋਚਨ ਸਿੰਘ ਨੇ ਇਹ ਬੁੰਗਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਸੌਂਪ ਦਿੱਤਾ ਸੀ। ਬੁੰਗਾ ਰਾਮਗੜ੍ਹੀਆ ਭਵਨ ਕਲਾ ਦੀ ਸ਼ਾਨਦਾਰ ਸ਼ੈਲੀ ਵੱਲ ਧਿਆਨ ਦਿਵਾਉਂਦਾ ਹੈ। ਪੱਥਰ ਦੇ 44 ਥਮਲਿਆਂ 'ਤੇ ਉਸਾਰੇ ਹੋਏ ਇਸ ਬੁੰਗੇ ਦੇ ਹੇਠਾਂ ਮੀਟਿੰਗਾਂ ਕਰਨ ਲਈ ਇਕ ਵੱਡਾ ਹਾਲ ਅਤੇ ਤਹਿਖ਼ਾਨੇ ਬਣੇ ਹੋਏ ਹਨ ਜਿਹੜੇ ਕਿ ਮਾਲ ਖ਼ਾਨੇ ਆਦਿ ਵਜੋਂ ਵਰਤੇ ਜਾਂਦੇ ਸਨ। ਇਸ ਦੀ ਪਹਿਲੀ ਮੰਜ਼ਿਲ 'ਤੇ ਪੱਥਰ ਦੀ ਇਕ ਸਿਲ ਸੰਭਾਲ ਕੇ ਰੱਖੀ ਹੋਈ ਹੈ ਜਿਹੜੀ ਕਿ ਦਿੱਲੀ ਦੇ ਬਾਦਸ਼ਾਹ ਦੀ ਤਾਜਪੋਸ਼ੀ ਸਮੇਂ ਵਰਤੀ ਜਾਂਦੀ ਸੀ। ਇਸ ਦੀ ਲੰਬਾਈ 6 ਫੁੱਟ 3 ਇੰਚ, ਚੌੜਾਈ 4 ਫੁੱਟ 6 ਇੰਚ ਅਤੇ ਮੋਟਾਈ 9 ਇੰਚ ਹੈ। ਜਦੋਂ ਸਿੱਖ ਸਰਦਾਰਾਂ ਦੀਆਂ ਸਾਂਝੀਆਂ ਫ਼ੌਜਾਂ ਨੇ ਦਿੱਲੀ 'ਤੇ ਹਮਲਾ ਕਰਕੇ ਜਿੱਤ ਪ੍ਰਾਪਤ ਕੀਤੀ ਤਾਂ ਸਰਦਾਰ ਜੱਸਾ ਸਿੰਘ ਰਾਮਗੜ੍ਹੀਆ ਇਹ ਸਿਲ ਅੰਮ੍ਰਿਤਸਰ ਲੈ ਆਏ ਸਨ ਅਤੇ ਇਸ ਨੂੰ ਆਪਣੇ ਬੁੰਗੇ ਵਿਖੇ ਸੰਭਾਲ ਲਿਆ ਸੀ। ਮੌਜੂਦਾ ਸਮੇਂ 'ਚ ਵੀ ਇਹ ਸਿਲ ਯਾਤਰੂਆਂ ਲਈ ਖਿੱਚ ਦਾ ਕੇਂਦਰ ਹੈ।

ਇਸ ਬੁੰਗੇ ਦੀ ਉੱਚਾਈ, ਨੱਕਾਸ਼ੀ ਅਤੇ ਸੁੰਦਰਤਾ ਹਰ ਇਕ ਯਾਤਰੂ ਅਤੇ ਸ਼ਰਧਾਲੂ ਨੂੰ ਪ੍ਰਭਾਵਿਤ ਕਰਦੀ ਹੈ ਪਰ 4 ਅਪ੍ਰੈਲ, 1905 ਈ: ਨੂੰ ਸਵੇਰੇ ਸਾਢੇ ਪੰਜ ਵਜੇ ਆਏ ਭੁਚਾਲ ਨੇ ਜਿੱਥੇ ਸ੍ਰੀ ਅਕਾਲ ਤਖ਼ਤ ਸਾਹਿਬ, ਖ਼ਾਲਸਾ ਕਾਲਜ ਅਤੇ ਅੰਮ੍ਰਿਤਸਰ ਦੀਆਂ ਹੋਰਨਾਂ ਇਮਾਰਤਾਂ ਨੂੰ ਪ੍ਰਭਾਵਿਤ ਕੀਤਾ ਉੱਥੇ ਇਸ ਬੁੰਗੇ ਦੇ ਬੁਰਜਾਂ ਦੀਆਂ ਦੋ ਉੱਚੀਆਂ ਮੰਜ਼ਲਾਂ ਨੂੰ ਵੀ ਨੁਕਸਾਨ ਪੁੱਜਾ ਸੀ। ਇਨ੍ਹਾਂ ਦੀ ਮੁਰੰਮਤ ਨਹੀਂ ਹੋ ਸਕਦੀ ਸੀ ਇਸ ਲਈ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਹੁਕਮਾਂ ਨਾਲ ਉਨ੍ਹਾਂ ਨੂੰ ਡਿਗਾ ਦਿੱਤਾ ਗਿਆ ਸੀ। 1984 ਈ: ਦੇ ਸਾਕਾ ਨੀਲਾ ਤਾਰਾ ਸਮੇਂ ਇਸ ਬੁੰਗੇ ਨੂੰ ਵੀ ਭਾਰੀ ਨੁਕਸਾਨ ਪੁੱਜਾ ਸੀ ਪਰ ਬਾਅਦ 'ਚ ਇਸ ਦੀ ਮੁਰੰਮਤ ਕਰਕੇ ਇਸ ਨੂੰ ਸੁੰਦਰ ਦਿੱਖ ਪ੍ਰਦਾਨ ਕਰ ਦਿੱਤੀ ਗਈ। ਸ੍ਰੀ ਦਰਬਾਰ ਸਾਹਿਬ ਦੇ ਲੰਗਰ ਹਾਲ ਦੀ ਇਮਾਰਤ ਵਲੋਂ ਇਸ ਬੁੰਗੇ ਵਿਚ ਪੁੱਜਿਆ ਜਾ ਸਕਦਾ ਹੈ, ਜਿਸ ਨੂੰ ਨਵਾਂ ਰੂਪ ਅਤੇ ਦਿੱਖ ਪ੍ਰਦਾਨ ਕੀਤੀ ਜਾ ਰਹੀ ਹੈ। ਸਿੱਖਾਂ ਦੇ ਗੌਰਵ ਦੀ ਪਛਾਣ ਕਰਾਉਣ ਵਾਲੀ ਇਸ ਵਿਸ਼ਾਲ ਇਮਾਰਤ ਨੂੰ ਅਜਾਇਬ ਘਰ ਨਾਲ ਜੋੜ ਕੇ ਇਸ ਦੀ ਸੁਚੱਜੀ ਵਰਤੋਂ ਕੀਤੀ ਜਾ ਸਕਦੀ ਹੈ।

-0-

# ਪੰਜਾਬ ਵਿੱਚ ਧਰਤੀ ਹੇਠਲੇ ਪਾਣੀ ਦਾ ਸੰਕਟ ਕੀ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ?

**-ਕਾਹਨ ਸਿੰਘ ਪੰਨੂੰ, ਸਾਬਕਾ ਆਈ.ਏ.ਐੱਸ. ਅਧਿਕਾਰੀ # 94171-11922**

ਜੋਨਾਥਨ ਫਰਾਜ਼ਨ, ਅਮਰੀਕੀ ਨਾਵਲਕਾਰ, ਨੇ ਵਾਤਾਵਰਨ ਦੀ ਤਬਾਹੀ ਰੋਕਣ ਲਈ ਕੀਤੇ ਜਾ ਰਹੇ ਉਪਾਵਾਂ ਬਾਰੇ ਆਪਣੀ ਚਿੰਤਾ ਪ੍ਰਗਟ ਕਰਦੇ ਹੋਏ ਕਿਹਾ ਹੈ ਕਿ ਉਪਾਅ ਕਰਨ ਵਿਚ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਇਸੇ ਤਰ੍ਹਾਂ, ਪੰਜਾਬ ਵਿਚ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਹੋਰ ਡਿਗਣ ਤੋਂ ਰੋਕਣ ਦੇ ਉਪਾਅ ਇਸ ਹੱਦ ਤੱਕ ਨਿਗੂਣੇ ਹਨ ਕਿ ਇੰਝ ਜਾਪਦਾ ਹੈ ਕਿ ਹੁਣ ਤੱਕ ਸ਼ਾਇਦ ਪਹਿਲਾਂ ਹੀ ਬਹੁਤ ਦੇਰ ਹੋ ਚੁੱਕੀ ਹੈ। ਕੇਂਦਰੀ ਭੂਜਲ ਬੋਰਡ ਦੀ ਤਾਜ਼ਾ ਰਿਪੋਰਟ, ਜੋ 2022 ਵਿਚ ਪ੍ਰਕਾਸ਼ਿਤ ਹੋਈ ਹੈ, ਨੇ ਪੰਜਾਬ ਵਿਚ ਪਾਣੀ ਦੇ ਵਿਨਾਸ਼ਕਾਰੀ ਪੱਧਰ ਤੱਕ ਘਟਦੇ ਹਾਲਾਤ ਬਾਰੇ ਖ਼ਤਰੇ ਦਾ ਘੜਿਆਲ ਵਜਾ ਦਿੱਤਾ ਹੈ। ਇਕ ਸੰਤੁਲਿਤ ਕੁਦਰਤੀ ਵਾਤਾਵਰਨ ਪ੍ਰਣਾਲੀ ਵਿਚ, ਪਾਣੀ ਦੇ ਸਾਲਾਨਾ ਰੀਚਾਰਜ ਤੋਂ ਵੱਧ ਧਰਤੀ ਥੱਲਿਓਂ ਪਾਣੀ ਨਹੀਂ ਕੱਢਿਆ ਜਾਣਾ ਚਾਹੀਦਾ, ਕਿਉਂਕਿ ਜ਼ਿਆਦਾ ਪਾਣੀ ਕੱਢਣਾ, ਭਾਵੇਂ ਕਿੰਨਾ ਵੀ ਘੱਟ ਕਿਉਂ ਨਾ ਹੋਵੇ, ਜਲ ਸਰੋਤਾਂ ਦੀ ਭਵਿੱਖੀ ਸਥਿਰਤਾ ਬਾਰੇ ਚਿੰਤਾਵਾਂ ਪੈਦਾ ਕਰਦਾ ਹੈ।

ਕੇਂਦਰੀ ਭੂਜਲ ਬੋਰਡ ਦੀ ਰਿਪੋਰਟ ਦੱਸਦੀ ਹੈ ਕਿ ਪੰਜਾਬ 16.81 ਮਿਲੀਅਨ ਏਕੜ ਫੁੱਟ (ਐਮ.ਏ.ਐਫ.) ਦੇ ਸਾਲਾਨਾ ਰੀਚਾਰਜ ਦੇ ਮੁਕਾਬਲੇ ਧਰਤੀ ਤੋਂ 27.64 ਐਮ.ਏ.ਐਫ. ਪਾਣੀ ਬਾਹਰ ਕੱਢ ਰਿਹਾ ਹੈ ਜਿਸ ਨਾਲ ਹਰ ਸਾਲ ਧਰਤੀ ਹੇਠਲੇ ਪਾਣੀ ਦਾ ਪੱਧਰ 10.83 ਐਮ.ਏ.ਐਫ. ਦੀ ਮਿਕਦਾਰ ਨਾਲ ਲਗਾਤਾਰ ਘਟ ਰਿਹਾ ਹੈ। ਕੇਂਦਰੀ ਭੂਜਲ ਬੋਰਡ ਵਲੋਂ ਸਾਲ 2017 ਦੇ ਅੰਕੜਿਆਂ 'ਤੇ ਆਧਾਰਿਤ ਸਾਲ 2019 ਵਿਚ ਜਾਰੀ ਕੀਤੀ ਰਿਪੋਰਟ ਮੁਤਾਬਕ ਪੰਜਾਬ ਦੇ ਧਰਤੀ ਹੇਠਲੇ ਤਿੰਨੋ ਪੱਤਣਾਂ ਵਿਚ ਕੁੱਲ ਜਲ ਭੰਡਾਰ 261 ਐਮ.ਏ.ਐਫ. ਦਰਜ ਕੀਤਾ ਗਿਆ ਸੀ।

ਇਸ ਲਈ ਜੇਕਰ ਇਸੇ ਰਫ਼ਤਾਰ ਨਾਲ ਪਾਣੀ ਕੱਢਣਾ ਜਾਰੀ ਰਿਹਾ ਤਾਂ ਧਰਤੀ ਹੇਠਲਾ ਵਰਤਣਯੋਗ ਪਾਣੀ ਕੇਵਲ ਅਗਲੇ 18 ਸਾਲ ਵਿਚ ਹੀ ਮੁੱਕ ਜਾਵੇਗਾ। ਕੇਂਦਰੀ ਭੂਜਲ ਬੋਰਡ ਵਲੋਂ ਸਾਲ 2019 ਦੀ ਰਿਪੋਰਟ ਰਾਹੀਂ ਦਿੱਤੀ ਵਾਰਨਿੰਗ ਨੂੰ ਪੰਜਾਬੀਆਂ ਨੇ ਆਪਣੀ ਬੇਪ੍ਰਵਾਹੀ ਦੇ ਆਲਮ ਅਤੇ ਮੌਕੇ ਦੇ ਹਾਕਮਾਂ ਦੀ ਖ਼ੁਦਗਰਜ਼ੀ ਦੇ ਫਲਸਰੂਪ ਪੂਰੀ ਤਰ੍ਹਾਂ ਅਣਗੌਲਿਆਂ ਕਰ ਦਿੱਤਾ ਸੀ।

ਹੁਣ 2022 ਵਿਚ ਆਈ ਰਿਪੋਰਟ ਰਾਹੀਂ ਦਰਸਾਏ ਵਿਨਾਸ਼ ਦੇ ਘੜਿਆਲ ਦੀ ਆਵਾਜ਼ ਵੀ ਜੇਕਰ ਸਿਆਸੀ ਰੌਲ=ਘਚੌਲਿਆਂ ਵਿਚ ਹੀ ਉਲਝ ਕੇ ਰਹਿ ਗਈ ਤਾਂ ਦਰਦਮੰਦਾਂ ਦੀਆਂ ਆਹਾਂ ਸੁਣਨ ਵਾਲਾ ਵੀ ਸ਼ਾਇਦ ਕੋਈ ਨਾ ਬਚੇ।

ਪੰਜਾਬ ਵਿਚ, 150 ਵਿਕਾਸ ਬਲਾਕਾਂ ਵਿਚੋਂ 132 ਵਿਚ ਸਾਲਾਨਾ ਜਲ ਰੀਚਾਰਜ ਦਾ 100 ਫ਼ੀਸਦੀ ਤੋਂ ਵੱਧ ਪਾਣੀ ਬਾਹਰ ਕੱਢਿਆ ਜਾ ਰਿਹਾ ਹੈ। (ਸਾਰਣੀ) ਦਿਲਚਸਪ ਗੱਲ ਇਹ ਹੈ ਕਿ, 33 ਬਲਾਕਾਂ ਵਿਚ ਧਰਤੀ ਹੇਠਲੇ ਪਾਣੀ ਦੀ ਨਿਕਾਸੀ 200 ਫ਼ੀਸਦੀ ਤੋਂ ਵੱਧ ਹੈ ਅਤੇ ਸਥਿਤੀ ਖਾਸ ਤੌਰ 'ਤੇ 16 ਬਲਾਕਾਂ ਵਿਚ ਗੰਭੀਰ ਹੈ ਜਿਥੇ ਇਹ ਨਿਕਾਸੀ ਸਾਲਾਨਾ ਰੀਚਾਰਜ ਪੱਧਰ ਦੇ 250% ਤੋਂ ਵੱਧ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ 10 ਬਲਾਕਾਂ ਵਿਚ ਪਾਣੀ ਕੱਢਣ ਦਾ ਪੱਧਰ ਆਪਣੇ ਸਾਲਾਨਾ ਰੀਚਾਰਜ ਪੱਧਰ ਦੇ 300 ਫ਼ੀਸਦੀ ਨੂੰ ਪਾਰ ਕਰ ਗਿਆ ਹੈ। ਇਹ ਧਿਆਨ ਦੇਣਯੋਗ ਹੈ ਕਿ ਸਭ ਤੋਂ ਵੱਧ ਪਾਣੀ ਦੀ ਨਿਕਾਸੀ ਦੇ ਪੱਧਰਾਂ ਵਾਲੇ ਸਾਰੇ ਬਲਾਕ ਸੰਗਰੂਰ ਖੇਤਰ ਵਿਚ ਸਥਿਤ ਹਨ, ਜੋ ਕਿ ਪੰਜਾਬ ਦਾ ਸਿਆਸੀ ਤੌਰ 'ਤੇ ਸਭ ਤੋਂ ਵੱਧ ਚੇਤੰਨ ਖੇਤਰ ਹੈ, ਜਿੱਥੇ ਬਹੁਤ ਸਾਰੀਆਂ ਕਿਸਾਨ ਜਥੇਬੰਦੀਆਂ ਕਿਸਾਨਾਂ ਦੇ ਆਰਥਿਕ ਮੁੱਦਿਆਂ ਦੀ ਲੜਾਈ ਲੜਨ ਲਈ ਮੁਕਾਬਲਾ ਦੌੜ ਵਿਚ ਹਨ। ਇਹ ਇਲਾਕਾ ਭਾਰਤ ਵਿਚ ਸਭ ਤੋਂ

| ਪੰਜਾਬ | | | | | | ਵੱਖ-ਵੱਖ ਸ਼੍ਰੇਣੀਆਂ ਵਿਚ ਆਉਂਦੇ ਵਿਕਾਸ ਬਲਾਕ | | | |
|---|---|---|---|---|---|---|---|---|---|
| ਲੜੀ ਨੰ: | ਜ਼ਿਲ੍ਹਾ | ਕੁੱਲ ਵਿਕਾਸ ਬਲਾਕ | ਸਾਲਾਨਾ ਨਿਕਾਸੀ ਯੋਗ ਜਲ ਸਰੋਤ (ਹੈਕਟੇਅਰ ਮੀਟਰ) | ਸਾਰੇ ਉਪਯੋਗਾਂ ਲਈ ਕੁੱਲ ਸਾਲਾਨਾ ਨਿਕਾਸੀ (ਹੈਕਟੇਅਰ ਮੀਟਰ) | ਸਾਲਾਨਾ ਨਿਕਾਸੀ ਦੀ ਦਰ (%) | ਸੁਰੱਖਿਅਤ | ਨਾਜ਼ੁਕ | ਸ਼ੰਕਿਤ | ਵੱਧੋ ਸ਼ੋਸ਼ਿਤ |
| 1 | ਅੰਮ੍ਰਿਤਸਰ | 9 | 141856.25 | 237456.85 | 167 | | | | ਅਜਨਾਲਾ, ਅਟਾਰੀ, ਚੋਗਾਵਾਂ, ਹਰਸ਼ਾਛੀਨਾ, ਜੰਡਿਆਲਾ, ਮਜੀਠਾ, ਰਈਆ, ਤਰਸਿੱਕਾ, ਵੇਰਕਾ |
| 2 | ਬਰਨਾਲਾ | 3 | 54059.81 | 114349.67 | 212 | | | | ਬਰਨਾਲਾ, ਮਹਿਲ ਕਲਾਂ, ਸ਼ਹਿਣਾ |
| 3 | ਬਠਿੰਡਾ | 9 | 122839.99 | 131276.27 | 107 | ਸੰਗਤ | ਰਾਮਪੁਰਾ | ਤਲਵੰਡੀ ਸਾਬੋ | ਬਠਿੰਡਾ, ਭਗਤਾ ਭਾਈਕਾ, ਗੋਨਿਆਣਾ, ਮੌੜ, ਨਥਾਣਾ, ਫੂਲ |
| 4 | ਫ਼ਰੀਦਕੋਟ | 3 | 71166.36 | 98669.47 | 139 | | | | ਫ਼ਰੀਦਕੋਟ, ਜੈਤੋ, ਕੋਟਕਪੂਰਾ |
| 5 | ਫ਼ਤਹਿਗੜ੍ਹ-ਸਾਹਿਬ | 5 | 56448.02 | 114229.78 | 202 | | | | ਅਮਲੋਹ, ਬਸੀ ਪਠਾਣਾ, ਖਮਾਣੋਂ, ਖੇੜਾ, ਸਰਹਿੰਦ |
| 6 | ਫ਼ਾਜ਼ਿਲਕਾ | 5 | 93491.00 | 73510.84 | 79 | ਅਬੋਹਰ, ਖੂਈਆਂ ਸਰਵਰ | | ਫ਼ਾਜ਼ਿਲਕਾ | ਅਰਨੀਵਾਲਾ, ਜਲਾਲਾਬਾਦ |
| 7 | ਫ਼ਿਰੋਜ਼ਪੁਰ | 6 | 133804.81 | 178946.30 | 134 | | | | ਫ਼ਿਰੋਜ਼ਪੁਰ, ਘੱਲ ਖੁਰਦ, ਗੁਰੂਹਰਸਹਾਏ, ਮਖੂ, ਮਮਦੋਟ, ਜ਼ੀਰਾ |
| 8 | ਗੁਰਦਾਸਪੁਰ | 11 | 167182.97 | 208082.00 | 124 | ਦੋਰਾਂਗਲਾ | ਦੀਨਾਨਗਰ | ਗੁਰਦਾਸਪੁਰ, ਕਾਦੀਆਂ, ਸ੍ਰੀ ਹਰਗੋਬਿੰਦਪੁਰ | ਬਟਾਲਾ, ਡੇਰਾ ਬਾਬਾ ਨਾਨਕ, ਧਾਰੀਵਾਲ, ਫਤਹਿਗੜ੍ਹ ਚੂੜੀਆਂ, ਕਾਹਨੂੰਵਾਨ, ਕਲਾਨੌਰ |
| 9 | ਹੁਸ਼ਿਆਰਪੁਰ | 10 | 88926.24 | 90989.79 | 102 | ਭੂੰਗਾ, ਹਾਜੀਪੁਰ, ਤਲਵਾੜਾ | ਹੁਸ਼ਿਆਰਪੁਰ-2, ਮਾਹਿਲਪੁਰ, ਮੁਕੇਰੀਆਂ | | ਦਸੂਹਾ, ਗੜ੍ਹਸ਼ੰਕਰ, ਹੁਸ਼ਿਆਰਪੁਰ-1, ਟਾਂਡਾ |
| 10 | ਜਲੰਧਰ | 11 | 102436.80 | 263865.05 | 258 | | | | ਆਦਮਪੁਰ, ਭੋਗਪੁਰ, ਜਲੰਧਰ ਪੂਰਬੀ, ਜਲੰਧਰ ਪੱਛਮੀ, ਲੋਹੀਆਂ, ਮਹਿਤਪੁਰ, ਨਕੋਦਰ, ਨੂਰਮਹਿਲ, ਫਿਲੌਰ, ਰੁੜਕਾ ਕਲਾਂ, ਸ਼ਾਹਕੋਟ |
| 11 | ਕਪੂਰਥਲਾ | 5 | 66922.18 | 1659017 | 221 | | | | ਢਿੱਲਵਾਂ, ਕਪੂਰਥਲਾ, ਨਡਾਲਾ, ਫਗਵਾੜਾ, ਸੁਲਤਾਨਪੁਰ ਲੋਧੀ |
| 12 | ਲੁਧਿਆਣਾ | 13 | 164201.81 | 346729.02 | 211 | | | | ਡੇਹਲੋਂ, ਦੋਰਾਹਾ, ਜਗਰਾਓਂ, ਖੰਨਾ, ਲੁਧਿਆਣਾ-1, ਲੁਧਿਆਣਾ-2, ਮਾਛੀਵਾੜਾ, ਮਲੌਦ, ਪੱਖੋਵਾਲ, ਰਾਏਕੋਟ, ਸਮਰਾਲਾ, ਸਿੱਧਵਾਂ ਬੇਟ, ਸੁਧਾਰ |
| 13 | ਮਾਨਸਾ | 5 | 96006.96 | 147872.41 | 154 | | | | ਭੀਖੀ, ਬੁਢਲਾਡਾ, ਝੁਨੀਰ, ਮਾਨਸਾ, ਸਰਦੂਲਗੜ੍ਹ |
| 14 | ਮੋਗਾ | 5 | 90229.78 | 225939.38 | 250 | | | | ਬਾਘਾ ਪੁਰਾਣਾ, ਧਰਮਕੋਟ, ਕੋਟ ਈਸੇ ਖਾਂ, ਮੋਗਾ-1, ਮੋਗਾ-2, ਨਿਹਾਲ ਸਿੰਘ ਵਾਲਾ |
| 15 | ਮੋਹਾਲੀ | 3 | 26874.39 | 28272.17 | 105 | ਸਿਆਲਬਾ ਮਾਜਰੀ | | | ਡੇਰਾ ਬਸੀ, ਖਰੜ |
| 16 | ਮੁਕਤਸਰ | 4 | 116054.23 | 50473.28 | 43 | ਗਿੱਦੜਬਾਹਾ, ਲੰਬੀ, ਮਲੋਟ, ਮੁਕਤਸਰ | | | |
| 17 | ਨਵਾਂਸ਼ਹਿਰ | 5 | 61624.54 | 72277.85 | 117 | ਸੜੋਆ | ਬਲਾਚੌਰ | | ਔੜ, ਬੰਗਾ, ਨਵਾਂਸ਼ਹਿਰ |
| 18 | ਪਠਾਨਕੋਟ | 6 | 37301.53 | 19831.65 | 53 | ਧਾਰ ਕਲਾਂ, ਪਠਾਨਕੋਟ, ਸ਼ੋਖ ਸੁਜਾਨਪੁਰ | ਬਮਿਆਲ, ਘਰੋਟਾ, ਨਰੋਟ ਜੈਮਲ ਸਿੰਘ | | |
| 19 | ਪਟਿਆਲਾ | 9 | 126131.53 | 285600.63 | 226 | | | | ਭੁੰਨਰਹੇੜੀ, ਘਨੌਰ, ਨਾਭਾ, ਪਟਿਆਲਾ, ਪਾਤੜਾਂ, ਰਾਜਪੁਰਾ, ਸਮਾਣਾ, ਸਨੌਰ, ਸ਼ੰਭੂ ਕਲਾਂ |
| 20 | ਰੋਪੜ | 5 | 40977.55 | 41348.38 | 101 | ਰੋਪੜ | ਅਨੰਦਪੁਰ ਸਾਹਿਬ | ਨੂਰਪੁਰ ਬੇਦੀ | ਚਮਕੌਰ ਸਾਹਿਬ, ਮੋਰਿੰਡਾ |
| 21 | ਸੰਗਰੂਰ | 10 | 111773.54 | 337131.21 | 302 | | | | ਭਵਾਨੀਗੜ੍ਹ, ਧੂਰੀ, ਦਿੜ੍ਹਬਾ, ਲਹਿਰਾਗਾਗਾ, ਮਲੇਰਕੋਟਲਾ, ਅਹਿਮਦਗੜ੍ਹ, ਸੰਗਰੂਰ, ਸ਼ੇਰਪੁਰ, ਸੁਨਾਮ, ਮੂਨਕ |
| 22 | ਤਰਨ ਤਾਰਨ | 8 | 87711.08 | 1725158 | 193 | | | | ਭਿੱਖੀਵਿੰਡ, ਚੋਹਲਾ ਸਾਹਿਬ, ਗੰਡੀਵਿੰਡ, ਖਡੂਰ ਸਾਹਿਬ, ਨੌਸ਼ਹਿਰਾ ਪੰਨੂੰਆਂ, ਪੱਟੀ, ਤਰਨ ਤਾਰਨ, ਵਲਟੋਹਾ |

ਵੱਧ ਅਨਾਜ ਪ੍ਰਤੀ ਏਕੜ ਉਤਪਾਦਨ ਕਰਨ ਵਾਲਾ ਇਲਾਕਾ ਹੈ। ਰਾਜ ਵਿਚ ਮੌਜੂਦਾ ਰਾਜਨੀਤੀ ਦੇ ਮੁੱਖ ਹਿੱਸੇ ਦੀ ਇਸੇ ਖੇਤਰ ਤੋਂ ਬੁਨਿਆਦੀ ਤਾਕਤ ਦੇ ਸੋਮੇ ਦੀ ਨਿਸ਼ਾਨਦੇਹੀ ਹੁੰਦੀ ਹੈ।

ਪੰਜਾਬ ਦੇ ਸਿਰਫ਼ 18 ਬਲਾਕ ਹੀ ਪਾਣੀ ਦੀ ਨਿਕਾਸੀ ਦੇ ਸੁਰੱਖਿਅਤ ਜ਼ੋਨ ਵਿਚ ਆਉਂਦੇ ਹਨ, ਜਿਨ੍ਹਾਂ ਵਿਚੋਂ 8 ਬਲਾਕ ਅਜਿਹੇ ਖੇਤਰ ਵਿਚ ਪੈਂਦੇ ਹਨ ਜੋ ਭੂਜਲ ਦੀ ਮਾੜੀ ਕੁਆਲਿਟੀ ਦੇ ਨਾਲ-ਨਾਲ ਸੇਮ ਦੀ ਸਮੱਸਿਆ ਦਾ ਵੀ ਸਾਹਮਣਾ ਕਰ ਰਹੇ ਹਨ।


ਇਸ ਨਾਜ਼ੁਕ ਸਥਿਤੀ ਦੇ ਬਾਵਜੂਦ, ਕਿਸਾਨਾਂ ਜਾਂ ਹੋਰ ਸਿਆਸੀ ਤੌਰ 'ਤੇ ਜਾਗਰੂਕ ਵਰਗਾਂ ਵਲੋਂ ਸਮਾਜ ਅਤੇ ਰਾਜ 'ਤੇ ਦਬਾਅ ਪਾਉਣ ਲਈ ਕੋਈ ਖਾਸ ਨਾਅਰਾ ਬੁਲੰਦ ਨਹੀਂ ਕੀਤਾ ਗਿਆ ਕਿ ਇਨ੍ਹਾਂ ਅਤਿ-ਨਾਜ਼ੁਕ ਅਤੇ ਅਤਿ-ਸ਼ੋਸ਼ਣ ਵਾਲੇ ਖੇਤਰਾਂ ਵਿਚ ਧਰਤੀ ਹੇਠਲੇ ਪਾਣੀ ਨੂੰ ਸਿਰਫ਼ ਬੁਨਿਆਦੀ ਮਨੁੱਖੀ ਸਰਗਮੀਆਂ ਲਈ ਸੁਰੱਖਿਅਤ ਰੱਖਣ ਵਾਸਤੇ ਕੋਈ ਸਿਸਟਮੀ ਉਪਰਾਲਾ ਕੀਤਾ ਜਾਵੇ। ਇਹ ਵਰਤਾਰਾ ਸਵਾਲ ਖੜੇ ਕਰਦਾ ਹੈ ਕਿ ਕੀ ਅਸੀਂ ਉਪਜੀ ਹੋਈ ਇਸ ਸਥਿਤੀ ਪ੍ਰਤੀ ਇੰਨੇ ਉਦਾਸੀਨ, ਬੇਪ੍ਰਵਾਹ ਜਾਂ ਅਸੰਵੇਦਨਸ਼ੀਲ ਹਾਂ। ਇਹ ਸਥਿਤੀ, ਬਨਸਪਤੀ, ਜੀਵ-ਜੰਤੂ ਅਤੇ ਮਨੁੱਖੀ ਵਸੋਂ ਨੂੰ ਪ੍ਰਭਾਵਿਤ ਕਰਨ ਦੇ ਨਾਲ-ਨਾਲ ਰਾਸ਼ਟਰੀ ਖੁਰਾਕ ਸੁਰੱਖਿਆ ਨੂੰ ਵੀ ਖਤਰੇ ਵਿਚ ਪਾ ਸਕਦੀ ਹੈ ਕਿਉਂਕਿ ਪੰਜਾਬ ਕਈ ਦਹਾਕਿਆਂ ਤੋਂ 35 ਫ਼ੀਸਦੀ ਕਣਕ ਅਤੇ 25 ਫ਼ੀਸਦੀ ਚੋਲਾਂ ਦਾ ਰਾਸ਼ਟਰੀ ਅਨਾਜ ਭੰਡਾਰ ਵਿਚ ਯੋਗਦਾਨ ਪਾ ਰਿਹਾ ਹੈ।

ਸਰਦੀਆਂ ਵਿਚ ਉੱਤਰੀ ਭਾਰਤ ਦੇ ਨਾਲ-ਨਾਲ ਪੰਜਾਬ ਵਿਚ ਲਗਭਗ ਕੋਈ ਬਰਸਾਤ ਨਹੀਂ ਹੋਈ ਹੈ। ਰਾਸ਼ਟਰੀ ਮੌਸਮ ਭਵਿੱਖਬਾਣੀ ਕਰਨ ਵਾਲਿਆਂ ਨੇ ਆਉਣ ਵਾਲੀਆਂ ਗਰਮੀਆਂ ਵਿਚ ਅਲ ਨੀਨੋ ਮੌਸਮੀ ਸਥਿਤੀਆਂ ਦੀ ਭਵਿੱਖਬਾਣੀ ਕੀਤੀ ਹੈ, ਜਿਸ ਦੇ ਨਤੀਜੇ ਵਜੋਂ ਦੇਸ਼ ਵਿਚ ਆਮ ਨਾਲੋਂ ਘੱਟ ਮੌਨਸੂਨੀ ਬਰਸਾਤ ਹੋਵੇਗੀ ਅਤੇ ਆਮ ਨਾਲੋਂ ਵੱਧ ਗਰਮੀ ਪਵੇਗੀ, ਜਿਸ ਨਾਲ ਪੰਜਾਬ ਵਿਚ 76 ਲੱਖ ਏਕੜ ਰਕਬੇ ਵਿਚ ਝੋਨਾ ਪੈਦਾ ਕਰਨ ਲਈ ਧਰਤੀ ਹੇਠਲੇ ਪਾਣੀ 'ਤੇ ਦਬਾਅ ਹੋਰ ਵਧੇਗਾ। ਨਤੀਜਤਨ 14.50 ਲੱਖ ਟਿਊਬਵੈੱਲਾਂ ਰਾਹੀਂ ਧਰਤੀ ਹੇਠਲਾ ਪਾਣੀ ਕੱਢਣ ਦੀ ਜਿੱਥੇ ਮਿਕਦਾਰ ਹੋਰ ਵਧੇਗੀ, ਉੱਥੇ ਵੱਧ ਬਿਜਲੀ ਸਪਲਾਈ ਕਰਨ ਲਈ ਸਰਕਾਰ ਦੇ ਪਹਿਲਾਂ ਤੋਂ ਹੀ ਨਾਜ਼ੁਕ ਵਿੱਤੀ ਸਰੋਤਾਂ 'ਤੇ ਹੋਰ ਬੋਝ ਪਵੇਗਾ।

ਅਜਿਹੇ ਸਮਿਆਂ ਵਿਚ, ਪੰਜਾਬ ਦੇ ਮੁੱਖ ਮੰਤਰੀ ਦਾ ਮੀਂਹ ਦੇ ਪਾਣੀ ਦੀ ਸੰਭਾਲ ਪ੍ਰਣਾਲੀਆਂ ਬਾਰੇ ਜਾਣਨ ਲਈ ਤੇਲੰਗਾਨਾ ਦਾ ਦੌਰਾ ਇਸ ਮਾਮਲੇ ਵਿਚ ਪੰਜਾਬ ਵਿਚ ਯੋਗ ਕਾਰਵਾਈ ਨੂੰ ਉਤਸ਼ਾਹਿਤ ਕਰਨ ਲਈ ਇੱਕ ਸਾਕਾਰਾਤਮਿਕ ਸੰਕੇਤ ਹੈ।

ਇਸ ਲਈ, ਭਾਵੇਂ ਰਾਜਤੰਤਰ ਅਤੇ ਸਮਾਜ ਵਲੋਂ ਪਾਣੀ ਦੀ ਸੰਭਾਲ ਦੇ ਮੁੱਦੇ ਤੇ ਉਚਿਤ ਕਾਰਵਾਈ ਕਰਨ ਵਿਚ ਦੇਰੀ ਹੋਈ ਹੈ, ਪਰ ਫਿਰ ਵੀ ਗੈਰਹੰਢਣਸਾਰ ਅਤੇ ਥੋੜੇ ਸਮੇਂ ਦੇ ਵਿਕਾਸ ਦੀ ਸੋਚ ਦੇ ਮੁਕਾਬਲੇ ਲੰਬੇ ਸਮੇਂ ਦੇ ਟਿਕਾਊ ਜੀਵਨ ਦੇ ਪੱਖ ਵਿਚ ਆਪਣੀਆਂ ਪ੍ਰਾਥਮਿਕਤਾਵਾਂ ਨੂੰ ਮੁੜ ਸਥਾਪਿਤ ਕੀਤਾ ਜਾਣਾ ਅਤਿ ਲੋੜੀਂਦਾ ਹੈ। ਖੁਸ਼ਕਿਸਮਤੀ ਨਾਲ ਪੰਜਾਬ ਨੂੰ ਵਰਖਾ ਅਤੇ ਦਰਿਆਵਾਂ ਦੇ ਪਾਣੀ ਦੇ ਰੂਪ ਵਿਚ ਕੁਦਰਤ ਦੇ ਸਰੋਤਾਂ ਦੀ ਬਖ਼ਸ਼ਿਸ਼ ਹੈ। ਇਕ ਬਹੁਪੱਖੀ ਰਣਨੀਤੀ ਦੀ ਲੋੜ ਹੈ, ਜਿਸ ਵਿਚ ਰੀਚਾਰਜਿੰਗ ਰਾਹੀਂ ਧਰਤੀ ਹੇਠਲੇ ਪਾਣੀ ਨੂੰ ਵਧਾਉਣਾ ਅਤੇ ਇਸਦੀ ਵਧੇਰੇ ਸੰਕੋਚਕ ਅਤੇ ਕੁਸ਼ਲ ਵਰਤੋਂ ,ਖਾਸ ਕਰਕੇ ਖੇਤੀ ਖੇਤਰ ਵਿਚ, ਕਰਕੇ ਨਿਕਾਸੀ ਦੇ ਪੱਧਰ ਨੂੰ ਘਟਾਉਣਾ ਸ਼ਾਮਿਲ ਹੈ।

ਝੋਨਾ, ਜੋ ਕਿ ਬਿਨਾਂ ਸ਼ੱਕ ਪੰਜਾਬ ਦੇ ਖੇਤੀ ਵਾਤਾਵਰਨ ਦੀ ਕੁਦਰਤੀ ਫਸਲ ਨਹੀਂ ਹੈ। ਪੰਜਾਬ ਵਿਚ ਇੱਕ ਕਿਲੋ ਚੌਲ ਪੈਦਾ ਕਰਨ ਲਈ 5000 ਲੀਟਰ ਪਾਣੀ ਦੀ ਖਪਤ ਹੁੰਦੀ ਹੈ, ਜਦੋਂ ਕਿ ਪੱਛਮੀ ਬੰਗਾਲ ਵਿਚ ਇਸ ਲਈ ਸਿਰਫ਼ 2500 ਲੀਟਰ ਪਾਣੀ ਦੀ ਲੋੜ ਹੁੰਦੀ ਹੈ। ਇਸ ਤੋਂ ਇਲਾਵਾ, ਪੰਜਾਬ ਦੇ 650 ਮਿਲੀਮੀਟਰ ਦੇ ਮੁਕਾਬਲੇ ਪੱਛਮੀ ਬੰਗਾਲ ਵਿਚ 1500 ਮਿਲੀਮੀਟਰ ਸਾਲਾਨਾ ਵਰਖਾ ਹੁੰਦੀ ਹੈ। ਇੱਥੋਂ ਇਹ ਪਤਾ ਚਲਦਾ ਹੈ ਕਿ ਕਿਵੇਂ 1979 ਤੋਂ ਹਰ ਸਾਲ ਸਾਉਣੀ ਵਿਚ ਲਗਭਗ 75% ਕਾਸ਼ਤਯੋਗ ਖੇਤਰ ਵਿਚ ਝੋਨੇ ਦੀ ਕਾਸ਼ਤ ਨਾਲ




ਵਾਤਾਵਰਨਕ ਤਬਾਹੀ ਹੋਈ ਹੈ ਭਾਵੇਂ ਕਿ ਇਸ ਫਸਲ ਦੀ ਐਮ.ਐਸ.ਪੀ. ਅਤੇ ਸਰਕਾਰੀ ਖਰੀਦ ਦੀ ਗਾਰੰਟੀ ਕਾਰਨ ਵਕਤੀ ਖੁਸ਼ਹਾਲੀ ਵੀ ਕਿਸਾਨਾਂ ਦੇ ਵੇਖੀ ਹੈ।

ਨਤੀਜੇ ਵਜੋਂ, ਸਰਕਾਰ ਵਲੋਂ ਸਾਉਣੀ ਵਿਚ ਝੋਨੇ ਤੋਂ ਇਲਾਵਾ ਹੋਰ ਫ਼ਸਲਾਂ ਉਗਾਉਣ ਲਈ ਸਿਸਟਮੀ ਉਪਰਾਲੇ ਕਰਨੇ ਨਹਾਇਤ ਜਰੂਰੀ ਹਨ, ਜਿਸ ਅਧੀਨ ਦੂਜੀਆਂ ਫਸਲਾਂ ਦੀ ਖਰੀਦ ਯਕੀਨੀ ਬਣਾਉਣਾ ਅਤੇ ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਇਹ ਫ਼ਸਲਾਂ ਉਗਾਉਣ ਦਾ ਵਿੱਤੀ ਮੁਨਾਫਾ ਝੋਨਾ ਉਗਾਉਣ ਦੇ ਅਰਥ ਸ਼ਾਸਤਰ ਨਾਲ ਮੇਲ ਖਾਂਦਾ ਹੋਵੇ। ਝੋਨੇ ਦੀ ਲਵਾਈ ਦੀ ਮਿਤੀ ਨੂੰ ਮੌਨਸੂਨ ਦੀ ਆਮਦ ਨਾਲ ਮੇਲ ਕੇ ਅਤੇ ਝੋਨੇ ਦੇ ਕੱਦੂ ਵਿੱਧੀ ਦੀ ਥਾਂ ਸਿੱਧੀ ਬਿਜਾਈ ਨੂੰ ਉਤਸ਼ਾਹਿਤ ਕਰਨ ਦੇ ਨਾਲ ਝੋਨੇ ਦੀ ਕਾਸ਼ਤ ਦੇ ਖੇਤੀ ਵਿਗਿਆਨਕ ਤਰੀਕਿਆਂ ਨੂੰ ਮੁੜ ਸਥਾਪਿਤ ਕਰਨਾ ਮਹੱਤਵਪੂਰਨ ਹੈ। ਝੋਨੇ ਦੀ ਖੇਤੀ ਲਈ ਪਾਣੀ ਦੀ ਵਧੇਰੇ ਯੋਗ ਪਰ ਸੰਕੋਚ ਭਰਪੂਰ ਵਰਤੋਂ ਅਤੇ ਵਾਤਾਵਰਨ ਪੱਖੀ ਬਣਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਨੂੰ ਖੋਜ ਲਈ ਫੰਡ ਮੁਹੱਈਆ ਕਰਵਾਉਣਾ ਸਰਕਾਰ ਦਾ ਮੁਢਲਾ ਫਰਜ਼ ਬਣਦਾ ਹੈ। ਇਸ ਤੋਂ ਇਲਾਵਾ, ਪਾਣੀ ਕੁਸ਼ਲ ਵਰਤੋਂ ਨੂੰ ਯਕੀਨੀ ਬਣਾਉਣ ਲਈ ਉਦਯੋਗਾਂ, ਵਪਾਰਕ ਉੱਦਮਾਂ ਅਤੇ ਘਰੇਲੂ ਖੇਤਰਾਂ ਲਈ ਪਾਣੀ ਦੀ ਖਪਤ ਦੇ ਰੈਗੂਲਰ ਆਡਿਟ ਦੀ ਲੋੜ ਹੈ।


ਧਰਤੀ ਹੇਠਲੇ ਪਾਣੀ ਦੀ ਸੰਭਾਲ ਲਈ ਜ਼ਰੂਰੀ ਹੈ ਕਿ ਸੰਕਟ ਦੀ ਵਿਨਾਸ਼ਕਾਰੀ ਤੀਬਰਤਾ ਨੂੰ ਦੇਖਦੇ ਹੋਏ, ਸਥਿਤੀ ਦੀ ਡੂੰਘਾਈ ਦੇ ਅਨੁਪਾਤ ਨਾਲ ਤੁਰੰਤ ਵੱਡੇ ਕਦਮ ਚੁੱਕਣ ਤੋਂ ਬਿਨਾਂ ਹੁਣ ਗੁਜਾਰਾ ਨਹੀ ਹੋਣਾ। ਕੀ ਅਸੀਂ ਇਸ ਲਈ ਤਿਆਰ ਹਾਂ? ਜਵਾਬ ਹਾਂ ਜਾਂ ਨਾਹ ਦਾ ਨਹੀਂ, ਜਵਾਬ ਤਾਂ ਪੰਜਾਬੀ ਸਭਿਅਤਾ ਦੀ ਹੋਂਦ ਜਾਂ ਖਾਤਮੇ ਦਾ ਹੈ।

-0-



# ਨੰਨ੍ਹੇ ਵਾਰਸ

## ਵਿਆਕਰਨ ਸਬੰਧੀ ਸਵਾਲ ਜਵਾਬ



**-ਪਰਮਜੀਤ ਸਿੰਘ** ਪੰਜਾਬੀ ਮਾਸਟਰ, ਸ. ਸ. ਸ. ਸ., ਵਡਾਲੀ ਗੁਰੂ।

* ਪੰਜਾਬੀ ਭਾਸ਼ਾ ਵਿਚ ਪੰਜ ਨਾਸਕੀ ਧੁਨੀਆਂ ਹਨ--ਙ, ਞ, ਣ, ਨ, ਮ ਹਨ।

* ਬੋਲਣ ਲੱਗਿਆਂ ਨੱਕ ਵਿਚੋਂ ਆ ਰਹੀ ਅਵਾਜ਼ ਨੂੰ ਨਾਸਕੀ ਧੁਨੀ ਕਹਿੰਦੇ ਹਨ।

* ਆਪਣੇ ਮਨ ਦੇ ਭਾਵ ਲਿਖ ਕੇ ਪੇਸ਼ ਕਰਨ ਨੂੰ ਲਿਖਤੀ ਭਾਸ਼ਾ ਆਖਿਆ ਜਾਂਦਾ ਹੈ।

* ਆਪਣੇ ਮਨ ਦੇ ਭਾਵ ਬੋਲ ਕੇ ਪੇਸ਼ ਕਰਨ ਨੂੰ ਮੌਖਿਕ ਭਾਸ਼ਾ ਆਖਿਆ ਜਾਂਦਾ ਹੈ।

* ਸਾਡੇ ਸੰਵਿਧਾਨ ਵਿਚ 22 ਭਾਸ਼ਾਵਾਂ ਪ੍ਰਵਾਨਿਤ ਹਨ।

* ਪੰਜਾਬੀ ਦੀ ਲਿਪੀ ਗੁਰਮੁਖੀ ਹੈ।

* ਪੰਜਾਬੀ ਦੀ ਵਰਨਮਾਲਾ ਨੂੰ ਪੈਂਤੀ ਵੀ ਆਖਿਆ ਜਾਂਦਾ ਸੀ।

* ਵਰਤਮਾਨ ਸਮੇਂ ਗੁਰਮੁਖੀ ਵਰਨਮਾਲਾ ਵਿਚ 41 ਅੱਖਰ ਹਨ।

* ਲਿਪੀ ਨੂੰ ਭਾਸ਼ਾ ਦਾ ਪਰਿਵਾਰ ਕਿਹਾ ਜਾਂਦਾ ਹੈ।

* ਵਾਕ ਭਾਸ਼ਾ ਦੀ ਸਭ ਤੋਂ ਵੱਡੀ ਇਕਾਈ ਹੈ।

* ਵਿਆਕਰਨ ਵਿਚ ਧੁਨੀ ਦਾ ਅਰਥ ਆਵਾਜ਼ ਹੈ।

* ਧੁਨੀ ਨੂੰ ਉਚਾਰਨ ਵਿਚ ਲੱਗੇ ਸਮੇਂ ਨੂੰ ਲਗਾਂ ਮਾਤਰਾ ਆਖਿਆ ਜਾਂਦਾ ਹੈ।

* ਵਿਰੋਧੀ ਸ਼ਬਦ ਇਕ ਦੂਜੇ ਦੇ ਉਲਟ ਹੁੰਦੇ ਹਨ।

* ਸਾਰਥਕ ਸ਼ਬਦਾਂ ਦੇ ਅਰਥ ਹੁੰਦੇ ਹਨ।

* ਨਿਰਾਰਥਕ ਸ਼ਬਦਾਂ ਦੇ ਅਰਥ ਨਹੀਂ ਹੁੰਦੇ ਹਨ।

* ਸਾਰਥਕ ਸ਼ਬਦ ਪ੍ਰਯੋਗ ਦੇ ਆਧਾਰ ਤੇ ਅੱਠ ਪ੍ਰਕਾਰ ਦੇ ਹੁੰਦੇ ਹਨ।

* ਨਾਂਵ ਪੰਜ ਪ੍ਰਕਾਰ ਦੇ ਹੁੰਦੇ ਹਨ।

* ਪੜਨਾਂਵ ਛੇ ਪ੍ਰਕਾਰ ਦੇ ਹੁੰਦੇ ਹਨ।

* ਵਿਸ਼ੇਸ਼ਣ ਪੰਜ ਪ੍ਰਕਾਰ ਦੇ ਹੁੰਦੇ ਹਨ।

* ਕਿਰਿਆ ਦੋ ਪ੍ਰਕਾਰ ਦੀ ਹੁੰਦੀ ਹੈ।

* ਕਿਰਿਆ ਵਿਸ਼ੇਸ਼ਣ ਅੱਠ ਪ੍ਰਕਾਰ ਦੇ ਹੁੰਦੇ ਹਨ।

* ਵਿਸਮਿਕ ਨੌਂ ਪ੍ਰਕਾਰ ਦੇ ਹੁੰਦੇ ਹਨ।

* ਚਲ ਰਿਹਾ ਸਮਾਂ ਵਰਤਮਾਨ ਕਾਲ ਅਖਵਾਉਂਦਾ ਹੈ।

* ਲੰਘ ਗਿਆ ਸਮਾਂ ਭੂਤਕਾਲ ਅਖਵਾਉਂਦਾ ਹੈ।

* ਆਉਣ ਵਾਲਾ ਸਮਾਂ ਭਵਿੱਖਤ ਕਾਲ ਅਖਵਾਉਂਦਾ ਹੈ।

* ਖ਼ੁਸ਼ੀ, ਗ਼ਮੀਂ, ਹੈਰਾਨੀ, ਆਦਿ ਲਈ ਵਰਤੇ ਗਏ ਸ਼ਬਦ ਨੂੰ ਵਿਸਮਿਕ ਆਖਿਆ ਜਾਂਦਾ ਹੈ।

* ਨਾਂਵ ਦੀ ਜਗ੍ਹਾ ਵਰਤੇ ਗਏ ਸ਼ਬਦ ਨੂੰ ਪੜਨਾਂਵ ਆਖਿਆ ਜਾਂਦਾ ਹੈ।

* ਪ੍ਰਸ਼ਨ ਪੁੱਛਣ ਦੇ ਲਈ ਵਰਤਿਆ ਗਿਆ ਚਿੰਨ੍ਹ ਪ੍ਰਸ਼ਨ-ਚਿੰਨ੍ਹ (?) ਅਖਵਾਉਂਦਾ ਹੈ।

* 'ਵਿਸ਼ੇਸ਼ਣ' ਨਾਂਵ ਤੇ ਪੜਨਾਂਵ ਦੇ ਗੁਣ, ਔਗੁਣ ਦੱਸਦਾ ਹੈ।

* ਉਪ-ਬੋਲੀ ਕਿਸੇ ਖਾਸ ਖਿੱਤੇ ਵਿਚ ਬੋਲੀ ਜਾਂਦੀ ਬੋਲੀ ਨੂੰ ਆਖਦੇ ਹਨ।

* ਪੰਜਾਬੀ ਵਿਚ ਪ, ਫ, ਬ, ਭ, ਮ, ਵ ਦੋ ਹੋਂਠੀ ਵਿਅੰਜਨ ਹਨ।

* 'ਭਾਊ' ਮਾਝੀ ਉਪ-ਭਾਸ਼ਾ ਦਾ ਸ਼ਬਦ ਹੈ।

* 'ਤੀਮੀ' ਪੁਆਧੀ ਉਪਭਾਸ਼ਾ ਦਾ ਸ਼ਬਦ ਹੈ

* ਪੰਜਾਬੀ ਦੇ ੳ, ਅ, ੲ ਵਿਆਕਰਨ ਦੇ ਸਵਰ ਹਨ।

* ਪੰਜਾਬੀ ਵਿਆਕਰਨ ਵਿਚ ਵਿਸ਼ਰਾਮ ਚਿੰਨ੍ਹ ਕੁੱਲ ਤੇਰਾਂ ਹਨ।

* ਵਿਸ਼ਰਾਮ-ਚਿੰਨ੍ਹਾਂ ਦੇ ਤਰਤੀਬ ਵਾਰ ਨਾਮ ਡੰਡੀ, ਪ੍ਰਸ਼ਨਿਕ ਚਿੰਨ੍ਹ, ਵਿਸਮਿਕ ਚਿੰਨ੍ਹ, ਕਾਮਾ, ਬਿੰਦੀ ਕਾਮਾ, ਦੁਬਿੰਦੀ, ਡੈਸ਼, ਦੁਬਿੰਦੀ ਡੈਸ਼, ਪੁੱਠੇ ਕਾਮੇ, ਬਰੈਕਟ, ਜੋੜਨੀ, ਬਿੰਦੀ, ਛੁੱਟ ਮਰੋੜੀ ਆਦਿ ਹਨ।

* ਪੰਜਾਬੀ ਵਿਆਕਰਨ ਵਿਚ ਅੱਧਕ, ਬਿੰਦੀ ਤੇ ਟਿੱਪੀ ਲਗਾਖਰ ਹਨ।

* ਹ, ਰ, ਵ ਗੁਰਮੁਖੀ ਵਿਚ ਦੁੱਤ ਅੱਖਰ ਹਨ।

* ਪੰਜਾਬੀ ਵਰਨਮਾਲਾ ਨੂੰ 8 ਵਰਗਾਂ ਵਿਚ ਵੰਡਿਆ ਗਿਆ ਹੈ।

* ਵਰਨ ਬੋਧ ਵਿਆਕਰਨ ਦਾ ਪਹਿਲਾ ਭਾਗ ਹੈ।

* ਹਰ ਬੋਲੀ ਦੀ ਆਪਣੀ ਲਿਪੀ ਹੁੰਦੀ ਹੈ।

* ਅੰਗਰੇਜ਼ੀ ਦੀ ਲਿਪੀ ਰੋਮਨ ਹੈ।

* ਉਰਦੂ ਦੀ ਲਿਪੀ ਫਾਰਸੀ ਹੈ।

* ਹਿੰਦੀ ਦੀ ਦੇਵਨਾਗਰੀ ਹੈ।

* ਆਵਾਜ਼ਾਂ ਨੂੰ ਲਿਖਤੀ ਰੂਪ ਦੇਣ ਵਾਲੇ ਅੱਖਰ ਜਾਂ ਵਰਨ ਹੁੰਦੇ ਹਨ।

* ਕਾਰਕ ਅੱਠ ਪ੍ਰਕਾਰ ਦੇ ਹੁੰਦੇ ਹਨ।

* ਫਾਰਸੀ ਸ਼ਬਦਾਂ ਨੂੰ ਲਿਖਣ ਵੇਲੇ ਅੱਖਰਾਂ ਤੇ ਪੈਰਾਂ ਵਿਚ ਬਿੰਦੀ ਪਾਉਣੀ ਲਾਜ਼ਮੀ ਹੈ।

* ਸੰਬੰਧਤ ਦਾ, ਦੇ , ਦੀ ਆਦਿ ਨੂੰ ਨਾਂਵਾਂ ਜਾਂ ਪੜਨਾਵਾਂ ਨਾਲ ਜੋੜ ਕੇ ਨਹੀਂ ਲਿਖਿਆ ਜਾ ਸਕਦਾ।

* ਸ਼ਬਦ ਦੇ ਅੰਤ ਉੱਤੇ ਜੁੜਨ ਵਾਲਾ ਸ਼ਬਦ ਪਿਛੇਤਰ ਹੁੰਦਾ ਹੈ।

* ਆਮ ਤੌਰ 'ਤੇ ਵਾਕ ਵਿਚ ਸਭ ਤੋਂ ਪਹਿਲਾਂ ਕਰਤਾ ਫਿਰ ਕਰਮ ਤੇ ਅੰਤ ਵਿਚ ਕਿਰਿਆ ਹੁੰਦੀ ਹੈ।

* ਗੁਰਮੁਖੀ ਲਿਪੀ ਵਿਚ ਲਗਾਂ ਦੀ ਗਿਣਤੀ ਦਸ ਹੁੰਦੀ ਹੈ।

* ਲਗਾਂ-ਮਾਤਰਾ ਦੀ ਤਰਤੀਬ ਮੁਕਤਾ, ਕੰਨਾ, ਸਿਹਾਰੀ, ਬਿਹਾਰੀ, ਔਂਕੜ

ਦੁਲੈਂਕੜ, ਲਾਂ, ਦੁਲਾਂਵਾਂ, ਹੋੜਾ ਤੇ ਕਨੌੜਾ ਆਦਿ ਹਨ।

* 'ਅ' ਨਾਲ ਮੁਕਤਾ, ਕੰਨਾ, ਦੁਲਾਵਾਂ ਤੇਕਨੌੜਾ ਆਦਿ ਦੀ ਵਰਤੋਂ ਹੁੰਦੀ ਹੈ।

* 'ੲ' ਨਾਲ ਹਮੇਸ਼ਾ ਸਿਹਾਰੀ, ਬਿਹਾਰੀਤੇ ਲਾਂ ਆਦਿ ਲਗਾਂ ਦੀ ਵਰਤੋਂ ਹੁੰਦੀ ਹੈ।

* ਅੱਖਰਾਂ ਤੇ ਲਗਾਂ ਮਾਤਰਾ ਦੇ ਜੋੜ ਨੂੰ ਸ਼ਬਦ ਕਹਿੰਦੇ ਹਨ।

* ਵਿਆਕਰਨ ਵਿਚ ਸਿਰਫ ਸਾਰਥਕ ਸ਼ਬਦਾਂ ਦੀ ਹੀ ਵਰਤੋਂ ਹੁੰਦੀ ਹੈ। -0-

# ਪ੍ਰਸ਼ਨ ਉੱਤਰ

-**ਤਸਵਿੰਦਰ ਸਿੰਘ ਵੜੈਚ** ਪਿੰਡ ਦੀਵਾਲਾ, ਤਹਿਸੀਲ ਸਮਰਾਲਾ, ਜ਼ਿਲ੍ਹਾ ਲੁਧਿਆਣਾ। ਮੋਬਾਈਲ : 75279-31887

1. ਚਰਖਾ ਕੱਤਦੇ ਸਮੇਂ ਚਰਖੇ ਦੇ ਜਿਸ ਭਾਗ 'ਤੇ ਤੰਦ ਪਾਇਆ ਜਾਂਦਾ ਹੈ, ਉਸ ਭਾਗ ਨੂੰ ਕੀ ਕਹਿੰਦੇ ਹਨ?

2. ਜਿਸ ਘਰ ਵਿਚ ਪਸ਼ੂ ਬੰਨ੍ਹੇ ਜਾਂਦੇ ਹਨ, ਉਸ ਘਰ ਨੂੰ ਕੀ ਕਹਿੰਦੇ ਹਨ?

3. ਤੀਆਂ ਦਾ ਤਿਉਹਾਰ ਕਿਹੜੇ ਦੇਸੀ ਮਹੀਨੇ ਵਿਚ ਮਨਾਇਆ ਜਾਂਦਾ ਹੈ?

4. ਦੇਸੀ ਬੋਲੀ ਵਿਚ ਕੱਪੜਿਆਂ ਨੂੰ ਕੀ ਕਹਿੰਦੇ ਹਨ?

5. ਪਿੰਡਾਂ ਦੀਆਂ ਗਲੀਆਂ ਦੇ ਸਿਰਿਆਂ ਉੱਤੇ ਜੋ ਗੇਟ ਬਣਾਏ ਜਾਂਦੇ ਸਨ, ਉਨ੍ਹਾਂ ਨੂੰ ਕੀ ਕਿਹਾ ਜਾਂਦਾ ਸੀ?

6. ਇਕ ਮਣ ਵਿਚ ਕਿੰਨੇ ਸੇਰ ਹੁੰਦੇ ਹਨ?

7. ਗਹਿਣਿਆਂ ਨੂੰ ਠੇਠ ਪੰਜਾਬੀ 'ਚ ਕੀ ਕਹਿੰਦੇ ਹਨ?

8. ਸ਼ੀਰਨੀ ਕਿਹੜੀਆਂ ਕਿਹੜੀਆਂ ਮਿੱਠੀਆਂ ਚੀਜ਼ਾਂ ਪਾ ਕੇ ਬਣਾਉਂਦੇ ਹੁੰਦੇ ਸੀ?

9. ਬਲਦਾਂ ਨਾਲ ਚੱਲਣ ਵਾਲੇ ਉਸ ਖੇਤੀ ਸੰਦ ਦਾ ਨਾਂਅ ਦੱਸੋ, ਜਿਸ ਨਾਲ ਕਣਕ ਕੱਢੀ ਜਾਂਦੀ ਸੀ?

10. ਇਕ ਤੋਲੇ ਵਿਚ ਕਿੰਨੇ ਮਾਸੇ ਹੁੰਦੇ ਹਨ?

ਉੱਤਰ : (1) ਤੱਕਲਾ, (2) ਵਾੜਾ, (3) ਸਾਉਣ ਦੇ ਮਹੀਨੇ, (4) ਲੀੜੇ, (5) ਦਰਵਾਜ਼ੇ, (6) ਚਾਲੀ, (7) ਟੂੰਮਾਂ, (8) ਗੁੜ, ਸ਼ੱਕਰ, ਪਤਾਸੇ ਤੇ ਮਖਾਣੇ, (9) ਫਲ੍ਹਾ, (10) ਬਾਰਾਂ ਮਾਸੇ।

# ਆਓ ਜਾਣੀਏ ਬ੍ਰਹਿਮੰਡੀ ਤਰੰਗਾਂ ਬਾਰੇ

-**ਸੁਖਮੰਦਰ ਸਿੰਘ ਤੂਰ**
-ਪਿੰਡ ਤੇ ਡਾਕ-ਖੋਸਾ ਪਾਂਡੋ, ਮੋਗਾ-142048.


ਹੋਮੀ ਭਾਬਾ


ਵਿਕਰਮ ਸਾਰਾਭਾਈ

ਬੱਚਿਓ! ਸਾਡੇ ਬ੍ਰਹਿਮੰਡ ਵਿਚ ਦੂਰ ਸਥਿਤ ਵੱਖ-ਵੱਖ ਆਕਾਸ਼ ਗੰਗਾਵਾਂ ਚਾਰਜਿਤ ਕਣਾਂ ਨਾਲ ਭਰੀਆਂ ਪਈਆਂ ਹਨ। ਇਹ ਬਹੁਤ ਛੋਟੀ ਤਰੰਗ ਲੰਬਾਈ ਵਾਲੀਆਂ ਬਿਜਲਈ ਚੁੰਬਕੀ ਤਰੰਗਾਂ ਹਨ। ਇਨ੍ਹਾਂ ਤਰੰਗਾਂ ਨੂੰ ਕਾਸਮਿਕ ਰੇਜ਼ ਜਾਂ ਬ੍ਰਹਿਮੰਡੀ ਤਰੰਗਾਂ ਵੀ ਕਿਹਾ ਜਾਂਦਾ ਹੈ। ਇਹ ਧਨ (+) ਬਿਜਲਈ ਚਾਰਜ ਵਾਲੇ ਕਣਾਂ ਦੀਆਂ ਤਰੰਗਾਂ ਹਨ। ਇਨ੍ਹਾਂ ਕਣਾਂ ਵਿਚ ਪ੍ਰੋਟਾਨ, ਐਲਫਾ ਕਣ ਤੇ ਕਈ ਭਾਰੀ ਤੱਤਾਂ ਦੇ ਧਨ ਚਾਰਜ ਵਾਲੇ ਆਇਨ ਸ਼ਾਮਿਲ ਹਨ। ਇਹ ਸਾਡੇ ਸੋਲਰ ਸਿਸਟਮ ਤੋਂ ਬਾਹਰ ਦੀਆਂ ਗਲੈਕਸੀਆਂ ਵਿਚੋਂ ਆਉਂਦੀਆਂ ਹਨ। ਇਨ੍ਹਾਂ ਵਿਚਲੇ ਉੱਚੇ ਬਿਜਲਈ ਤੇ ਚੁੰਬਕੀ ਖੇਤਰ ਇਨ੍ਹਾਂ ਕਣਾਂ ਨੂੰ ਆਪੇ ਹੀ ਪ੍ਰਵੇਗਿਤ ਕਰਦੇ ਰਹਿੰਦੇ ਹਨ। ਇਨ੍ਹਾਂ ਕਣਾਂ ਉੱਪਰਲਾ ਚਾਰਜ ਅਤੇ ਇਨ੍ਹਾਂ ਦਾ ਉੱਚਾ ਵੇਗ ਇਨ੍ਹਾਂ ਨੂੰ ਤਰੰਗ ਦੇ ਗੁਣ ਪ੍ਰਦਾਨ ਕਰਦਾ ਹੈ। ਮੂਲ ਕਾਸਮਿਕ ਜਾਂ ਬ੍ਰਹਿਮੰਡੀ ਤਰੰਗਾਂ ਵਾਯੂਮੰਡਲ ਦੇ ਅਣੂਆਂ ਨਾਲ ਟਕਰਾਅ ਕੇ ਪ੍ਰੋਜ਼ੀਟਰਾਨ ਤੇ ਮੈਸਾਨ ਜਿਹੇ ਭਾਂਤ-ਭਾਂਤ ਦੇ ਦੁਜੈਲੇ ਕਣਾਂ ਨੂੰ ਜਨਮ ਦਿੰਦੀਆਂ ਹਨ।

ਇਹ ਤਰੰਗਾਂ ਉੱਚੀ ਊਰਜਾ ਵਾਲੇ ਕਣਾਂ ਦੀਆਂ ਬਣੀਆਂ ਹੁੰਦੀਆਂ ਹਨ। ਇਨ੍ਹਾਂ ਤਰੰਗਾਂ ਦਾ ਜਨਮ ਤਾਰਿਆਂ ਵਿਚੋਂ ਹੁੰਦਾ ਹੈ। ਕੁਦਰਤੀ ਹੈ ਕਿ ਸਾਡੇ ਸੂਰਜ ਵਿਚੋਂ ਵੀ ਇਹ ਬ੍ਰਹਿਮੰਡੀ ਤਰੰਗਾਂ ਨਿਕਲਦੀਆਂ ਹੋਣਗੀਆਂ । ਸਾਡੇ ਵਾਯੂਮੰਡਲ ਵਿਚ ਦਾਖਲ ਹੋਣ ਤੋਂ ਪਹਿਲਾਂ ਬ੍ਰਹਿਮੰਡੀ ਤਰੰਗਾਂ ਵਿਚ 89 ਫ਼ੀਸਦੀ ਪ੍ਰੋਟੀਨ, 9 ਫ਼ੀਸਦੀ ਹੀਲੀਅਮ ਨਾਭੀਆਂ ਤੇ ਬਾਕੀ ਭਾਰੀ ਤੱਤਾਂ ਦੀਆਂ ਨਾਭੀਆਂ ਹੁੰਦੀਆਂ ਹਨ। ਸਾਡਾ ਬ੍ਰਹਿਮੰਡ ਇਕ ਮੋਟੇ ਕੰਬਲ ਵਾਂਗ ਸਾਡੀ ਪ੍ਰਿਥਵੀ ਦੁਆਲੇ ਵਿਛਿਆ ਹੋਇਆ ਹੈ ਅਤੇ ਇਨ੍ਹਾਂ ਖ਼ਤਰਨਾਕ ਤਰੰਗਾਂ ਤੋਂ ਸਾਨੂੰ ਬਚਾਉਂਦਾ ਹੈ। ਵਾਯੂਮੰਡਲ ਵਿਚ ਇਹ ਤਰੰਗਾਂ ਟੁੱਟ-ਭੱਜ ਕੇ ਜ਼ਹਿਰੀਲੇ ਕਣਾਂ ਵਿਚ ਤਬਦੀਲ ਹੋ ਜਾਂਦੀਆਂ ਹਨ। ਸਮੁੰਦਰੀ ਸਤ੍ਹਾ ਤੱਕ ਪਹੁੰਚਦਿਆਂ-ਪਹੁੰਚਦਿਆਂ ਇਨ੍ਹਾਂ ਵਿਚ 70 ਫ਼ੀਸਦੀ ਮੀਜ਼ਾਨ, 29 ਫ਼ੀਸਦੀ ਇਲੈਕਟਰਾਨ ਪੋਜ਼ੀਟਰਾਨ ਜੋੜੇ ਤੇ ਬਾਕੀ ਰਹਿੰਦ-ਖੂਹੰਦ ਦੇ ਭਾਰੀ ਕਣ ਰਹਿ ਜਾਂਦੇ ਹਨ।

ਕਰੋੜਾਂ ਸਾਲਾਂ ਤੋਂ ਸਾਡੀ ਪ੍ਰਿਥਵੀ ਇਨ੍ਹਾਂ ਬ੍ਰਹਿਮੰਡੀ ਤਰੰਗਾਂ ਦੀ ਵਾਛੜ ਝੱਲ ਰਹੀ ਹੈ। ਜਿਉਂ-ਜਿਉਂ ਵਾਯੂਮੰਡਲ ਤੋਂ ਦੂਰ ਬ੍ਰਹਿਮੰਡ ਵਿਚ ਜਾਈਏ ਇਨ੍ਹਾਂ ਦੀ ਸ਼ਕਤੀ ਵਧਦੀ ਜਾਂਦੀ ਹੈ। ਲੱਗਭਗ 100 ਵਰ੍ਹੇ ਪਹਿਲਾਂ ਇਨ੍ਹਾਂ ਤਰੰਗਾਂ ਬਾਰੇ ਸਾਡੀ ਜਾਣਕਾਰੀ ਐਵੇਂ ਨਾ-ਮਾਤਰ ਹੀ ਸੀ। ਭਾਰਤੀ ਵਿਗਿਆਨੀਆਂ ਹੋਮੀ ਭਾਬਾ ਅਤੇ ਵਿਕਰਮ ਸਾਰਾਭਾਈ ਨੇ ਇਨ੍ਹਾਂ ਤਰੰਗਾਂ ਬਾਰੇ ਮਹੱਤਵਪੂਰਨ ਖੋਜ ਕੀਤੀ ਸੀ। ਇਹ ਬ੍ਰਹਿਮੰਡੀ ਤਰੰਗਾਂ ਕਾਫੀ ਖ਼ਤਰਨਾਕ ਹੁੰਦੀਆਂ ਹਨ ਜੋ ਮਨੁੱਖੀ ਸਰੀਰ ਵਿਚ ਅਛੋਪੋਲੇ ਹੀ ਦਾਖਲ ਹੋ ਕੇ ਨਿੱਕੇ-ਨਿੱਕੇ ਸੈਲਾਂ ਵਿਚ ਵਿਕਾਰ ਪੈਦਾ ਕਰਦੀਆਂ ਹਨ, ਜੋ ਚਮੜੀ ਕੈਂਸਰ ਵਰਗੇ ਭਿਆਨਕ ਰੋਗਾਂ ਨੂੰ ਜਨਮ ਦੇ ਸਕਦੇ ਹਨ।

-0-

# ਗਿਆਨ-ਵਿਗਿਆਨ: ਗੜੇ ਕਿਵੇਂ ਬਣਦੇ ਹਨ?

-**ਸਰਤਾਜ ਸਿੰਘ**
98144-55033

ਬੱਚਿਓ! ਤੁਸੀਂ ਸਭ ਨੇ ਗੜੇ ਪੈਂਦੇ ਤਾਂ ਦੇਖੇ ਹੀ ਹੋਣਗੇ। ਇਹ ਆਮ ਹੀ ਤੇਜ਼ ਮੀਂਹ ਦੇ ਨਾਲ ਸਰਦੀ, ਗਰਮੀ ਜਾਂ ਬਰਸਾਤ ਦੇ ਮੌਸਮ ਵਿਚ ਡਿਗਦੇ ਹਨ। ਇਹ ਗੜੇ ਮੋਤੀ ਵਾਂਗ ਛੋਟੇ ਤੇ ਨਿੰਬੂ ਵਾਂਗ ਜਾਂ ਉਸ ਤੋਂ ਵੀ ਵੱਡੇ ਹੋ ਸਕਦੇ ਹਨ। ਆਓ, ਜਾਣਦੇ ਹਾਂ ਕਿ ਕੁਦਰਤ ਵਿਚ ਗੜੇ ਕਿਵੇਂ ਬਣਦੇ ਹਨ। ਬੱਚਿਓ ਅਸੀਂ ਸਭ ਜਾਣਦੇ ਹਾਂ ਕਿ ਪਾਣੀ ਦਾ ਵਾਸ਼ਪੀਕਰਨ ਹੋਣ ਨਾਲ ਅਸਮਾਨ ਵਿਚ ਬੱਦਲ ਬਣਦੇ ਹਨ ਤੇ ਠੰਢੇ ਹੋਣ 'ਤੇ ਇਹ ਪਾਣੀ ਹੀ ਮੀਂਹ ਦੀਆਂ ਬੂੰਦਾਂ ਬਣ ਕੇ ਹੇਠਾਂ ਧਰਤੀ ਵੱਲ ਨੂੰ ਡਿੱਗਦਾ ਹੈ। ਤੂਫਾਨੀ ਬੱਦਲ ਕਈ ਵਾਰ ਬਹੁਤ ਹੀ ਵਿਸ਼ਾਲ ਹੋ ਜਾਂਦੇ ਹਨ ਜੋ ਸਮੁੰਦਰ ਤਲ ਤੋਂ ਤਿੰਨ ਕਿਲੋਮੀਟਰ ਤੋਂ ਸ਼ੁਰੂ ਹੋ ਕੇ 12 ਤੋਂ 15 ਕਿਲੋਮੀਟਰ ਤੱਕ ਫੈਲ ਜਾਂਦੇ ਹਨ। ਇਨ੍ਹਾਂ ਬੱਦਲਾਂ ਵਿਚ ਹਵਾ ਬਹੁਤ ਜ਼ੋਰ ਨਾਲ ਉੱਪਰ ਥੱਲੇ ਗਤੀ ਕਰਦੀ ਹੈ। ਹਵਾ ਦੇ ਤੇਜ਼ੀ ਨਾਲ ਉੱਪਰ ਜਾਣ ਕਾਰਨ ਵਾਸ਼ਪੀਕਰਨ ਦੀ ਪ੍ਰਕਿਰਿਆ ਵਧ ਜਾਂਦੀ ਹੈ ਪਰ ਉੱਪਰ ਵੱਲ ਨੂੰ ਤਾਪਮਾਨ ਸਿਫਰ ਦਰਜੇ ਸੈਲਸੀਅਸ ਤੋਂ ਘੱਟ ਹੋਣ ਕਾਰਨ ਇਹ ਵਾਸ਼ਪ ਬਰਫ਼ ਕਣ ਦਾ ਰੂਪ ਲੈ ਲੈਂਦੇ ਹਨ। ਛੋਟੇ-ਛੋਟੇ ਬਰਫ਼ ਕਣ ਆਪਸ ਵਿਚ ਜੰਮਦੇ ਜਾਂਦੇ ਹਨ ਤੇ ਹੇਠਾਂ ਵੱਲ ਨੂੰ ਡਿਗਦੇ ਹਨ ਪਰ ਹਵਾ ਦੀ ਉੱਪਰ ਵੱਲ ਨੂੰ ਗਤੀ ਜ਼ਿਆਦਾ ਹੋਣ ਕਾਰਨ ਇਹ ਫਿਰ ਉੱਪਰ ਵੱਲ ਨੂੰ ਜਾਂਦੇ ਹਨ ਤੇ ਵਾਸ਼ਪ ਹੋਏ ਹੋਰ ਕਣਾਂ ਨੂੰ ਆਪਣੇ ਉੱਪਰ ਚਿੰਬੇੜ ਲੈਂਦੇ ਹਨ। ਇਹ ਕਿਰਿਆ ਕਈ ਵਾਰ ਦੁਹਰਾਈ ਜਾਂਦੀ ਹੈ ਤੇ ਇਨ੍ਹਾਂ ਬਰਫ਼ ਦੇ ਕਣਾਂ ਦਾ ਆਕਾਰ ਵਧਦਾ ਜਾਂਦਾ ਹੈ। ਜਦੋਂ ਇਨ੍ਹਾਂ ਦਾ ਭਾਰ ਉੱਪਰ ਚੁੱਕਣ ਵਾਲੀ ਹਵਾ ਦੇ ਬਲ ਨਾਲੋਂ ਵੱਧ ਜਾਂਦਾ ਹੈ ਤਾਂ ਇਨ੍ਹਾਂ ਬਰਫ਼ ਦੀਆਂ ਟੁਕੜੀਆਂ ਨੂੰ ਹਵਾਵਾਂ ਸੰਭਾਲ ਨਹੀਂ ਸਕਦੀਆਂ ਤਾਂ ਇਹ ਧਰਤੀ 'ਤੇ ਡਿੱਗਣ ਲੱਗ ਜਾਂਦੇ ਹਨ ਅਤੇ ਇਨ੍ਹਾਂ ਨੂੰ ਆਪਾਂ ਗੜੇ ਕਹਿੰਦੇ ਹਾਂ। ਪਹਾੜਾਂ ਦੀ ਉਚਾਈ ਬਹੁਤ ਜ਼ਿਆਦਾ ਹੋਣ ਕਰਕੇ ਉਥੇ ਤਾਪਮਾਨ ਪਹਿਲਾਂ ਹੀ ਘੱਟ ਹੁੰਦਾ ਹੈ ਅਤੇ ਹਵਾ ਪਹਿਲਾਂ ਹੀ ਠੰਢੀ ਹੁੰਦੀ ਹੈ। ਇਸ ਲਈ ਉਥੇ ਬਰਫ਼ ਹੀ ਪੈਂਦੀ ਹੈ। ਕਈ ਵਾਰ ਗੜਿਆਂ ਦੇ ਨਾਲ ਮੀਂਹ ਵੀ ਪੈਂਦਾ ਹੈ, ਕਿਉਂਕਿ ਕੁਝ ਗੜੇ ਪਿਘਲ ਜਾਂਦੇ ਹਨ। ਜੇਕਰ ਕਿਸੇ ਗੜੇ ਨੂੰ ਕੱਟ ਕੇ ਧਿਆਨ ਪੂਰਵਕ ਦੇਖਿਆ ਜਾਵੇ ਤਾਂ ਇਸ ਦੇ ਸਫੈਦ ਅਤੇ ਪਾਰਦਰਸ਼ੀ ਭਾਗ ਵਿਚ ਗੋਲਾਈਆਂ ਨਜ਼ਰ ਆਉਣਗੀਆਂ, ਜੋ ਇਸ ਗੱਲ ਦਾ ਪ੍ਰਮਾਣ ਹਨ ਕਿ ਪਾਣੀ ਇਨ੍ਹਾਂ ਉੱਪਰ ਵਾਰ-ਵਾਰ ਜੰਮਦਾ ਰਿਹਾ ਹੈ। -0-

# ਬੁਰਾ ਨਹੀ ਸਭੁ ਭਲਾ ਹੀ ਹੈ ਰੇ...

-ਪ੍ਰਿੰ: ਹਰਿਭਜਨ ਸਿੰਘ

**ਇਹ ਜ਼ਰੂਰੀ ਨਹੀਂ ਕਿ ਦੌੜ ਤੇਜ਼ ਨੱਠਣ ਵਾਲਾ ਹੀ ਜਿੱਤੇ ਜਾਂ ਜਿੱਤ ਸਦਾ ਬਹੁ-ਗਿਣਤੀ ਦੀ ਹੀ ਹੋਵੇ। ਇਤਿਹਾਸ ਗਵਾਹ ਹੈ ਕਿ ਸੱਚ ਉਤੇ ਤੁਰ ਰਹੇ ਇਕੱਲੇ ਇਕੱਲੇ ਦ੍ਰਿੜ ਇਨਸਾਨ ਨੇ, ਕੌਮਾਂ ਦੀ ਕਾਇਆ ਪਲਟ ਦਿੱਤੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨਾਲ ਉਨ੍ਹਾਂ ਦੇ ਜਗਤ-ਕਲਿਆਣ ਹਿਤ ਨਿਕਲਣ ਸਮੇਂ ਕਿਤਨੇ ਕੁ ਸਾਥੀ ਸਨ? ਕਿਨ੍ਹਾਂ ਹਾਲਾਤ ਤੇ ਕਿਸ ਜੁਗ-ਗਰਦੀ ਵਿਚ, ਨਿਰੰਕਾਰੀ ਬਾਬਾ ਜਗਤ-ਜਲੰਦੇ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਘਰੋਂ ਨਿਕਲਿਆ ਸੀ? ਸਾਨੂੰ ਵਹਿੰਦੀਆਂ ਕਲਾਂ ਵਿੱਚ ਨਹੀਂ ਜਾਣਾ ਚਾਹੀਦਾ, ਸਗੋਂ ਇਸ ਗੱਲ ਦਾ ਪੂਰਨ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਹਮਦਰਦੀ, ਪਿਆਰ ਤੇ ਨੇਕੀ ਦਾ ਇੱਕ ਫੁਰਨਾ ਵੀ ਸੰਸਾਰ ਦੀ ਫ਼ਿਜ਼ਾ (ਵਾਤਾਵਰਣ) ਵਿਚ ਅਕਾਰਥ ਨਹੀਂ ਗੁਆਚਦਾ। ਅਸਾਂ ਇਸ ਮਾਇਆਵਾਦ ਦੇ ਘੋਲ ਵਿਚ ਸੱਚ ਦਾ ਪੱਲਾ ਨਹੀਂ ਛੱਡਣਾ। ਸਾਡਾ ਕੰਮ ਹੈ ਦੂਰ ਨੇੜੇ ਆਤਮਕ ਬੀਜ ਦਾ ਛੱਟਾ ਦੇਣਾ। ਇਸ ਦਾ ਸਿੱਟਾ ਕਦੋਂ ਤੇ ਕੀ ਨਿਕਲਦਾ ਹੈ, ਇਹ ਗੱਲ ਸਭ ਦੀ ਚਿੰਤਾ ਕਰਨ ਵਾਲੇ ਪ੍ਰਭੂ ਉਤੇ ਛੱਡ ਦਿਉ। ਨੇਕੀ ਕਰੋ ਤੇ ਰੱਬ ਉੱਤੇ ਭਰੋਸਾ ਰੱਖੋ।**

ਮਨੁੱਖ ਦੀ ਮਨੋਵਿਗਿਆਨਕ ਬਣਤਰ ਬਾਰੇ ਕੋਈ ਵਿਚਾਰ ਅਥਵਾ ਦਰਸ਼ਨ ਉਤਨਾ ਚਿਰ ਸੰਪੂਰਨ ਨਹੀਂ ਕਿਹਾ ਜਾ ਸਕਦਾ, ਜਿਤਨਾ ਚਿਰ ਉਹ ਸੰਸਾਰ ਅਥਵਾ ਮਨੁੱਖੀ ਸੁਭਾਅ ਵਿੱਚ ਵਾਪਰ ਰਹੇ ਬਦੀ ਦੇ ਅੰਸ਼ ਨੂੰ ਵੀ, ਵਿਚਾਰ-ਅਧੀਨ ਨਹੀਂ ਲਿਆਉਂਦਾ। ਦੁੱਖ-ਸੁੱਖ ਵਾਂਗ ਪਾਪ ਤੇ ਪੁੰਨ ਇਕੋ ਹੀ ਤਸਵੀਰ ਜਾਂ ਸਿੱਕੇ ਦੇ ਦੋ ਪਾਸੇ ਹਨ। ਜੀਵਨ-ਸੰਘਰਸ਼ ਅਤੇ ਸੰਸਾਰ ਦੀ ਤੋਰ ਲਈ ਇਨ੍ਹਾਂ ਦੋਹਾਂ ਵਿਰੋਧੀ ਭਾਵਾਂ ਦਾ ਮੇਲ ਇਵੇਂ ਹੀ ਕੁਦਰਤੀ ਪ੍ਰਤੀਤ ਹੁੰਦਾ ਹੈ, ਜਿਵੇਂ ਕੁਦਰਤ ਵਿੱਚ ਜਲ-ਅਗਨੀ ਦਾ ਮੇਲ।

ਮਨੁੱਖ ਆਦਿ ਕਾਲ ਤੋਂ ਹੀ **ਬੁਰਾਈ** ਵਿਰੁੱਧ ਵੱਡਾ ਘੋਲ ਕਰਦਾ ਆਇਆ ਹੈ। ਪੁਰਾਤਨ ਸਾਖੀਆਂ, ਦੇਵਤਿਆਂ ਤੇ ਦੈਂਤਾਂ ਦੇ ਆਪੋ ਵਿੱਚ ਦੇ ਯੁੱਧ-ਜੰਗ ਤੇ ਅੰਜੀਲ ਅਨੁਸਾਰ ਮੁੱਢਲੇ ਮਨੁੱਖ ਦਾ ਆਪਣੇ ਰਚਨਹਾਰੇ ਦੀ ਅਵੱਗਿਆ ਕਰਨ ਦੇ ਅਪਰਾਧ ਵਿੱਚ ਸੁਰਗੋਂ ਕੱਢੇ ਜਾਣਾ, ਬੁਰਾਈ ਦੀ ਹੋਂਦ ਨੂੰ ਆਦੀ ਬਣਾਉਂਦਾ ਹੈ। ਹਰੇਕ ਮੱਤ ਨੇ, ਇਸ ਨੂੰ ਇੱਕ ਜਾਂ ਦੂਜੀ ਸ਼ਕਲ ਵਿੱਚ ਸਵੀਕਾਰ ਕੀਤਾ ਹੈ। ਕਿਸੇ ਨੇ ਇਸ ਦਾ ਨਾਉਂ **ਮਾਇਆ** ਰਖ ਲਿਆ, ਕਿਸੇ ਨੇ **ਅਹਿਰਮਨ** ਤੇ ਕਿਸੇ ਨੇ **ਸ਼ੈਤਾਨ**।

ਸਾਰੇ ਧਾਰਮਿਕ ਫ਼ਲਸਫ਼ੇ, ਸਿਧਾਂਤਕ ਤੌਰ ਉੱਤੇ, ਇਸ ਗੱਲ ਉੱਤੇ ਸਹਿਮਤ ਹਨ ਕਿ ਪੁੰਨ ਤੇ ਪਾਪ, ਪ੍ਰਕਾਸ਼ ਤੇ ਅੰਧੇਰਾ, ਧੁੱਪ ਤੇ ਛਾਂ ਦੀ ਨਿਆਈਂ ਇੱਕ ਦੂਜੇ ਦੀ ਹੋਂਦ ਨੂੰ ਚਮਕਾਉਣ ਹਿੱਤ ਜ਼ਰੂਰੀ ਹਨ। ਅਸਲ ਵਿੱਚ ਹੋਂਦ ਤਾਂ ਕੇਵਲ **ਸੱਚ** ਦੀ ਹੈ, ਪ੍ਰਕਾਸ਼ ਦੀ ਹੀ ਹੈ, ਪਰੰਤੂ ਇਸ ਨੂੰ ਉਸ ਦੇ ਵਿਰੋਧੀ ਗੁਣ ਤੋਂ ਬਿਨਾਂ ਅਨੁਭਵ ਕਰ ਸਕਣਾ ਸੰਭਵ ਨਹੀਂ। ਕੇਵਲ **ਪਾਪ ਜਾਂ ਬੁਰਾਈ** ਆਪਣੀ ਜਾਤ ਵਿੱਚ ਟਿਕਣੀ ਅਸੰਭਵ ਹੈ। ਬੁਰਾਈ ਅਸਲ ਵਿੱਚ ਚੰਗਿਆਈ ਦੀ ਘਾਟ ਜਾਂ ਪਰਗਟ ਰੂਪ ਵਿੱਚ ਅਲੋਪਤਾ ਦਾ ਨਾਮ ਹੈ। ਜ਼ਿੰਦਗੀ ਤੇ ਮੌਤ, ਸੰਜੋਗ ਤੇ ਵਿਜੋਗ, ਧੁੱਪ ਤੇ ਛਾਂ, ਦਿਨ ਤੇ ਰਾਤ ਪਰਗਟ ਕਰਦੇ ਹਨ ਕਿ ਸੰਸਾਰ ਵਿੱਚ ਇਹ ਵਿਰੋਧੀ ਪੱਖ ਵਾਲੀ ਅਵਸਥਾ ਕਿਵੇਂ ਵਾਪਰ ਰਹੀ ਹੈ। ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਨੇਮ ਜੀਵਨ ਦੇ ਹਰ ਪਹਿਲੂ ਉਤੇ ਛਾ ਰਿਹਾ ਹੈ। ਪਰੰਤੂ ਡੂੰਘੇ ਵਿਸ਼ਲੇਸ਼ਣ ਤੋਂ ਸਿੱਧ ਹੋਵੇਗਾ ਕਿ ਇਹ ਮਨੁੱਖੀ ਮਨ ਦਾ ਭੁਲੇਖਾ ਹੈ, ਭਰਮ ਹੈ। ਅਸਲ ਵਿੱਚ ਇਹ ਦਿਸਦੀ ਅਨੇਕਤਾ ਦਵੈਤ ਨਹੀਂ, ਸਗੋਂ ਏਕਤਾ ਹੀ ਹੈ ਅਤੇ ਇਹੀ ਗੁਣ, **ਵਾਹਿਗੁਰੂ** ਦਾ ਸਦੀਵੀ ਤੇ ਸੁਭਾਵਕ ਨੇਮ ਹੈ।

ਇਸ ਵਿੱਚ ਕੋਈ ਸੰਦੇਹ ਨਹੀਂ ਕਿ ਇਹ ਦਵੈਤ ਭਾਵ ਵਾਲੀ ਅਵਸਥਾ ਸ੍ਰਿਸ਼ਟੀ ਵਿੱਚ ਇੱਕ ਸੂਖਮ ਤੇ ਬਲਵਾਨ ਸ਼ਕਤੀ ਬਣ ਕੇ ਵਾਪਰ ਰਹੀ ਹੈ। ਮਨੁੱਖਤਾ ਇਸ ਮੋਹ ਦੀ ਨਿੰਦਰਾ ਵਿੱਚ ਉਂਘਲਾ ਰਹੀ ਹੈ ਅਤੇ ਜਿਤਨਾ ਚਿਰ ਇਸ ਲੋਰੀ ਤੋਂ ਸੁਚੇਤ ਨਹੀਂ ਹੁੰਦੀ, ਉਤਨਾ ਚਿਰ ਇਹ ਜੀਵਨ-ਮੌਤ, ਪਾਪ-ਪੁੰਨ ਤੇ ਸ਼ਾਂਤੀ-ਅਸ਼ਾਂਤੀ ਦੇ ਪੰਘੂੜੇ ਵਿੱਚ ਏਧਰ ਓਧਰ ਡੋਲਦੀ ਰਹੇਗੀ। ਮਨੋਵਿਗਿਆਨਕ ਦ੍ਰਿਸ਼ਟੀਕੋਣ ਤੋਂ ਵੇਖਿਆਂ ਪਤਾ ਲਗਦਾ ਹੈ ਕਿ ਇਹ ਦਿਸਦੀ ਦਵੈਤ-ਅਵਸਥਾ ਕੋਈ ਅਟੱਲ, ਆਦੀ ਜਾਂ ਸਦੀਵੀ ਵਸਤੂ ਨਹੀਂ। ਅਸੀਂ ਆਮ ਤੌਰ ਉੱਤੇ ਦਿਨ-ਰਾਤ ਤੇ ਧੁੱਪ ਛਾਂ ਆਖਦੇ ਹਾਂ; ਪਰੰਤੂ ਦੀਰਘ-ਦ੍ਰਿਸ਼ਟੀ ਤੇ ਪੜਚੋਲ ਨਾਲ ਵੇਖਣ ਉਪਰੰਤ ਇਹ ਨੁਕਤਾ ਸਪੱਸ਼ਟ ਹੋ ਜਾਂਦਾ ਹੈ ਕਿ ਅਸਲ ਵਿੱਚ ਹੋਂਦ ਕੇਵਲ ਧੁੱਪ ਦੀ ਹੀ ਹੈ ਅਤੇ ਧੁੱਪ ਦੀ ਅਣਹੋਂਦ ਦਾ ਨਾਂ ਹੀ ਛਾਂ ਹੈ। ਪੂਰਨ ਅੰਧਕਾਰ ਜਿਹੀ ਕੋਈ ਵਸਤੂ ਨਹੀਂ, ਚਾਨਣ ਦੀਆਂ ਲਹਿਰਾਂ ਹਰ ਸਮੇਂ ਹਰ ਥਾਂ ਪ੍ਰਵੇਸ਼ ਕਰਦੀਆਂ ਰਹਿੰਦੀਆਂ ਹਨ। ਇਹ ਪਰਗਟ ਜਾਂ ਅਦ੍ਰਿਸ਼ਟ ਰੂਪ ਵਿੱਚ ਹਰ ਥਾਂ ਮੌਜੂਦ ਹਨ। ਅਸਲ ਵਿੱਚ ਇਸ ਸਭ ਪਸਾਰੇ ਵਿੱਚ ਪ੍ਰਕਾਸ਼ ਹੀ ਪ੍ਰਕਾਸ਼ ਹੈ। ਇਹੋ ਹਾਲ ਪੁੰਨ ਤੇ ਪਾਪ ਸ਼ਕਤੀ ਦਾ ਹੈ। ਵਾਸਤਵ ਵਿੱਚ ਚੰਗਿਆਈ ਹੀ ਸਾਰੇ ਪਸਰ ਰਹੀ ਹੈ। ਬੁਰਿਆਈ (ਪਾਪ) ਤਾਂ ਚੰਗਿਆਈ ਦੀ ਘਾਟ ਦਾ ਹੀ ਨਾਂ ਹੈ। ਇਸ ਦੀ ਆਪਣੀ ਕੋਈ ਹਸਤੀ ਜਾਂ ਹੋਂਦ ਨਹੀਂ। ਬਾਕੀ ਵਿਰੋਧੀ ਗੁਣਾਂ ਵਾਲੇ ਜੋੜਿਆਂ ਉੱਤੇ ਵੀ ਇਹੀ ਨਿਯਮ ਲਾਗੂ ਹੁੰਦਾ ਹੈ। ਅਸੀਂ ਇਸ ਤੋਂ ਇਸ ਸਿੱਟੇ ਉਤੇ ਪੁਜਦੇ ਹਾਂ ਕਿ ਹੋਂਦ ਕੇਵਲ ਪਾਜ਼ਿਟਿਵ (Positive) ਵਸਤੂ ਦੀ ਹੀ ਹੈ, ਨੈਗੇਟਿਵ (Negative) ਦੀ ਨਹੀਂ।

ਮਨੁੱਖੀ ਮਨ ਵਿੱਚ ਇਹ ਸ਼ਕਤੀ ਨਹੀਂ ਕਿ ਇਹ ਪੂਰਨ ਪ੍ਰਕਾਸ਼ ਦੀ ਪ੍ਰਸੰਸਾ ਜਾਂ ਪ੍ਰਤੀਤ ਕਰ ਸਕੇ। ਅੰਧੇਰਾ ਹੀ ਇਸ ਚਾਨਣ ਨੂੰ ਪ੍ਰਕਾਸ਼ ਜਾਂ ਦਿਸਦਾ-ਰੂਪ ਦੇਣ ਦਾ ਸਾਧਨ ਹੈ। ਇਸ ਲਈ ਇਹ ਅੰਧੇਰਾ, ਪਾਪ ਜਾਂ ਬੁਰਾਈ ਨਹੀਂ, ਸਗੋਂ ਚੰਗਿਆਈ ਨੂੰ ਪ੍ਰਗਟ ਕਰਨ ਦਾ ਵਸੀਲਾ ਹੈ। ਇਹ ਅੰਧਕਾਰ ਧਰਤੀ ਉੱਤੇ ਇਸ ਪ੍ਰਕਾਸ਼ ਦਾ ਜਨਮ-ਦਾਤਾ ਕਿਹਾ ਜਾ ਸਕਦਾ ਹੈ। ਇਹ ਪ੍ਰਕਾਸ਼ ਤੇ ਅੰਧਕਾਰ ਵਾਸਤਵ 'ਚ ਇੱਕੋ ਸਿੱਕੇ ਦੇ ਦੋ ਪਾਸੇ ਹਨ ਤੇ ਸ੍ਰਿਸ਼ਟੀ-ਰਚਨਾ ਦੇ ਆਦਿ ਕਾਲ ਤੋਂ ਇਸੇ ਤਰ੍ਹਾਂ ਤੁਰੇ ਆਏ ਹਨ ਤੇ ਅੱਗੋਂ ਵੀ ਜਦ ਤੱਕ ਸ੍ਰਿਸ਼ਟੀ-ਰਚਨਾ ਹੈ, ਇਕੱਠੇ ਕਰੰਗੜੀ ਪਾਈ ਤੁਰੇ ਜਾਣਗੇ।

ਜੇ ਅਸੀਂ ਸੰਸਾਰ ਵਿੱਚ ਪਾਪ ਦੀ ਹੋਂਦ ਨੂੰ ਵੀਚਾਰੀਏ ਤਾਂ ਵਰਤ ਰਹੇ ਜੁੱਗ ਦੀ ਸੂਝ ਬੂਝ ਦਾ, ਇਸ ਦੇ ਘਟ ਵਧ ਹੋਣ ਵਿੱਚ ਕਾਫੀ ਹੱਥ ਹੈ। ਫ਼ਿਲਾਸਫ਼ਰ ਪਲੈਟੋ ਇਸ ਚੱਕਰ ਨੂੰ ਦੋ ਹਿਸਿਆਂ- **ਉਪਜਾਊ ਜੁੱਗ** ਤੇ **ਵੀਰਾਨਾ-ਜੁੱਗ** ਵਿੱਚ ਵੰਡਦਾ ਹੈ। ਜਦ **ਤਾਰਾ ਪ੍ਰਕਾਸ਼** ਦਾ ਚੱਕਰ **ਦੈਵੀ ਆਤਮਾ** ਨਾਲ ਇੱਕ-ਸੁਰ ਹੁੰਦਾ ਹੈ ਤਾਂ ਉਸ ਵੇਲੇ ਅਸੀਂ ਉਪਜਾਊ-ਜੁਗ (ਸਤਿਜੁਗ) ਦੇ ਚੱਕਰ ਵਿੱਚ ਹੁੰਦੇ ਹਾਂ, ਤੇ ਸੰਸਾਰ ਉੱਤੇ ਸੁੱਖ ਤੇ ਸ਼ਾਂਤੀ ਹੁੰਦੀ ਹੈ। ਅਜਿਹੇ ਸਮੇਂ ਬ੍ਰਿਛਾਂ, ਪਸ਼ੂਆਂ ਤੇ ਧਾਤਾਂ ਦੀਆਂ ਗੁਪਤ ਸ਼ਕਤੀਆਂ, ਕੁਦਰਤ ਵਿੱਚ ਵਰਤ ਰਹੀਆਂ ਉਚੇਰੀਆਂ ਆਤਮ-ਰੌਆਂ ਦੀਆਂ, ਸਹਾਇਕ ਹੋ ਕੇ ਇੱਕ-ਸੁਰਤਾ ਪੈਦਾ ਕਰਦੀਆਂ ਹਨ, ਪਰੰਤੂ ਵੀਰਾਨੇ-ਜੁਗ (ਕਲਿਜੁਗ) ਵਿੱਚ ਬਹੁ-ਗਿਣਤੀ ਅਜਿਹੇ ਮਨੁੱਖਾਂ ਦੀ ਹੁੰਦੀ ਹੈ ਜਿਨ੍ਹਾਂ ਦੀ ਆਤਮਕ ਦ੍ਰਿਸ਼ਟੀ ਧੁੰਧਲਾ ਕੇ **ਆਪੇ** ਦੀਆਂ ਉੱਚੀਆਂ ਤਾਕਤਾਂ ਨੂੰ ਨਹੀਂ ਲੱਭ ਸਕਦੀ।

ਅਸੀਂ ਅੱਜ-ਕੱਲ੍ਹ ਇੱਕ ਅਜਿਹੇ ਮਾਦਾ-ਪ੍ਰਸਤੀ ਦੇ **ਵੀਰਾਨੇ-ਜੁੱਗ** ਵਿਚੋਂ ਦੀ ਲੰਘ ਰਹੇ ਹਾਂ, ਜਿਸ ਵਿੱਚ ਨਾਸਤਕਤਾ ਦੀ ਬੀਮਾਰੀ ਵੱਧ ਰਹੀ ਹੈ। ਆਤਮ-ਸੂਝ ਉੱਤੇ ਪੜਦਾ ਪਿਆ ਹੋਇਆ ਹੈ ਅਤੇ ਪਸ਼ੂ ਵੀਚਾਰ-ਧਾਰਾ ਪ੍ਰਧਾਨ ਹੈ। ਮਨੁੱਖ: ਨਸਲਾਂ, ਕਬੀਲਿਆਂ, ਮਜ਼ਹਬੀ ਸੰਪ੍ਰਦਾਵਾਂ ਤੇ ਸੰਸਥਾਵਾਂ ਦੀ ਵੰਡ ਵਿੱਚ ਵੰਡਿਆ ਜਾ ਕੇ, ਆਪੋ ਵਿੱਚ ਹੀ ਉਲਝ

ਕੇ ਗੁੱਥਮ-ਗੁੱਥਾ ਹੋ ਰਿਹਾ ਹੈ। ਮੱਕੜੀ ਵਾਂਗ ਆਪਣੇ ਤਣੇ ਮਾਇਆ-ਜਾਲ ਵਿੱਚ ਉਲਝ ਕੇ ਆਪਣਾ ਵਿਨਾਸ਼ ਕਰ ਰਿਹਾ ਹੈ। ਹਰ ਪਾਸੇ ਬੇ-ਪਰਤੀਤੀ ਹੈ, **ਸੱਚ** ਤੇ **ਸੱਚੇ ਆਚਾਰ** ਦੀ ਘਾਟ ਕਾਰਨ ਇਹ ਬੇ-ਇਤਬਾਰੀ, ਅਸ਼ਾਂਤੀ ਤੇ ਈਰਖਾ ਦੀ ਭੱਠੀ ਵਿੱਚ ਦਗਧ ਹੋ ਰਿਹਾ ਹੈ। ਸੁ ਵੈਦ ਜਗਤ-ਗੁਰੂ ਨਾਨਕ ਸਾਹਿਬ ਜੀ ਦਾ ਦਸਿਆ **ਸੱਚ** ਤੇ **ਸੱਚੇ ਆਚਾਰ** ਦਾ ਨੁਸਖ਼ਾ ਹੀ ਮਨੁੱਖ ਨੂੰ, ਅਧੋਗਤੀ ਵਾਲੀ ਇਸ ਦਸ਼ਾ ਵਿਚੋਂ ਕੱਢ ਕੇ ਪਰਮ-ਸੁੱਖ ਮਾਨਣ ਦੇ ਯੋਗ ਬਣਾ ਸਕਦਾ ਹੈ। ਕਿਤਨਾ ਅਭਾਗਾ ਹੈ ਇਹ ਇਨਸਾਨ। ਸਭ ਸਾਧਨ ਹਨ ਇਸ ਦੇ ਪਾਸ ਸਦੀਵੀ ਸੁੱਖ ਦੇ, ਪਰੰਤੂ **ਸੱਚ** ਦੀ ਅਣਹੋਂਦ ਦੇ ਕਾਰਨ, ਇਹੀ ਸਾਧਨ ਇਸ ਦੇ ਨਾਸ਼, ਬਰਬਾਦੀ ਤੇ ਅੱਠੇ ਪਹਿਰ ਭਟਕਣ ਦਾ ਕਾਰਨ ਬਣ ਰਹੇ ਹਨ। ਸੰਸਾਰ-ਰੂਪੀ ਮਹਲ ਵਿੱਚ ਇਸ ਦੇ ਸੁੱਖ-ਆਰਾਮ ਲਈ ਸਜਿਆ ਸਾਮਾਨ ਹੀ, ਇੱਕ **ਸੱਚ** ਦੀ ਬੱਤੀ ਗੁੱਲ ਹੋਣ ਕਰਕੇ, ਠੋਕਰਾਂ ਦਾ ਕਾਰਨ ਬਣ ਕੇ, ਇਸ ਦੇ ਗੋਡੇ ਗਿੱਟੇ ਭੰਨਣ, ਮੂਧੇ ਮੂੰਹ ਸੁੱਟਣ ਤੇ ਪੀੜਤ ਕਰਨ ਦਾ ਕਾਰਨ ਬਣ ਰਿਹਾ ਹੈ।

ਇਹ ਦੀਨ-ਦਸ਼ਾ ਉਤਨਾ ਚਿਰ ਨਹੀਂ ਹੱਟ ਸਕਦੀ, ਜਦ ਤਕ ਅਸੀਂ ਮਾਇਆ ਅਥਵਾ ਮਾਦੇ ਦੀਆਂ ਜੰਮੀਆਂ ਤਹਿਆਂ ਨੂੰ ਪਰ੍ਹਾਂ ਹਟਾ ਕੇ ਅਤੇ ਆਪਣੇ **ਨਿੱਜ-ਸਰੂਪ** ਨੂੰ ਰੱਖ ਕੇ, ਅੰਤਰ-ਮੁਖੀ ਹੋ ਨਹੀਂ ਵਿਚਰਦੇ। ਕੇਵਲ ਇੰਦਰੇ ਵੱਸ ਹੋ ਜਾਣ ਨਾਲ ਭਟਕਣ ਤੋਂ ਬੰਦ-ਖਲਾਸੀ ਹੋਣੀ ਅਸੰਭਵ ਹੈ। ਮਨ ਵਿੱਚ ਵਾਪਰ ਰਹੀ **ਤ੍ਰਿਸ਼ਨਾ** ਹੀ ਦੁੱਖ ਦਾ ਮੂਲ ਕਾਰਨ ਹੈ। ਇਸ ਤੋਂ ਛੁਟਕਾਰਾ ਪਾਉਣ ਉਤੇ ਹੀ ਸੰਸਾਰ ਵਿੱਚ ਇੱਕ ਸਹੀ ਤੇ ਸਵਰਗੀ ਇਨਸਾਨੀ ਬਰਾਦਰੀ ਕਾਇਮ ਹੋ ਸਕਦੀ ਹੈ।

ਸੁੱਖ-ਦੁੱਖ, ਜੀਵਨ ਦੇ ਕਠਿਨ ਪ੍ਰਸ਼ਨ ਹਨ। ਕਈ ਪੁਰਸ਼ ਇਹਨਾਂ ਵਲੋਂ ਕਬੂਤਰ ਵਾਂਗ ਅੱਖਾਂ ਮੀਟ ਕੇ, ਇਹ ਕਹਿ ਕੇ ਹੀ ਸੰਤੁਸ਼ਟ ਹੋ ਲੈਂਦੇ ਹਨ ਕਿ **ਕੁਦਰਤ** ਨੂੰ ਆਪਣੇ ਰਾਹ ਤੁਰਨ ਦਿਓ, ਸਭ ਅੱਛਾ ਹੈ। ਪਰੰਤੂ ਵਧੇਰੇ ਸੂਝ ਵਾਲੀ ਆਤਮਾ ਮਹਿਸੂਸ ਕਰਦੀ ਹੈ ਕਿ ਉਸ ਦੇ ਪੈਰ ਧਰਤੀ ਵਿੱਚ ਗੱਡੇ ਪਏ ਹਨ ਤੇ ਮਨ ਜਾਮ ਹੋ ਕੇ ਪੱਥਰ ਹੁੰਦਾ ਜਾ ਰਿਹਾ ਹੈ। ਨਿਰਸੰਦੇਹ ਸੰਸਾਰ ਦੀ ਅੱਜ ਦੀ ਦਸ਼ਾ ਐਸੀ ਘਿਣਾਉਣੀ ਹੈ, ਜੋ ਇੱਕ ਉੱਚੀ ਅਵਸਥਾ ਵਿੱਚ ਇਸਥਿਤ ਆਤਮਾ ਨੂੰ ਵੀ ਚਿੰਤਾਤੁਰ ਕਰਨ ਵਾਲੀ ਹੋਵੇ। ਲੋਭ (Greed) ਤੇ ਹਉਮੈ (Ego) ਅਧੀਨ, ਪਰਸਪਰ ਨਾਸ਼ ਕਰਨ ਵਾਲੇ ਝਗੜੇ, ਅਕਾਰਨ ਜਬਰ, ਵੱਧ ਰਹੀ ਨਸਲੀ ਨਫ਼ਰਤ, ਧਰਮ ਦੇ ਨਾਂ ਤੇ ਧੱਕਾ, ਰੋਟੀ ਤੋਂ ਭੁੱਖੇ ਤੇ ਰੋਂਦੇ ਬਿਰਧਾਂ, ਬੇਕਾਰਾਂ ਤੇ ਬੱਚਿਆਂ ਵਲੋਂ ਲਾਪ੍ਰਵਾਹੀ, ਕਾਣੀ ਵੰਡ ਤੇ ਕੌਮੀਅਤ ਦੇ ਨਾਂ ਉੱਤੇ ਲੁੱਟ-ਖਸੁੱਟ, ਦਿਲ ਤੇ ਦਿਮਾਗ਼ ਨੂੰ ਚਕਰਾ ਰਹੇ ਹਨ। ਦਾਤੇ ਦੀ ਅਗੰਮੀ ਸ਼ਕਤੀ ਦੇ ਸਹਾਰੇ ਤੋਂ ਬਿਨਾਂ ਮਨੁੱਖਤਾ ਦਾ ਇਸ ਰਸਾਤਲ ਵਿਚੋਂ ਨਿਕਲਣਾ ਅਤੀ ਕਠਿਨ ਹੈ।

ਪਰ ਕੀ, ਅਜਿਹੀ ਦੀਨ-ਦਸ਼ਾ ਵਿੱਚ, ਉਦਾਸ ਹੋ ਕੇ, ਢੇਰੀ ਢਾਹ ਬਹਿਣਾ ਉਚਿਤ ਹੈ? ਨਹੀਂ, ਕਦਾਚਿਤ ਨਹੀਂ। ਅਸੀਂ ਜਾਣਦੇ ਹਾਂ ਕਿ ਹਰੇਕ ਵਸਤੂ ਵਿੱਚ ਨੇਕੀ ਦਾ ਅੰਸ਼ ਹੈ। ਸਾਨੂੰ ਵਿਸ਼ਵਾਸ ਹੈ ਕਿ ਮਨੁੱਖਤਾ ਨੇ ਅਵੱਸ਼ ਉਚੇਰੇ ਉੱਠਣਾ ਹੈ। ਜੇ ਸਾਡੇ ਨੇਤਾ ਆਪਣਾ ਮਨ ਬਦਲ ਕੇ ਅਤੇ ਸੁਆਰਥੀ ਗੱਲਾਂ ਤੋਂ ਉੱਚੇ ਹੋ ਕੇ ਇਸ ਪਾਸੇ ਜੁਟ ਜਾਣ ਤਾਂ ਜਨਤਾ ਪਿੱਛੇ ਲਗ ਤੁਰੇਗੀ, ਉਹ ਵਿਸ਼ਵਾਸ਼ੀ ਹੈ। ਇਸ ਲਈ ਸਰਬ-ਸਾਂਝੀ ਤੇ ਸੱਚ-ਆਚਾਰੀ ਵਿਦਿਆ ਦੀ ਲੋੜ ਹੈ। ਫੇਰ ਉਹੀ ਨਿਯਮ ਤੇ ਸ਼ਕਤੀਆਂ, ਜੋ ਬੁਰਾਈ ਲਈ ਸਹਾਇਕ ਹੋ ਰਹੀਆਂ ਹਨ, ਭਲਾਈ ਲਈ ਵਰਤੀਆਂ ਜਾ ਸਕਣਗੀਆਂ। ਹਰੇਕ ਦੇਸ਼ ਜਾਂ ਜਾਤੀ ਵਿੱਚ ਰੌਸ਼ਨ-ਮੁਨਾਰੇ ਹਨ, ਜੋ ਭਟਕਦੇ ਜੀਵਾਂ ਨੂੰ ਰਾਹ ਵਿਖਾ ਰਹੇ ਹਨ। ਸਾਡਾ ਫ਼ਰਜ਼ ਇਨ੍ਹਾਂ ਨੂੰ ਪਰਜੁੱਲਤ ਰਖਣਾ ਹੈ। ਅਸਾਂ ਨਾਸਤਕਤਾ ਤੇ ਸੰਪ੍ਰਦਾਇਕਤਾ ਵਿਰੁੱਧ ਜਹਾਦ ਕਰਨਾ ਤੇ ਸੱਚ ਉੱਤੇ ਡੱਟਣਾ ਹੈ। ਹਰੇਕ ਸਤਿਵਾਦੀ ਆਸਤਕ ਨੇ ਸਚਿਆਰਾਂ ਦੇ ਜੁੜਨ ਲਈ ਇੱਕ ਮਿਕਨਾਤੀਸੀ ਕੇਂਦਰ ਬਣਨਾ ਹੈ। ਉਸ ਨੇ ਆਪਣੇ ਆਲੇ-ਦੁਆਲੇ ਸ਼ੁੱਭ ਖਿਆਲਾਂ ਦਾ ਛੱਟਾ ਦੇਣਾ ਹੈ। ਮਿੱਠ-ਬੋਲੜੇ ਬਣ ਕੇ ਢਹਿੰਦਿਆਂ ਤੇ ਜ਼ਖਮੀ ਮਨਾਂ ਉੱਤੇ ਪਿਆਰ ਦੀ ਮਲ੍ਹਮ ਲਾਉਣੀ ਹੈ। ਇਸ ਤਰ੍ਹਾਂ ਉਹ **ਕੁਝ** ਉਤੇ ਪ੍ਰਭਾਵ ਪਾ ਸਕਣਗੇ। ਹੋ ਸਕਦਾ ਹੈ ਉਹ **ਕਈਆਂ** ਨੂੰ ਆਪਣੀ ਚੰਦਨੀ ਸੁਗੰਧ ਨਾਲ ਸੁਗੰਧ ਵਾਲੇ ਬਣਾ ਸਕਣ। ਇਸ ਨਾਲ ਬਾਕੀ ਨਿਰਬਲਾਂ ਨੂੰ ਉਤਸ਼ਾਹ ਅਤੇ ਜੱਕੋ-ਤੱਕੇ ਕਰਨ ਵਾਲਿਆਂ ਨੂੰ ਦ੍ਰਿੜ੍ਹਤਾ ਪ੍ਰਾਪਤ ਹੋਵੇਗੀ।

ਇਹ ਜ਼ਰੂਰੀ ਨਹੀਂ ਕਿ ਦੌੜ ਤੇਜ਼ ਨੱਠਣ ਵਾਲਾ ਹੀ ਜਿੱਤੇ ਜਾਂ ਜਿੱਤ ਸਦਾ ਬਹੁ-ਗਿਣਤੀ ਦੀ ਹੀ ਹੋਵੇ। ਇਤਿਹਾਸ ਗਵਾਹ ਹੈ ਕਿ **ਸੱਚ** ਉਤੇ ਤੁਰ ਰਹੇ ਇਕੱਲੇ ਇਕੱਲੇ ਦ੍ਰਿੜ੍ਹ ਇਨਸਾਨ ਨੇ, ਕੌਮਾਂ ਦੀ ਕਾਇਆ ਪਲਟ ਦਿੱਤੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨਾਲ ਉਨ੍ਹਾਂ ਦੇ ਜਗਤ-ਕਲਿਆਣ ਹਿਤ ਨਿਕਲਣ ਸਮੇਂ ਕਿਤਨੇ ਕੁ ਸਾਥੀ ਸਨ? ਕਿਨ੍ਹਾਂ ਹਾਲਾਤ ਤੇ ਕਿਸ ਜੁਗ-ਗਰਦੀ ਵਿਚ, ਨਿਰੰਕਾਰੀ ਬਾਬਾ ਜਗਤ-ਜਲੰਦੇ ਨੂੰ ਸ਼ਾਂਤੀ ਦਾ ਸੁਨੇਹਾ ਦੇਣ ਲਈ ਘਰੋਂ ਨਿਕਲਿਆ ਸੀ? ਸਾਨੂੰ ਢਹਿੰਦੀਆਂ ਕਲਾਂ ਵਿੱਚ ਨਹੀਂ ਜਾਣਾ ਚਾਹੀਦਾ, ਸਗੋਂ ਇਸ ਗੱਲ ਦਾ ਪੂਰਨ ਵਿਸ਼ਵਾਸ਼ ਹੋਣਾ ਚਾਹੀਦਾ ਹੈ ਕਿ ਹਮਦਰਦੀ, ਪਿਆਰ ਤੇ ਨੇਕੀ ਦਾ ਇੱਕ ਫੁਰਨਾ ਵੀ ਸੰਸਾਰ ਦੀ ਫ਼ਿਜ਼ਾ (ਵਾਤਾਵਰਣ) ਵਿਚ ਅਕਾਰਥ ਨਹੀਂ ਗੁਆਚਦਾ। ਅਸਾਂ ਇਸ ਮਾਇਆਵਾਦ ਦੇ ਘੋਲ ਵਿਚ ਸੱਚ ਦਾ ਪੱਲਾ ਨਹੀਂ ਛੱਡਣਾ। ਸਾਡਾ ਕੰਮ ਹੈ ਦੂਰ ਨੇੜੇ ਆਤਮਕ ਬੀਜ ਦਾ ਛੱਟਾ ਦੇਣਾ। ਇਸ ਦਾ ਸਿੱਟਾ ਕਦੋਂ ਤੇ ਕੀ ਨਿਕਲਦਾ ਹੈ, ਇਹ ਗੱਲ **ਸਭ ਦੀ ਚਿੰਤਾ ਕਰਨ ਵਾਲੇ** ਪ੍ਰਭੂ ਉਤੇ ਛੱਡ ਦਿਉ। ਨੇਕੀ ਕਰੋ ਤੇ ਰੱਬ ਉੱਤੇ ਭਰੋਸਾ ਰੱਖੋ।

ਸਮਾਂ ਕੁਝ ਕਰਨ ਦੀ ਮੰਗ ਕਰ ਰਿਹਾ ਹੈ, ਸੰਸਾਰ ਦੀਆਂ ਕੁਲ ਸੰਸਥਾਵਾਂ, ਜੋ **ਜੋਤ, ਜੀਵਨ** ਤੇ **ਪ੍ਰੇਮ** ਵਿੱਚ ਨਿਸਚਾ ਰਖਦੀਆਂ ਹਨ, ਨੂੰ ਇੱਕ ਦੂਜੇ ਦੀਆਂ ਮਿੱਤਰ ਬਣ ਕੇ ਇਸ ਮਹਾਨ ਕਾਰਜ ਦੀ ਪੂਰਤੀ ਲਈ ਸਾਂਝਾ ਬਲ ਲਾਉਣਾ ਚਾਹੀਦਾ ਹੈ। ਉਹ ਆਪਣੀ-ਆਪਣੀ ਥਾਂ ਉੱਤੇ ਜਿਥੇ ਕਿਥੇ ਵੀ ਹਨ, ਮਿਲ ਕੇ ਹੰਭਲਾ ਮਾਰਨ ਅਤੇ ਅਗਿਆਨਤਾ ਦੀਆਂ ਪਿਛਾਂਹ-ਖਿੱਚੂ ਸ਼ਕਤੀਆਂ ਨਾਲ ਲੋਹਾ ਲੈ ਕੇ **ਜੀਵਨ-ਜੋਤ** ਦੇ ਪ੍ਰਕਾਸ਼ ਲਈ ਰਾਹ ਸਾਫ਼ ਕਰਨ ਅਤੇ ਆਪਣੇ ਦੈਵੀ ਕੰਠਾ ਵਿਚੋਂ ਸ੍ਰੀ ਗੁਰੂ ਅਰਜਨ ਦੇਵ ਜੀ ਵਲੋਂ ਤ੍ਰੁੱਠ ਕੇ ਬਖਸ਼ਿਆ ਚੜ੍ਹਦੀ ਕਲਾ ਵਾਲਾ ਇਹ ਨਾਦ ਗੁੰਜਾਉਣ:

**ਬੁਰਾ ਨਹੀ ਸਭੁ ਭਲਾ ਹੀ ਹੈ ਰੇ ਹਾਰ ਨਹੀ ਸਭ ਜੇਤੈ॥ (ਪੰਨਾ-1302)**

**ਨੋਟ:** ਆਸ਼ਾਵਾਦੀ ਗੁਰਦੇਵ ਦਾ ਇਹ ਸਾਰਾ ਸ਼ਬਦ ਇਸ ਪ੍ਰਕਾਰ ਹੈ:

**ਕਹਨ ਕਹਾਵਨ ਕਉ ਕਈ ਕੇਤੈ ॥**
**ਐਸੋ ਜਨੁ ਬਿਰਲੋ ਹੈ ਸੇਵਕੁ**
**ਜੋ ਤਤ ਜੋਗ ਕਉ ਬੇਤੈ॥1॥ ਰਹਾਉ॥**
**ਦੁਖੁ ਨਾਹੀ ਸਭੁ ਸੁਖੁ ਹੀ ਹੈ ਰੇ**
**ਏਕੈ ਏਕੀ ਨੇਤੈ ॥**
**ਬੁਰਾ ਨਹੀ ਸਭੁ ਭਲਾ ਹੀ ਹੈ ਰੇ**
**ਹਾਰ ਨਹੀ ਸਭ ਜੇਤੈ ॥1॥**
**ਸੋਗੁ ਨਾਹੀ ਸਦਾ ਹਰਖੀ ਹੈ ਰੇ**
**ਛੋਡਿ ਨਾਹੀ ਕਿਛੁ ਲੇਤੈ ॥**
**ਕਹੁ ਨਾਨਕ ਜਨੁ ਹਰਿ ਹਰਿ ਹਰਿ ਹੈ**
**ਕਤ ਆਵੈ ਕਤ ਰਮਤੈ॥ (ਪੰਨਾ-1302)**

-0-

## ਚੰਦਾ ਨਵਿਆਉਣ ਸਬੰਧੀ

ਜੇ ਆਪ ਜੀ ਦਾ ਸਾਲਾਨਾ ਚੰਦਾ ਇਸ ਮਹੀਨੇ ਖਤਮ ਹੋ ਗਿਆ ਹੈ ਤਾਂ ਮੈਗਜ਼ੀਨ ਨੂੰ ਲਗਾਤਾਰ ਜਾਰੀ ਰੱਖਣ ਵਾਸਤੇ ਦੁਬਾਰਾ ਚੰਦਾ ਭੇਜੋ ਜੀ। ਮੈਗਜ਼ੀਨ ਦੀ ਸਾਲਾਨਾ ਭੇਟਾ 250/- ਅਤੇ ਲਾਈਫ਼ ਮੈਂਬਰਸ਼ਿਪ 3000/- ਹੈ। ਚੰਦਾ ਭੇਜਣ ਸਮੇਂ ਆਪਣਾ ਨਾਮ ਬੈਂਕ ਕਲਰਕ ਨੂੰ ਜ਼ਰੂਰ ਲਿਖਵਾਓ ਅਤੇ ਮੁੱਖ ਦਫਤਰ ਵਿਚ ਚੰਦਾ ਭੇਜਣ ਦੀ ਸੂਚਨਾ ਜ਼ਰੂਰ ਦਿਓ। ਤੁਸੀਂ ਇਸ ਮੈਗਜ਼ੀਨ ਦਾ ਚੰਦਾ ਹੇਠ ਲਿਖੇ A/C ਵਿੱਚ ਵੀ ਭੇਜ ਸਕਦੇ ਹੋ। **AXIS Bank, Branch : Phullanwal, IFSC Code: UTIB0000196, A/C : 913010032526897,** ਤੁਸੀਂ **GURMAT VIRSA** ਦੇ ਨਾਮ ਤੇ ਚੈੱਕ ਵੀ ਭੇਜ ਸਕਦੇ ਹੋ।

# ਜਨਰੇਸ਼ਨ ਗੈਪ ਜਾਂ ਹਉਮੈ?

-ਡਾ. ਦਲਜੀਤ ਸਿੰਘ # 09333385185

ਪਦਾਰਥਵਾਦੀ ਜੁੱਗ ਵਿਚ ਵੱਡਾ ਪ੍ਰਵਾਰ ਇਕ ਬੋਝ ਮਹਿਸੂਸ ਹੁੰਦਾ ਹੈ, ਇਸ ਲਈ ਪ੍ਰਵਾਰ ਟੁੱਟਦੇ ਅਥਵਾ ਸੁੰਗੜਦੇ ਜਾ ਰਹੇ ਹਨ। ਸਵਾਰਥ ਹਾਵੀ ਹੁੰਦਾ ਜਾ ਰਿਹਾ ਹੈ। ਮਨੁੱਖ ਆਪਣੇ ਮਕਾਨ ਜਾਂ ਫਲੈਟ ਤੋਂ ਬਾਅਦ ਹੁਣ ਆਪਣੇ ਕਮਰੇ ਤਕ ਸੀਮਤ ਹੋ ਕੇ ਰਹਿ ਗਿਆ ਹੈ। ਮੈਂ, ਮੇਰੀ ਪਤਨੀ, ਮੇਰਾ ਪ੍ਰਵਾਰ, ਮੇਰੇ ਬੱਚੇ, ਮੇਰਾ ਕੰਮ, ਮੇਰੀਆਂ ਚੀਜ਼ਾਂ ਮਨੁੱਖ ਤੇ ਹਾਵੀ ਹੋ ਗਿਆ ਹੈ। ਆਜ਼ਾਦੀ ਨਾਲ ਖਾਣਾ-ਪੀਣਾ, ਸੌਣਾ-ਉਠਣਾ, ਘੁੰਮਣਾ-ਫਿਰਨਾ, ਟੀ.ਵੀ. ਦੇ ਪ੍ਰੋਗਰਾਮ ਦੇਖਣੇ ਭਾਵ ਹਰੇਕ ਕੰਮ ਵਿਚ ਮਨੁੱਖ ਆਜ਼ਾਦੀ ਚਾਹੁੰਦਾ ਹੈ। ਅੱਜ ਪੈਸਾ ਹੀ ਮਨੁੱਖ ਦਾ ਟੀਚਾ ਬਣ ਗਿਆ ਹੈ। ਪੈਸੇ ਤੋ ਬਾਅਦ ਦੂਜਾ ਨੰਬਰ ਆਉਂਦਾ ਹੈ ਸ਼ੋਭਾ ਦਾ। ਸਰਵਿਸ ਹੋਵੇ ਜਾਂ ਵਾਪਾਰ, ਮਨੁੱਖ ਲਈ ਸਮਾਂ ਕੱਢਣਾ ਬੜਾ ਔਖਾ ਹੈ ਪਰ ਮਾਣ ਵਡਿਆਈ ਲਈ ਜਾਂ ਸ਼ੋਭਾ ਲਈ ਸਮਾਂ ਕੱਢਲੈਂਦਾ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ਼ੋਭਾ ਦੀ ਭੁੱਖ ਸਮਾਂ ਕਢਵਾ ਲੈਂਦੀ ਹੈ। ਕਲੱਬ ਜਾਂ ਹੋਰ ਕਿਸੇ ਵੀ ਸੰਸਥਾ ਦਾ ਕੋਈਪ੍ਰੋਗਰਾਮ ਹੋਵੇ (ਧਾਰਮਿਕ, ਸਮਾਜਕ ਜਾਂ ਰਾਜਨੀਤਕ), ਜੇ ਉਹਨਾਂ ਪ੍ਰੋਗਰਾਮਾਂ ਵਿਚ ਹਾਜ਼ਰੀ ਭਰਨ ਨਾਲ ਹਉਮੈ ਨੂੰ ਪੱਠੇ ਪੈਂਦੇ ਹੋਣ ਤਾਂ ਮਨੁੱਖ ਸਮਾਂ ਵੀ ਕੱਢ ਲੈਂਦਾ ਹੈ ਅਤੇ ਇਸ ਲਈ ਜ਼ੇਬ ਚੋਂ ਪੈਸਾ ਖਰਚਣ ਲਈ ਵੀ ਤਿਆਰ ਹੋ ਜਾਂਦਾ ਹੈ। ਪਰ ਅਫਸੋਸ ਕਿ ਉਸ ਮਨੁੱਖ ਪਾਸਆਪਣੇ ਮਾਂ ਪਿਉ ਪਾਸ ਥੋੜ੍ਹੀ ਦੇਰ ਬੈਠਣ ਲਈ ਸਮਾਂ ਨਹੀਂ ਹੁੰਦਾ।

ਕਈ ਵਾਰੀ ਮਨੁੱਖ ਵੇਖਦਾ ਸੁਣਦਾ ਹੈ ਕਿ ਫਲਾਣਾ ਆਪਣੇ ਮਾਂ ਪਿਉ ਦੀ ਸੇਵਾ ਨਹੀਂ ਕਰਦਾ ਪਰ ਉਸ ਮਨੁੱਖ ਨੂੰ ਆਪਣੇ ਪੁੱਤਰ ਤੇ ਬੜਾ ਮਾਣ ਹੁੰਦਾ ਹੈ। ਸੋਚਦਾ ਹੈ ਕਿ ਉਸਦੇ ਨਾਲ ਅਜਿਹਾ ਨਹੀਂ ਹੋਵੇਗਾ ਪਰ ਉਸਦਾ ਸਾਰਾ ਮਾਣ ਉਦੋਂ ਮਿੱਟੀ ਵਿਚ ਮਿਲ ਜਾਂਦਾ ਹੈ ਜਦੋਂ ਉਸ ਨਾਲ ਉਸਦਾ ਪੁੱਤਰ ਵੀ ਉਸੇ ਤਰ੍ਹਾਂ ਦਾ ਵਿਹਾਰ ਕਰਦਾ ਹੈ। ਅਜਿਹੇ ਪੁੱਤਰ ਸੋਚਦੇ ਹਨ ਕਿ ਮਾਂ ਪਿਉ ਨੇ ਜਨਮ ਦੇ ਕੇ ਅਤੇ ਪਾਲ-ਪੋਸ ਕੇ ਵੱਡਾ ਕਰ ਦਿੱਤਾ, ਹੁਣ ਮਾਂ ਪਿਉ ਦੀ ਲੋੜ ਖ਼ਤਮ। ਉਹ ਅਗਲਾ ਭਵਿੱਖ ਪਤਨੀ ਅਤੇ ਆਪਣੇ ਬੱਚਿਆਂ ਵਿਚ ਸਮਝਣ ਦੀ ਭੁੱਲ ਕਰ ਬੈਠਦਾ ਹੈ।

ਪੁੱਤਰ ਜਦੋਂ ਵੱਡਾ ਹੋ ਜਾਂਦਾ ਹੈ ਅਤੇ ਆਪਣੇ ਪੈਰਾਂ ਤੇ ਖੜ੍ਹਾ ਹੋ ਜਾਂਦਾ ਹੈ, ਸਮਾਜ ਵਿਚ ਉਸਦੀ ਇਕ ਆਪਣੀ ਪਹਿਚਾਣ ਬਣ ਜਾਂਦੀ ਹੈ ਤਾਂ ਉਸ ਵੇਲੇ ਉਸਨੂੰ ਆਪਣੇ ਪਿਉ ਦੀ ਪਹਿਚਾਣ ਦੀ ਲੋੜ ਨਹੀਂ ਰਹਿ ਜਾਂਦੀ। ਹੁਣ ਉਹ ਸਮਝਣ ਲਗ ਪੈਂਦਾ ਹੈ ਕਿ ਲੋਕੀਂ ਉਸਨੂੰ ਫਲਾਣੇ ਦਾ ਪੁੱਤਰ ਨਾ ਕਹਿਣ, ਹੁਣ ਉਸਦੀ ਜਾਣ- ਪਹਿਚਾਣ ਇਤਨੀ ਵੱਧ ਗਈ ਹੈ, ਇਸ ਲਈ ਹੁਣ ਲੋਕੀਂ ਮੇਰੇ ਪਿਉ ਨੂੰ ਫਲਾਣੇ ਦਾ ਪਿਉ ਕਹਿਣ। ਉਸਦਾ ਹੰਕਾਰ ਇਤਨਾ ਵੱਧ ਜਾਂਦਾ ਹੈ ਕਿ ਇਕ ਦਿਨ ਉਹ ਆਪਣੇ ਪਿਉ ਨੂੰ ਇਹ ਕਹਿਣ ਦੀ ਹਿੰਮਤ ਕਰ ਬੈਠਦਾ ਹੈ ਕਿ 'ਤੁਹਾਨੂੰ ਪਹਿਚਾਣਦਾ ਹੀ ਕੌਣ ਹੈ।' ਕਈ ਵਾਰ ਜਦੋਂ ਮਨੁੱਖ ਉੱਚੇ ਅਹੁਦੇ ਤੇ ਪਹੁੰਚ ਜਾਂਦੇ ਹਨ ਅਤੇ ਉਹਨਾਂ ਦੀ ਸੁਸਾਇਟੀ 'ਉੱਚੀ' ਹੋ ਜਾਂਦੀ ਹੈ ਤਾਂ ਕਈ ਮਨੁੱਖ ਆਪਣੇ ਪੇਂਡੂ ਅਤੇ ਅਨਪੜ੍ਹ ਮਾਂ ਪਿਉ ਨੂੰ ਨੌਕਰ ਜਾਂ ਨੌਕਰਾਨੀ ਤਕ ਦੱਸਣ ਲਗ ਪੈਂਦੇ ਹਨ।

ਮਨੁੱਖ ਦੇ ਰੁਝੇਵੇਂ ਬੜੇ ਵੱਧ ਗਏ ਹਨ, ਇਸ ਲਈ ਮਨੁੱਖ ਆਪਣੇ ਮਾਂ ਪਿਉ ਕੋਲ ਬੈਠਣ ਦਾ ਸਮਾਂ ਨਹੀਂ ਕੱਢ ਸਕਦਾ। ਇਹ ਇੱਕ ਬਹਾਨਾ ਹੈ, ਕਿਉਂਕਿ ਜਿਹੜਾ ਮਨੁੱਖ ਸਵੇਰੇ ਅੱਠ ਨੌਂ ਵਜੇ ਸੌਂ ਕੇ ਉਠਦਾ ਹੈ, ਉਹੀ ਮਨੁੱਖ ਆਪਣੇ ਬੱਚਿਆਂ ਲਈ ਜਾਂ ਹੋਰ ਕਿਸੇ ਕੰਮ ਲਈ ਸਵੇਰੇ 5-6 ਵਜੇ ਉਠੱਣ ਲਗ ਪੈਂਦਾ ਹੈ। ਜਿਹੜੀ ਨੂੰਹ ਆਪਣੇ ਸੱਸ ਸਹੁਰੇ ਨੂੰ ਸਵੇਰੇ ਉਠ ਕੇ ਚਾਹ ਬਣਾ ਕੇ ਨਹੀਂ ਦੇ ਸਕਦੀ, ਉਹੀ ਆਪਣੇ ਬੱਚਿਆਂ ਲਈ ਸਵੇਰੇ 5-6 ਵਜੇ ਉਠੱਣ ਲਗ ਪੈਂਦੀ ਹੈ ਕਿ ਬੱਚਿਆਂ ਨੂੰ ਸਕੂਲ ਭੇਜਣਾ ਹੈ। ਭਾਵੇਂ ਰਾਤ ਨੂੰ ਕਿਤਨੀ ਵੀ ਦੇਰ ਨਾਲ ਸੌਣ, ਉਹ ਸਵੇਰੇ ਜਾਗ ਪੈਂਦੇ ਹਨ। ਦਰਅਸਲ ਇੱਛਾ ਸ਼ਕਤੀ ਦੀ ਘਾਟ ਹੀ ਮੁੱਖ ਕਾਰਣ ਹੈ।

ਕਿਹਾ ਜਾਂਦਾ ਹੈ ਕਿ ਮਾਂ ਪਿਉ ਪਾਸ ਤਜ਼ੁਰਬਾ ਹੁੰਦਾ ਹੈ ਪਰ ਪੁੱਤਰ ਦਾ ਹੰਕਾਰ ਅੱਗੇ ਵੱਧ ਕੇ ਆਪਣੇ ਤਜ਼ਰਬੇ ਨੂੰ ਨਵਾਂ ਅਤੇ ਚੰਗਾ ਸਮਝਣ ਲਗ ਪੈਂਦਾ ਹੈ। ਜਦ ਕਿ ਤਜ਼ੁਰਬਾ (ੋਲਦ ਓਗਏ) ਅਤੇ ਊਰਜਾ (੍ਹੋਨਗ ਓਗਏ) ਦਾ ਸੁਮੇਲ ਪ੍ਰਵਾਰ ਨੂੰ ਸੁਖ, ਸ਼ਾਤੀ ਅਤੇ ਖੇੜਾ ਦੇ ਸਕਦਾ ਹੈ। ਘਰ ਪ੍ਰਵਾਰ ਵਿਚ ਕਿਸੇ ਵੀ ਦੋ ਮਨੁੱਖਾਂ ਵਿਚ ਕਿਸੇ ਵੀ ਗੱਲ ਤੇ ਮਤਭੇਦ ਹੋ ਸਕਦੇ ਹਨ ਪਰ ਇਸਨੂੰ ਜਨਰੇਸ਼ਨ ਗ਼ੈਪ (ਪੀੜ੍ਹੀਆਂ ਦਾ ਅੰਤਰ) ਕਹਿ ਕੇ ਸੰਤੁਸ਼ਟ ਨਹੀਂ ਹੋਇਆ ਜਾ ਸਕਦਾ ਕਿਉਂਕਿ ਜੇ ਜਨਰੇਸ਼ਨ ਗ਼ੈਪ ਹੈ ਤਾਂ ਫਿਰ ਦੋ ਭਰਾਵਾਂ ਵਿਚ, ਭੈਣ-ਭਰਾ ਵਿਚ, ਪਤੀ-ਪਤਨੀ ਵਿਚ ਅਤੇ ਦੋਸਤਾ, ਮਿੱਤਰਾਂ ਵਿਚ ਕਿਉਂ ਝਗੜੇ ਹੁੰਦੇ ਹਨ? ਇਹਨਾਂ ਵਿਚ ਤਾਂ ਜਨਰੇਸ਼ਨ ਗ਼ੈਪ ਨਹੀਂ ਹੈ। ਦਰਅਸਲ ਦੋ ਮਨੁੱਖਾਂ ਦੇ ਝਗੜੇ ਦਾ ਇਕੋ ਇਕ ਕਾਰਨ ਹੈ ਹਉਮੈ। ਹਉਮੈ ਕਰ ਕੇ ਹੀ ਮਨੁੱਖ ਆਪਣੇ ਮਾਂ ਪਿਉ ਅੱਗੇ ਝੁਕਣਾ ਨਹੀਂ ਚਾਹੁੰਦਾ। ਝਗੜੇ ਦੀ ਜੜ੍ਹ ਕੇਵਲ ਹਉਮੈ ਹੀ ਹੈ।

ਗਰੀਬ ਮਨੁੱਖ ਤਾਂ ਆਪਣੇ ਪੁੱਤਰਾਂ ਦੇ ਮੁਥਾਜ ਹੁੰਦੇ ਹਨ ਪਰ ਪੈਸੇ ਵਾਲੇ ਮਨੁੱਖ ਪੁਤਰਾਂ ਦੇ ਮੁਥਾਜ ਨਹੀਂ ਹੁੰਦੇ ਅਤੇ ਅਤੇ ਆਪਣੀਆਂ ਲੋੜਾਂ ਦੀ ਪੂਰਤੀ ਆਪਣਿਆਂ ਪੈਸਿਆਂ ਨਾਲ ਕਰ ਸਕਦੇ ਹਨ, ਇਸਦੇ ਬਾਵਜੂਦ ਮਾਂ ਪਿਉ ਨੂੰ ਪੁੱਤਰਾਂ ਦੇ ਪਿਆਰ ਦੀ ਲੋੜ ਹੁੰਦੀ ਹੈ। ਪੁੱਤਰਾਂ ਦੇ ਮਿੱਠੇ ਬੋਲ, ਪੁੱਤਰਾਂ ਵਲੋਂ ਮਾਂ ਪਿਉ ਦੇ ਦੁੱਖ ਸੁੱਖ ਵਿਚ ਸ਼ਾਮਲ ਹੋਣਾ, ਪੁੱਤਰਾਂ ਵਲੋਂ ਸਲਾਹ ਲੈਣੀ, ਇਹਨਾਂ ਗੱਲਾਂ ਕਰ ਕੇ ਮਾਂ-ਪਿਉ ਨੂੰ ਮਾਨਸਿਕ ਸੰਤੁਸ਼ਟੀ ਮਿਲਦੀ ਹੈ। ਕਈ ਘਰਾਂ ਵਿਚ ਅਮੀਰ ਪੁੱਤਰ ਸਮਾਜ ਤੋਂ ਡਰਦੇ ਹੋਏ ਮਾਂ-ਪਿਉ ਦੀ ਸੇਵਾ ਲਈ ਨੌਕਰ ਜਾਂ ਨੌਕਰਾਨੀ ਰੱਖ ਦੇਂਦੇ ਹਨ। ਬੇਸ਼ਕ ਉਹ ਨੌਕਰ ਜਾਂ ਨੌਕਰਾਨੀ ਉਹਨਾਂ ਬਜ਼ੁਰਗਾਂ ਦੀਆਂ ਹਰ ਤਰ੍ਹਾਂ ਦੀਆਂ ਸਰੀਰਕ ਲੋੜਾਂ ਦਾ ਖਿਆਲ ਰੱਖਦੇ ਹੋਣ ਪਰ ਯਾਦ ਰੱਖਣ ਵਾਲੀ ਗੱਲ ਹੈ ਕਿ ਮਾਨਸਿਕ ਤੌਰ ਤੇ ਖੇੜਾ ਤਾਂ ਨੂੰਹ-ਪੁੱਤਰ ਦਾ ਪਿਆਰ ਹੀ ਦੇ ਸਕਦਾ ਹੈ।

ਕਿਸੇ ਨੇ ਠੀਕ ਹੀ ਕਿਹਾ ਹੈ ਕਿ ਜਦੋਂ ਤਕ ਕਿਸੇ ਮਨੁੱਖ ਨੂੰ ਪਿਉ ਬਣਨ ਉਪਰੰਤ ਇਹ ਗੱਲ ਸਮਝ ਆਉਂਦੀ ਹੈ ਕਿ ਉਸਦਾ ਪਿਉ ਉਸਨੂੰ ਸਹੀ ਹੀ ਸਮਝਾਉਂਦਾ ਸੀ, ਉਦੋਂ ਤਕ ਉਸਦਾ ਪੁੱਤਰ ਏਨਾ ਕੁ ਸਮਝਦਾਰ ਹੋ ਜਾਂਦਾ ਹੈ ਕਿ ਹੁਣ ਉਹ ਉਸਨੂੰਘੱਟ ਬੁੱਧੀ ਵਾਲਾ ਕਹਿ ਦੇਂਦਾ ਹੈ। ਭਾਵ ਕਿ ਜਦੋਂ ਬੰਦੇ ਨੂੰ ਇਹ ਸਮਝ ਆਉਂਦੀ ਹੈ ਕਿ ਇਸਦਾ ਪਿਤਾ ਉਸਨੂੰ ਸਹੀ ਸਮਝਾਉਂਦਾ ਸੀ, ਹੁਣ ਉਸਦਾ ਪੁੱਤਰ ਹੀ ਉਸਦੀ ਸੋਚ ਵਿਚ ਉਸਨੂੰ ਗ਼ਲਤ ਕਹਿਣ ਲਈਉਸਦੇ ਸਾਹਮਣੇ ਖੜ੍ਹਾ ਹੁੰਦਾ ਹੈ।

ਗੁਰੂ ਰਾਮਦਾਸ ਜੀ ਦਾ ਵੱਡਾ ਪੁੱਤਰ ਪ੍ਰਿਥੀ ਚੰਦ ਸਿਆਣਾ, ਚਲਾਕ ਅਤੇ ਚੰਗਾ ਪ੍ਰਬੰਧਕ ਹੋਣ ਦੇ ਨਾਲ-ਨਾਲ ਹੰਕਾਰ ਅਤੇ ਈਰਖਾ ਨਾਲ ਵੀ ਭਰਿਆ ਹੋਇਆ ਸੀ। ਗੁਰੂ ਰਾਮਦਾਸ ਜੀ ਕਥਨ ਕਰਦੇ ਹਨ ਕਿ ਸਪੁੱਤਰ ਉਹ ਨਹੀਂ ਜੋ ਪਿਤਾ ਨਾਲ ਵਿਵਾਦ ਜਾਂ ਝਗੜਾ ਕਰੇ, ਸਗੋਂ ਸਪੁੱਤਰ ਉਹ ਹੈ ਜੋ ਪਿਤਾ ਨੂੰ ਯੋਗ ਸਤਿਕਾਰ ਦੇਣ ਤੋਂ ਨਾ ਹਟੇ'। ਫ਼ੁਰਮਾਨ ਹੈ-

**ਕਾਹੇ ਪੂਤ ਝਗਰਤ ਹਉ ਸੰਗਿ ਬਾਪ ॥**
**ਜਿਨ ਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ ॥ (1200)**

ਜਿਸ ਵਿਅਕਤੀ ਅੰਦਰ ਮਾਤਾ-ਪਿਤਾ ਲਈ ਪਿਆਰ ਦੀ ਕੁਦਰਤੀ ਖਿੱਚ ਨਹੀਂ, ਉਹ ਜੋ ਵੀ ਕਰਦਾ ਹੈ, ਹਉਮੈ ਵਿਚ ਕਰਦਾ ਹੈ। ਮਨੁੱਖ ਦਿਖਾਵੇ ਲਈ ਸੇਵਾ ਕਰਦਾ ਹੈ, ਵੱਡੀਆਂ-ਵੱਡੀਆਂ ਗੱਲਾਂ ਕਰਦਾ ਹੈ, ਸਮਾਜ ਸੁਧਾਰ ਦੀਆਂ ਫੜ੍ਹਾਂ ਮਾਰਦਾ ਹੈ ਪਰ ਘਰ ਮਾਂ-ਪਿਉ ਦੀ ਇਜ਼ਤ ਕਰ ਕੇ ਰਾਜ਼ੀ ਨਹੀਂ ਹੈ। ਕਿਸੇ ਨੇ ਕਵਿਤਾ ਰਾਹੀਂ ਅਜੋਕੇ ਪੁੱਤਰਾਂ ਦੀ ਤਸਵੀਰ ਹੇਠ ਲਿਖੇ ਅਨੁਸਾਰ ਖਿੱਚੀ ਹੈ-

**"ਏਕ ਮਾਂ ਪਾਲ ਲੇਤੀ ਪਾਂਚ ਬੱਚੇ ਪਰ ਪਾਂਚ ਮਿਲ ਕਰ ਭੀ ਨਹੀਂ ਪਾਲ ਪਾਤੇ ਏਕ ਮਾਂ/ਬਾਪ**

**ਵੋਹ ਭੀ ਕਿਆ ਦਿਨ ਥੇ ! ਮੈਂ ਹਸਤਾ ਥਾ, ਵੋਹ ਹਸਤੀ ਥੀ। ਮੈਂ ਰੋਤਾ ਥਾ, ਵੋਹ ਰੋਤੀ ਥੀ।**

**ਮੈਂ ਸੁਣਤਾ ਥਾ, ਵੋਹ ਗਾਤੀ ਥੀ। ਮੈਂ ਸੋਤਾ ਥਾ, ਵੋਹ ਜਾਗਤੀ ਥੀ।**

**ਅਬ ਮੈਂ ਹਸਤਾ ਹੂੰ, ਵੋਹ ਰੋਤੀ ਹੈ। ਮੈਂ ਬੋਲਤਾ ਹੂੰ, ਵੋਹ ਸੁਣਤੀ ਹੈ।**

**ਅਬ ਭੀ ਮੈਂ ਸੋਤਾ ਹੂੰ, ਵੋਹ ਜਾਗਤੀ ਹੈ।**

**ਹੈ ਪ੍ਰਸ਼ਨ ਬੜਾ ਗੰਭੀਰ ਯਹ 'ਕੁਮਾਰ', ਹੋ ਸਕੇ ਤੋ ਕੋਈ ਜਵਾਬ ਬਤਲਾਨਾ ਮੇਰੇ ਯਾਰ।"**

ਭਾਵ ਇਕ ਮਾਂ ਚਾਰ-ਪੰਜ ਬੱਚਿਆਂ ਨੂੰ ਬੜੇ ਪ੍ਰੇਮ ਨਾਲ ਪਾਲਦੀ ਹੈ ਪਰ ਚਾਰ-ਪੰਜ ਬੱਚੇ ਮਿਲ ਕੇ ਵੀ ਮਾਤਾ-ਪਿਤਾ ਦੀ ਚੰਗੀ ਤਰ੍ਹਾਂ ਸੰਭਾਲ ਨਹੀਂ ਕਰ ਸਕਦੇ, ਬਲਕਿ ਉਹਨਾਂ ਨੂੰ ਬੋਝ ਸਮਝਦੇ ਹਨ। ਉਹਨਾਂ ਦੀ ਸੰਭਾਲ ਵਾਸਤੇ ਵਾਰੀ ਬੰਨ੍ਹ ਦੇਂਦੇ ਹਨ ਭਾਵ ਜੀਉਂਦੇ ਜੀਅ ਉਹਨਾਂ ਨੂੰ ਵੱਖ ਕਰ ਦੇਂਦੇ ਹਨ। ਸਾਡੇ ਘਰਾਂ ਵਿਚ ਸ਼ਹਿਨਸ਼ੀਲਤਾ ਵੀ ਖ਼ਤਮ ਹੋ ਗਈ ਹੈ।

ਸਵਾਲ ਪੈਦਾ ਹੁੰਦਾ ਹੈ ਕਿ ਸਾਡੀ ਪ੍ਰਚਾਰਕ ਸ਼੍ਰੇਣੀ ਦੂਜਿਆਂ ਨੂੰ ਤਾਂ ਗੁਰਬਾਣੀ ਪੜ੍ਹ-ਵਿਚਾਰ ਕੇ ਸੁਣਾਉਂਦੀ ਹੈ। ਉਹਨਾਂ ਕੋਲ ਗਿਆਨ ਦੀ ਵੀ ਕਮੀ ਨਹੀਂ। ਫਿਰ ਕਿਉਂ ਅਕਸਰ ਧਾਰਮਿਕ ਅਖਵਾਉਣ ਵਾਲਿਆਂ ਦੇ ਪਰਿਵਾਰਾਂ ਵਿਚ ਹੀ ਬਜ਼ੁਰਗਾਂ ਦੀ ਨਿਰਾਦਰੀ ਹੁੰਦੀ ਵੇਖੀਦੀ ਹੈ?ਭਾਈ ਗੁਰਦਾਸ ਜੀ ਅਜੋਕੀ ਪੀੜ੍ਹੀ ਨੂੰ ਹਲੂਣਾ ਦੇ ਕੇ ਸਮਝਾਉਂਦੇ ਹਨ-

**ਮਾਂ ਪਿਉ ਪਰਹਰਿ ਸੁਣੈ ਵੇਦੁ ਭੇਦ ਨ ਜਾਣੈ ਕਥਾ ਕਹਾਣੀ।**
**ਮਾਂ ਪਿਉ ਪਰਹਰਿ ਕਰੈ ਤਪੁ ਵਣਖੰਡਿ ਭੁਲਾ ਫਿਰੈ ਬਿਬਾਣੀ।**
**ਮਾਂ ਪਿਉ ਪਰਹਰਿ ਕਰੈ ਪੂਜੁ ਦੇਵੀ ਦੇਵ ਨ ਸੇਵ ਕਮਾਣੀ।**
**ਮਾਂ ਪਿਉ ਪਰਹਰਿ ਨ੍ਹਾਵਣਾ ਅਠਸਠਿ ਤੀਰਥ ਘੁੰਮਣ ਵਾਣੀ।**
**ਮਾਂ ਪਿਉ ਪਰਹਰਿ ਕਰੈ ਦਾਨ ਬੇਈਮਾਨ ਅਗਿਆਨ ਪਰਾਣੀ।**
**ਮਾਂ ਪਿਉ ਪਰਹਰਿ ਵਰਤ ਕਰਿ ਮਰਿ ਮਰਿ ਜੰਮੈ ਭਰਮਿ ਭੁਲਾਣੀ।**
**ਗੁਰੁ ਪਰਮੇਸਰੁ ਸਾਰੁ ਨ ਜਾਣੀ ।(ਵਾਰ -37, ਪਉੜੀ- 13)**

ਭਾਵ ਮਨੁੱਖ ਜਿੰਨੇ ਮਰਜ਼ੀ ਪਾਠ ਸੁਣੇ ਅਤੇ ਪੜ੍ਹੇ, ਜੇ ਗੁਰੂ ਦਾ ਹੁਕਮ ਮੰਨ ਕੇ ਮਾਂ ਪਿਉ ਦੀ ਸੇਵਾ ਨਹੀਂ ਕਰਦਾ ਤਾਂ ਉਸ ਵਾਸਤੇ ਗੁਰਬਾਣੀ ਇਕ ਕਹਾਣੀ ਵਾਂਗ ਹੈ। ਮਾਂ ਪਿਉ ਦੀ ਸੇਵਾ ਛੱਡ ਕੇ, ਉਸ ਦੀ ਹੋਰ ਥਾਂ ਕੀਤੀ ਸੇਵਾ, ਤੀਰਥਾਂ ਦੇ ਇਸ਼ਨਾਨ, ਪੁੰਨ-ਦਾਨ, ਸਾਰੇ ਭੁਲਾਵੇ, ਦਿਖਾਵੇ ਅਤੇ ਧੋਖੇ ਹਨ। ਭਾਈ ਗੁਰਦਾਸ ਜੀ ਇਕ ਹੋਰ ਥਾਂ ਇਉਂ ਫੁਰਮਾਉਂਦੇ ਹਨ-

**ਮਾਤ ਪਿਤਾ ਮਿਲਿ ਨਿੰਮਿਆ ਆਸਾਵੰਤੀ ਉਦਰੁ ਮਝਾਰੇ।**
**ਰਸ ਕਸ ਖਾਇ ਨਿਲਜ ਹੋਇ ਛਹੁ ਛਹੁ ਧਰਣਿ ਧਰੈ ਪਗ ਧਾਰੇ।**
**ਪੇਟ ਵਿਚਿ ਦਸ ਮਾਹ ਰਖਿ ਪੀੜਾ ਖਾਇ ਜਣੈ ਪੁਤੁ ਪਿਆਰੇ।**
**ਜਣ ਕੈ ਪਾਲੈ ਕਸਟ ਕਰਿ ਖਾਨ ਪਾਨ ਵਿਚਿ ਸੰਜਮ ਸਾਰੇ।**
**ਗੁੜ੍ਹਤੀ ਦੇਇ ਪਿਆਲਿ ਦੁਧੁ ਘੁਟੀ ਵਟੀ ਦੇਇ ਨਿਹਾਰੇ।**
**ਛਾਦਨੁ ਭੋਜਨੁ ਪੋਖਿਆ ਝੰਡਨ ਮੰਗਨ ਪੜ੍ਹਨ ਚਿਤਾਰੇ।।**
**ਪਾਂਧੇ ਪਾਸਿ ਬਹਾਲਿਆ ਖਟਿ ਲੁਟਾਇ ਹੋਇ ਸੁਚਿਆਰੇ।**
**ਅਰਿਣਤ ਹੋਏ ਭਾਰੁ ਉਤਾਰੇ।(ਵਾਰ -37, ਪਉੜੀ- 10)**

ਭਾਵ ਮਾਤਾ ਪਿਤਾ ਦੇ ਮੇਲ ਨਾਲ ਗਰਭ ਠਹਿਰਿਆ। ਇਸਤਰੀ ਬੜੇ ਸੰਜਮ ਨਾਲ ਪੈਰ ਧਰਦੀ ਹੈ ਅਤੇ ਖਾਣ ਪੀਣ ਦਾ ਪਰਹੇਜ਼ ਵੀ ਕਰਦੀ ਹੈ। ਪੇਟ ਵਿਚ ਦਸ ਮਹੀਨੇ ਰਖ ਕੇ ਅਤੇ ਤਕਲੀਫ਼ ਸਹਿ ਕੇ ਬੱਚੇ ਨੂੰ ਜਨਮ ਦੇਂਦੀ ਹੈ। ਬੱਚੇ ਨੂੰ ਜਨਮ ਦੇਣ ਤੋਂ ਬਾਅਦ ਵੀ ਬੜੇ ਕਸ਼ਟ ਝਲਦੀ ਹੈ, ਕਸ਼ਟ ਸਹਿ ਕੇ ਪਾਲਦੀ ਹੈ ਅਤੇ ਖਾਣ ਪੀਣ ਵਿਚ ਸੰਜਮ ਵਰਤਦੀ ਹੈ। ਉਹ ਜਨਮ ਘੁੱਟੀ ਵੀ ਦੇਂਦੀ ਹੈ, ਦੁੱਧ ਪਿਲਾਂਦੀ ਹੈ, ਕਸ਼ਟ ਸਹਿ ਕੇ ਪਾਲਦੀ ਹੈ। ਸਮੇਂ ਅਨੁਸਾਰ ਉਸਨੂੰ ਠੰਡੇ-ਗਰਮ ਕੱਪੜੇ ਵੀ ਦੇਂਦੀ ਹੈ, ਚੰਗਾ ਖਾਣਾ-ਪੀਣਾ ਵੀ ਦੇਂਦੀ ਹੈ, ਚੰਗਾ ਪੜ੍ਹਾਉਣ ਲਈ ਬੜੇ ਚਾਵਾਂ ਨਾਲ ਸਕੂਲ ਵੀ ਭੇਜਦੀ ਹੈ, ਜਿਆਦਾ ਖਰਚ ਕਰ ਕੇ ਉਸਨੂੰ ਚੰਗੀ ਵਿਦਿਆ ਵੀ ਦੇਂਦੀ ਹੈ। ਇਸ ਤਰ੍ਹਾਂ ਇਕ ਮਾਤਾ ਆਪਣਾ ਭਾਰ (ਕਰਜ਼) ਭਾਵ ਫਰਜ਼ ਪੂਰਾ ਕਰ ਦੇਂਦੀ ਹੈ। ਪਰ ਉਹੀ ਪੁੱਤਰ ਜਦੋਂ ਵੱਡਾ ਹੋ ਕੇ ਆਪਣੇ ਪੈਰਾਂ ਤੇ ਖੜ੍ਹਾ ਹੋ ਜਾਂਦਾ ਹੈ ਤਾਂ ਉਹ ਮਾਂ ਦੀ ਮਮਤਾ, ਮਾਂ ਦਾ ਕਸ਼ਟ, ਮਾਂ-ਪਿਉ ਦਾ ਨਾ ਉਤਾਰ ਸਕਣ ਵਾਲਾ ਕਰਜ਼ ਵਿਸਾਰ ਦੇਂਦਾ ਹੈ।

**ਚੰਗਾ ਸਪੁੱਤਰ ਉਹ ਹੁੰਦਾ ਹੈ ਜੋ ਆਪਣੇ ਮਾਂ-ਪਿਉ ਦੇ ਵਕਾਰ, ਮਾਨ, ਸਨਮਾਨ ਨੂੰ ਕਾਇਮ ਰੱਖਦਾ ਹੈ। ਕਿਸੇ ਨੇ ਸੱਚ ਹੀ ਕਿਹਾ ਹੈ ਕਿ ਮਾਤਾ-ਪਿਤਾ ਦੀਆਂ ਅੱਖਾਂ ਵਿਚ ਦੋ ਵਾਰ ਹੰਝੂ ਆਉਂਦੇ ਹਨ। ਇਕ ਵਾਰ ਉਦੋਂ, ਜਦੋਂ ਆਪਣੀ ਧੀ ਨੂੰ ਪਾਲ-ਪੋਸਕੇ ਅਨੰਦ ਕਾਰਜ ਤੋਂ ਬਾਅਦ ਡੋਲੀ ਪਾਉਣ ਸਮੇਂ ਅਤੇ ਦੂਜੀ ਵਾਰ ਉਦੋਂ, ਜਦੋਂ ਬੁਢਾਪੇ ਵਿਚ ਪੁੱਤਰ ਮੂੰਹ ਮੋੜ ਲੈਂਦੇ ਹਨ। ਕਿਤਨੀ ਹੈਰਾਨੀ ਦੀ ਗੱਲ ਹੈ ਕਿ ਮਾਂ-ਪਿਉ ਬੜੇ ਲਾਡ-ਪਿਆਰ ਨਾਲ ਬੱਚਿਆਂ ਨੂੰ ਬੋਲਣਾ ਸਿਖਾਉਂਦੇ ਹਨ, ਉਹੀ ਬੱਚੇ ਵੱਡੇ ਹੋ ਕੇ ਮਾਂ-ਪਿਉ ਨੂੰ ਬੋਲਣ ਤੋਂ ਰੋਕਦੇ ਹਨ।**

ਧੀ ਨੂੰ ਬੇਗਾਨਾ ਧਨ ਕਿਹਾ ਜਾਂਦਾ ਸੀ ਅਤੇ ਅੱਜ ਵੀ ਕਿਹਾ ਜਾਂਦਾ ਹੈ ਪਰ ਗਹਿਰਾਈ ਨਾਲ ਸੋਚਿਆਂ ਇਹ ਗੱਲ ਠੀਕ ਨਹੀਂ ਲਗਦੀ ਕਿਉਂਕਿ ਧੀ ਪਰਾਏ ਘਰ ਜਾ ਕੇ ਵੀ ਆਪਣੇ ਮਾਂ-ਪਿਉ ਨੂੰ ਨਹੀਂ ਭੁਲਦੀ। ਮਾਂ-ਪਿਉ ਦੇ ਦੁੱਖ ਨੂੰ ਆਪਣਾ ਦੁੱਖ ਸਮਝਦੀ ਹੈ। ਸਮਾਂ ਕੱਢ ਕੇ ਆਪਣੇ ਮਾਂ-ਪਿਉ ਕੋਲ ਰਹਿਣ ਲਈ ਕੁਝ ਦਿਨਾਂ ਲਈ ਆਉਂਦੀ ਹੈ ਪਰ ਦੂਜੇ ਪਾਸੇ ਅੱਜ ਦੇ ਮਾਹੌਲ ਅਨੁਸਾਰ ਇਹ ਗੱਲ ਦਾਅਵੇ ਨਾਲ ਕਹੀ ਜਾ ਸਕਦੀ ਹੈ ਕਿ ਪੁੱਤਰ ਪਰਾਇਆ ਧਨ ਬਣ ਗਿਆ ਹੈ। ਮਾਂ-ਪਿਉ ਦੁੱਖ/ ਤੰਗੀ ਸਹਿ ਕੇ, ਕਈ ਵਾਰ ਕਰਜ਼ ਲੈ ਕੇ ਆਪਣੇ ਪੁੱਤਰ/ ਪੁੱਤਰਾਂ ਨੂੰ ਪੜ੍ਹਾਉਂਦਾ ਹੈ। ਪੁੱਤਰ ਚੰਗਾ ਪੜ੍ਹ ਕੇ ਵਿਦੇਸ਼ ਜਾਂ ਆਪਣੇ ਦੇਸ਼ ਭਾਰਤ ਦੇ ਹੀ ਕਿਸੇ ਵੱਡੇ ਸ਼ਹਿਰ ਚਲਾ ਜਾਂਦਾ ਹੈ ਅਤੇ ਉੱਥੇ ਹੀ ਨੌਕਰੀ ਕਰਨ ਲਗ ਜਾਂਦਾ ਹੈ। ਇਕ ਸਾਲ ਜਾਂ ਦੋ ਸਾਲ ਅਤੇ ਕਈ ਵਾਰੀ ਇਸ ਤੋਂ ਵੀ ਵੱਧ ਸਮੇਂ ਤੋਂ ਬਾਅਦ ਉਹ ਕੁਝ ਦਿਨਾਂ ਲਈ ਹੀ ਆਪਣੇ ਮਾਂ ਪਿਉ ਕੋਲ ਆਉਂਦਾ ਹੈ। ਮਾਂ-ਪਿਉ ਪਾਸ ਉਹ ਜਿਆਦਾ ਦਿਨ ਰਹਿ ਹੀ ਨਹੀਂ ਸਕਦਾ ਕਿਉਂਕਿ ਵੱਡੇ ਸ਼ਹਿਰ ਵਿਚ ਰਹਿਣ ਤੋਂ ਬਾਅਦ ਛੋਟੀ ਥਾਂ 'ਤੇ ਮਨ ਦਾ ਨਾ ਲਗਣਾ, ਸੀਮਤ ਛੁੱਟੀਆਂ ਅਤੇ ਉਹਨਾਂ ਛੁੱਟੀਆਂ ਵਿੱਚ ਹੋਰ ਵੀ ਕਈ ਥਾਵਾਂ 'ਤੇ ਜਾਣ ਦੀ ਇੱਛਾ ਕਾਰਣ ਉਹ ਕੁੱਝ ਦਿਨਾਂ ਵਿੱਚ ਹੀ ਚਲਾ ਜਾਂਦਾ ਹੈ। ਇਸ ਤਰ੍ਹਾਂ ਹੁਣ ਇਹ ਗੱਲ ਕਹੀ ਜਾ ਸਕਦੀ ਹੈ ਕਿ ਪੁੱਤਰ ਪਰਾਇਆ ਧਨ ਬਣ ਗਿਆ ਹੈ। ਇਸ ਤਰ੍ਹਾਂ ਅੱਜ ਬਜ਼ੁਰਗਾਂ ਦੀ ਹਾਲਤ ਮਾੜੀ ਤੋਂ ਮਾੜੀ ਹੁੰਦੀ ਜਾ ਰਹੀ ਹੈ।

-0-

**ਸਫਾ 5 ਦਾ ਬਾਕੀ**

ਆਦਿ ਅੰਤਿ ਪੜਣਾ'', ਤਿਵੇਂ ਹੀ ਸਤਿਗੁਰੂ ਜੀ ਆਪ ਹੀ ਉਪਰੋਕਤ ਤੁਕ ਲਈ ਵੀ ਕੋਈ ਕੋਈ ਹਦਾਇਤ ਲਿਖ ਜਾਂਦੇ। ਇਸ ਮਸਲੇ ਸਬੰਧੀ ਇੱਕ ਹੋਰ ਦਲੀਲ ਵੀ ਬੜੀ ਢੁਕਵੀਂ ਹੈ ਕਿ ਵਾਰ ਦੀ ੧੨ਵੀਂ ਪਉੜੀ ਦੇ ਛੇ ਤੁਕੀ ਸਲੋਕਾਂ ੨,੩,੪ ਅਤੇ ੫ ਵਿੱਚ 'ਪਰਮਤੰਤ ਮਹਿ ਰੇਖ ਨ ਰੂਪੁ' (ਪੰਨਾ ੯੫੩) ਵਾਲੀ ਪੰਕਤੀ ਹਰੇਕ ਸਲੋਕ ਵਿੱਚ ਅੰਤ 'ਤੇ ਦਰਜ ਹੈ। ਕੀ ਇਸ ਤਰ੍ਹਾਂ ਆਪ 'ਰਹਾਉ' ਵਾਲੀ ਪੰਕਤੀ ਦੀ ਸੰਪਾਦਨਾ ਵਾਰ ਦੀ ਹਰੇਕ ਪਉੜੀ ਨਾਲ ਨਹੀਂ ਸਨ ਕਰ ਸਕਦੇ ?

ਸੋ ਸਾਰੀ ਵਿਚਾਰ ਦਾ ਸਾਰ ਤੱਤ ਇਹ ਹੈ ਕਿ ਗੁਰਬਾਣੀ ਦਾ ਪਾਠ ਕਰਨ ਵੇਲੇ ਇਸ ਤੁਕ ਨੂੰ ਵਾਰ ਦੀ ਹਰੇਕ ਪਉੜੀ ਨਾਲ ਮਿਲਾ ਕੇ ਪੜ੍ਹਨਾ ਮਨਮਰਜ਼ੀ ਹੈ, ਮਨਮਤਿ ਹੈ। ਕਿਉਂਕਿ, ਗੁਰਬਾਣੀ ਸਬੰਧੀ ਉਹੀ ਹਦਾਇਤ ਪ੍ਰਮਾਣੀਕ ਤੇ ਮੰਨਣ ਯੋਗ ਹੈ, ਜਿਹੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਦਰਜ ਹੋਵੇ। ਧੁਰ ਦਾ ਫੈਸਲਾ ਹੈ : ''ਮਨ ਕੀ ਮਤਿ ਮਤਾਗਲੁ ਮਤਾ॥ ਜੋ ਕਿਛੁ ਬੋਲੀਐ ਸਭੁ ਖਤੋ ਖਤਾ॥'' ਆਸਾ (ਮ: ੧) ਗੁਰੂ ਗ੍ਰੰਥ ਸਾਹਿਬ - ਪੰਨਾ ੩੫੧।

ਭੁੱਲ-ਚੁੱਕ ਮੁਆਫ਼

# ਅਸੀਂ ਕਿੰਨੇ ਅਸੰਵੇਦਨਸ਼ੀਲ ਹੋ ਗਏ ਹਾਂ

– ਕਮਾਂਡੈਂਟ ਬਲਰਾਜ ਸਿੰਘ ਪੰਡੋਰੀ ਸਿੱਧਵਾਂ 95011-00062

ਕੁਝ ਦਿਨ ਪਹਿਲਾਂ ਹੋਲੇ ਮਹੱਲੇ ਸਮੇਂ ਇੱਕ ਬਹੁਤ ਹੀ ਦਰਦਨਾਕ ਘਟਨਾ ਵਾਪਰੀ ਹੈ ਜਿਸ ਵਿੱਚ ਕੈਨੇਡਾ ਤੋਂ ਆਏ ਪ੍ਰਦੀਪ ਸਿੰਘ ਨਾਮਕ ਇੱਕ ਨੌਜਵਾਨ ਦਾ ਸ਼ਰੇਆਮ ਕੁੱਟ ਕੁੱਟ ਕੇ ਕਤਲ ਕਰ ਦਿੱਤਾ ਗਿਆ ਹੈ। ਪਰ ਇਸ ਘਟਨਾ ਦਾ ਸਭ ਤੋਂ ਸ਼ਰਮਨਾਕ ਪਹਿਲੂ ਇੱਕ ਹੈ ਕਿ ਲੋਕਾਂ ਦਾ ਹਜੂਮ ਇਸ ਘਟਨਾ ਦਾ ਪੂਰਾ ਮਜ਼ਾ ਲੈ ਰਿਹਾ ਸੀ ਤੇ ਅੱਧੇ ਤੋਂ ਵੱਧ ਲੋਕ ਉਸ ਨੌਜਵਾਨ ਦਾ ਬਚਾਅ ਕਰਨ ਦੀ ਬਜਾਏ ਆਪੋ ਆਪਣੇ ਮੋਬਾਇਲਾਂ 'ਤੇ ਉਸ ਦੀ ਮਾਰ ਕੁਟਾਈ ਦੀ ਵੀਡੀਉ ਬਣਾਉਣ ਵਿੱਚ ਰੁੱਝੇ ਹੋਏ ਸਨ। ਇਸੇ ਤਰਾਂ ਦੀ ਇੱਕ ਘਟਨਾ ਵਿੱਚ ਸੱਤ ਕੁ ਮਹੀਨੇ ਪਹਿਲਾਂ ਯੂ.ਪੀ. ਦੇ ਗਾਜ਼ੀਆਬਾਦ ਸ਼ਹਿਰ ਵਿੱਚ ਦੋ ਬਦਮਾਸ਼ਾਂ ਨੇ ਅਜੇ ਨਾਮਕ ਇੱਕ ਵਿਅਕਤੀ ਨੂੰ ਸ਼ਰੇਆਮ ਚੱਲਦੀ ਸੜਕ 'ਤੇ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਨੇੜੇ ਤੋਂ ਅਰਾਮ ਨਾਲ ਟਰੈਫਿਕ ਚੱਲਦੀ ਰਹੀ ਤੇ ਬੇਸ਼ਰਮ ਤਮਾਸ਼ਬੀਨ ਉਸ ਦੀ ਮਦਦ ਕਰਨ ਜਾਂ ਪੁਲਿਸ ਤੇ ਐਂਬੂਲੈਂਸ ਨੂੰ ਬੁਲਾਉਣ ਦੀ ਬਜਾਏ ਮਾਰ ਕੁਟਾਈ ਦੀਆਂ ਵੀਡੀਉ ਬਣਾਉਂਦੇ ਰਹੇ। ਉਹਨਾਂ ਨੂੰ ਅਜੇ ਨੂੰ ਬਚਾਉਣ ਨਾਲੋਂ ਫੇਸਬੁੱਕ 'ਤੇ ਲਾਈਕ ਲੈਣ ਦੀ ਜਿਆਦਾ ਫਿਕਰ ਸੀ। ਇੰਟਰਨੈੱਟ ਅਤੇ ਸੋਸ਼ਲ ਮੀਡੀਆ ਦਾ ਆਵਿਸ਼ਕਾਰ ਕਿਸੇ ਚਮਤਕਾਰ ਤੋਂ ਘੱਟ ਨਹੀਂ ਹੈ। ਜਰੂਰੀ ਦਸਤਾਵੇਜ਼, ਫੋਟੋਆਂ, ਖਬਰਾਂ, ਫਿਲਮਾਂ ਅਤੇ ਈਮੇਲ ਆਦਿ ਸਕਿੰਟਾਂ ਵਿੱਚ ਸੰਸਾਰ ਦੇ ਕਿਸੇ ਵੀ ਕੋਨੇ ਵਿੱਚ ਭੇਜੇ ਜਾ ਸਕਦੇ ਹਨ। ਸੰਸਾਰ ਦੇ ਕਿਸੇ ਵੀ ਦੇਸ਼ ਤੋਂ ਫਰੀ ਆਡਿਉ ਜਾਂ ਵੀਡੀਉ ਕਾਲ ਹੋ ਜਾਂਦੀ ਹੈ। ਪਰ ਇਹ ਗੱਲਾਂ ਸਾਡੇ ਦੇਸ਼ ਦੇ ਵਿਹਲੜਾਂ 'ਤੇ ਲਾਗੂ ਨਹੀਂ ਹੁੰਦੀਆਂ, ਇਹ ਤਾਂ ਸ਼ੋਸ਼ਲ ਮੀਡੀਆ ਦੀ ਵਰਤੋਂ ਹੋਰ ਹੀ ਕੰਮਾਂ ਲਈ ਕਰ ਰਹੇ ਹਨ।

ਕੁਝ ਦਿਨ ਪਹਿਲਾਂ ਬਿਹਾਰ ਦੇ ਇੱਕ ਪੱਤਰਕਾਰ ਨੇ ਤਾਂ ਕਮਾਲ ਹੀ ਕਰ ਦਿੱਤਾ ਸੀ। ਉਸ ਨੇ ਦੋ ਵਿਅਕਤੀਆਂ ਨੂੰ ਪੱਟੀਆਂ ਆਦਿ ਬੰਨ੍ਹ ਕੇ ਇੱਕ ਵੀਡੀਉ ਤਿਆਰ ਕਰ ਲਈ ਕਿ ਉਹ ਤਾਮਿਨਾਡੂ ਵਿਖੇ ਮਜ਼ਦੂਰੀ ਕਰਦੇ ਹਨ ਤੇ ਉਹਨਾਂ 'ਤੇ ਤਾਮਿਲਾਂ ਨੇ ਫਿਰਕੂ ਹਮਲੇ ਕਰਨੇ ਸ਼ੁਰੂ ਕਰ ਦਿੱਤੇ ਹਨ। ਉਹਨਾਂ ਦੇ ਦਰਜ਼ਨਾਂ ਸਾਥੀ ਮਾਰੇ ਗਏ ਹਨ ਤੇ ਸੈਂਕੜੇ ਜ਼ਖਮੀ ਹਨ। ਵਿਹਲੜਾਂ ਨੇ ਬਿਨਾਂ ਸੋਚੇ ਸਮਝੇ ਇਹ ਵੀਡੀਉ ਸਾਰੇ ਭਾਰਤ ਵਿੱਚ ਫੈਲਾ ਦਿੱਤੀ। ਤਾਮਿਲਨਾਡੂ ਵਿੱਚ ਹਫੜਾ ਦਫੜੀ ਫੈਲ ਗਈ ਤੇ ਹਜ਼ਾਰਾਂ ਬਿਹਾਰੀ ਮਜ਼ਦੂਰ ਡਰਦੇ ਮਾਰੇ ਕੰਮ ਕਾਜ ਛੱਡ ਕੇ ਰੇਲਵੇ ਸਟੇਸ਼ਨਾਂ 'ਤੇ ਪਹੁੰਚ ਗਏ। ਇਸ ਅਫਵਾਹ ਨੂੰ ਰੋਕਣ ਲਈ ਬਿਹਾਰ ਅਤੇ ਤਾਮਿਲਨਾਡੂ ਦੇ ਮੁੱਖ ਮੰਤਰੀਆਂ ਨੂੰ ਦਖਲ ਦੇਣਾ





ਪਿਆ ਤਾਂ ਕਿਤੇ ਜਾ ਕੇ 10-15 ਦਿਨਾਂ ਬਾਅਦ ਮਾਹੌਲ ਸ਼ਾਂਤ ਹੋਇਆ। ਹੁਣ ਉਸ ਪੱਤਰਕਾਰ ਅਤੇ ਉਸ ਦੇ ਮੂਰਖ ਸਾਥੀਆਂ 'ਤੇ ਮੁਕੱਦਮਾ ਦਰਜ਼ ਹੋ ਗਿਆ ਤੇ ਉਹ ਜੇਲ ਯਾਤਰਾ ਕਰ ਰਹੇ ਹਨ।ਜੇ ਕਿਤੇ ਸੜਕ ਹਾਦਸੇ ਵਿੱਚ ਕੋਈ ਬਦਨਸੀਬ ਮਰਿਆ ਪਿਆ ਹੋਵੇ ਤਾਂ ਇਹਨਾਂ ਨੂੰ ਚਾਅ ਚੜ੍ਹ ਜਾਂਦਾ ਹੈ। ਮਦਦ ਕਰਨ ਦੀ ਬਜਾਏ ਨੁੱਚੜਦੇ ਖੂਨ ਤੇ ਫਿੱਸੇ ਹੋਏ ਸਿਰਾਂ ਵਾਲੀਆਂ ਦਰਦਨਾਕ ਫੋਟੋਆਂ ਸੋਸ਼ਲ ਮੀਡੀਆ 'ਤੇ ਪਾਉਣਗੇ। ਕਈ ਬੇਵਕੂਫ ਤਾਂ ਐਵੇਂ ਹੀ ਪੁਰਾਣੀ ਫੋਟੋ ਵੱਟਸਐਪ 'ਤੇ ਪਾ ਦੇਂਦੇ ਹਨ ਕਿ ਇਹ ਬੱਚਾ ਫਲਾਨੇ ਰੇਲਵੇ ਸਟੇਸ਼ਨ 'ਤੇ ਲਾਵਾਰਿਸ ਮਿਲਿਆ ਹੈ। ਲੋਕ ਫੋਨ ਕਰ ਕੇ ਪੁਲਿਸ ਵਾਲਿਆਂ ਦਾ ਨੱਕ ਵਿੱਚ ਦਮ ਕਰ ਦੇਂਦੇ ਹਨ। ਕਈ ਘਰ ਬੈਠੇ ਹੀ ਮੈਸੇਜ ਛੱਡ ਦੇਂਦੇ ਹਨ ਕਿ ਫਲਾਨੇ ਹਸਪਤਾਲ ਵਿੱਚ ਖੂਨ ਚਾਹੀਦਾ ਹੈ। ਬੰਦਾ ਪੁੱਛੇ ਕਿ ਤੁਸੀਂ ਆਪ ਕਿਉਂ ਨਹੀਂ ਦੇਂਦੇ ਜਾ ਕੇ? ਖੂਨ ਕਿਸੇ ਲੋੜਵੰਦ ਨੂੰ ਬਠਿੰਡੇ ਚਾਹੀਦਾ ਹੁੰਦਾ ਹੈ ਤੇ ਮੈਸੇਜ ਇਹ ਪਠਾਨਕੋਟ ਨੂੰ ਭੇਜੀ ਜਾਂਦੇ ਹਨ।

ਸੋਸ਼ਲ ਮੀਡੀਆ 'ਤੇ ਸਾਰਾ ਦਿਨ ਫਜ਼ੂਲ ਦੀਆਂ ਅਹਿਮਕਾਨਾ ਗੱਲਾਂ ਜਿਆਦਾ ਸ਼ੇਅਰ ਕੀਤੀਆਂ ਜਾਂਦੀਆਂ ਹਨ। ਕਈ ਮੂਰਖ ਤਾਂ ਅੰਧਵਿਸ਼ਵਾਸ ਫੈਲਾਉਣਾ ਆਪਣਾ ਪਰਮ ਧਰਮ ਸਮਝਦੇ ਹਨ। ਕਹਿਣਗੇ ਇਹ ਮੈਸੇਜ ਫਲਾਣੇ ਧਾਰਮਿਕ ਸਥਾਨ ਤੋਂ ਚੱਲਿਆ ਹੈ। 100 ਲੋਕਾਂ ਨੂੰ ਫਾਰਵਰਡ ਕਰੋਗੇ ਤਾਂ ਸ਼ਾਮ ਤੱਕ ਕੋਈ ਚੰਗੀ ਖਬਰ ਮਿਲੇਗੀ, ਅਗਰ ਨਜ਼ਰ ਅੰਦਾਜ਼ ਕਰੋਗੇ ਤਾਂ ਤੁਹਾਡਾ ਨੁਕਸਾਨ ਹੋ ਜਾਵੇਗਾ। ਇੱਕ ਸੂਰਮੇ ਨੇ ਤਾਂ ਆਪਣੇ ਦਾਦੇ ਦੀ ਅਰਥੀ ਨੂੰ ਮੋਢਾ ਦੇਂਦੇ ਸਮੇਂ ਦੰਦੀਆਂ ਕੱਢਦੇ ਹੋਏ ਸੈਲਫੀ ਖਿੱਚ ਕੇ ਫੇਸਬੁੱਕ 'ਤੇ ਪਾ ਦਿੱਤੀ ਸੀ ਕਿ ਫੀਲਿੰਗ ਸੈਡ ਵਿੱਦ ਦਾਦਾ ਜੀ ਡੈੱਡ। ਕਈ ਲੋਕ ਤਾਂ ਸ਼ੋਸ਼ਲ ਮੀਡੀਆ ਦੇ ਐਨੇ ਭਗਤ ਹਨ ਜਿਵੇਂ ਦੁਨੀਆਂ ਭਰ ਦੀ ਸਾਰੀ ਸੱਚਾਈ ਇਸ ਵਿੱਚ ਹੀ ਸਮਾਈ ਹੋਵੇ। ਜਦੋਂ ਦੀਨਾਨਗਰ ਥਾਣੇ 'ਤੇ ਅੱਤਵਾਦੀ ਹਮਲਾ ਹੋਇਆ ਸੀ ਤਾਂ ਵਿਹਲੜਾਂ ਨੇ ਟੀ.ਵੀ. ਤੋਂ ਉੱਡਦੀ ਉੱਡਦੀ ਖਬਰ ਸੁਣ ਲਈ ਕਿ ਅੱਤਵਾਦੀਆਂ ਨਾਲ ਸ਼ਾਇਦ ਦੋ ਔਰਤਾਂ ਵੀ ਹਨ। ਮੁਕਾਬਲਾ ਰਾਤ 8-9 ਵਜੇ ਜਾ ਕੇ ਖਤਮ ਹੋਇਆ ਸੀ। ਪਰ ਕਥਿੱਤ ਸੋਸ਼ਲ ਮੀਡੀਆ ਕਰਾਈਮ ਰਿਪੋਰਟਰਾਂ ਨੇ ਸਵੇਰੇ 10 ਵਜੇ ਹੀ ਕਿਸੇ ਪੁਰਾਣੇ ਮੁਕਾਬਲੇ ਵਿੱਚ ਦੋ ਔਰਤਾਂ ਸਮੇਤ ਮਰੇ ਚੇਚਨੀਆਂ (ਰੂਸ) ਦੇ ਅੱਤਵਾਦੀਆਂ ਦੀਆਂ ਫੋਟੋਆਂ ਵੱਟਸਐਪ 'ਤੇ ਪਾ ਦਿੱਤੀਆਂ ਸਨ ਕਿ ਸਾਰੇ ਅੱਤਵਾਦੀ ਮਾਰੇ ਗਏ ਹਨ ਤੇ ਮੁਕਾਬਲਾ ਖਤਮ ਹੋ ਗਿਆ ਹੈ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ (ਜੇ.ਐੱਨ.ਯੂ.) ਦਿੱਲੀ ਅਤੇ ਹਰਿਆਣਾ ਦੇ ਜਾਟ ਅੰਦੋਲਨ ਨੂੰ ਭੜਕਾਉਣ ਵਿੱਚ ਸ਼ੋਸ਼ਲ ਮੀਡੀਆ ਦਾ ਪੂਰਾ ਹੱਥ ਸੀ।

ਇਨ੍ਹਾਂ ਲੋਕਾਂ ਨੂੰ ਸਵੇਰੇ ਭਗਤੀ ਦਾ ਖੁਮਾਰ ਚੜ੍ਹਿਆ ਹੁੰਦਾ ਹੈ। ਅਜਿਹੇ ਧਾਰਮਿਕ, ਗਿਆਨ ਵਧਾਊ ਅਤੇ ਹੌਂਸਲਾ ਅਫਜਾਈ ਵਾਲੇ ਮੈਸੇਜ ਆਉਂਦੇ ਹਨ ਕਿ ਬੰਦਾ ਆਪਣੇ ਆਪ ਨੂੰ ਸਰਵ-ਸ਼ਕਤੀਮਾਨ ਮਹਿਸੂਸ ਕਰਨ ਲੱਗ ਜਾਂਦਾ ਹੈ। ਦੁਪਹਿਰ ਨੂੰ ਡਿਪਰੈਸ਼ਨ ਵਾਲੇ ਤੇ ਰਾਤ ਨੂੰ ਗੰਦ ਮੰਦ ਸ਼ੁਰੂ ਹੋ ਜਾਂਦਾ ਹੈ। ਸਟੇਟਸ 'ਤੇ ਫੋਟੋ ਵੀ ਵੇਖਣ ਵਾਲੀ ਹੁੰਦੀ ਹੈ। ਮਰੀਅਲ ਤੋਂ ਮਰੀਅਲ ਬੰਦਾ ਵੀ ਗੁੱਗੂ ਗਿੱਲ ਤੋਂ ਘੱਟ ਨਹੀ ਲੱਗਦਾ। ਕਈ ਸੂਰਮੇ ਤਾਂ ਬੇਗਾਨੇ ਪਿਸਤੌਲਾਂ ਰਾਈਫਲਾਂ ਨਾਲ ਗੱਬਰ ਸਿੰਘ ਦੇ ਪੋਜ਼ ਵਿੱਚ ਡੀ.ਪੀ. ਲਾ ਕੇ ਜੇਲ੍ਹ ਜਾਣ ਦੀ ਤਿਆਰੀ ਕਰੀ ਬੈਠੇ ਹਨ। ਆਮ ਲੋਕਾਂ ਨੂੰ ਇਹ ਪਤਾ ਨਹੀਂ ਕਿ ਦੂਸਰੇ ਦੇ ਹਥਿਆਰ ਨੂੰ ਪਕੜਨਾ ਵੀ ਜ਼ੁਰਮ ਹੈ। ਹਰ ਬੰਦਾ ਦੂਸਰੇ ਨੂੰ ਬੇਵਕੂਫ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਕਈ ਬੁੱਢਿਆਂ ਨੇ ਫੇਸਬੁੱਕ 'ਤੇ ਆਪਣੀ ਜਵਾਨੀ ਦੀ ਪ੍ਰੋਫਾਇਲ ਫੋਟੋ ਲਾਈ ਹੁੰਦੀ ਹੈ। ਕਈ ਬੰਦੇ ਭੁਲੇਖੇ ਨਾਲ ਆਪਣੀ ਪਤਨੀ ਨਾਲ

ਹੀ ਚੈਟਿੰਗ ਕਰਦੇ ਕਾਬੂ ਆ ਗਏ ਹਨ। ਕਈ ਅਣਭੋਲ ਔਰਤਾਂ ਬਦਮਾਸ਼ ਬੰਦਿਆਂ ਦੀਆਂ ਚੈਟਿੰਗ ਦੌਰਾਨ ਕੀਤੀਆਂ ਮਿੱਠੀਆਂ ਗੱਲਾਂ ਵਿੱਚ ਫਸ ਕੇ ਘਰ ਘਾਟ ਤਬਾਹ ਕਰ ਬੈਠੀਆਂ ਹਨ।







ਇੱਕ ਨਵਾਂ ਟਰੈਂਡ ਚੱਲਿਆ ਹੈ ਸੈਲਫੀ ਖਿੱਚਣ ਦਾ। ਲੋਕ ਕਿਸੇ ਲੀਡਰ ਜਾਂ ਅਫਸਰ ਨਾਲ ਚੇਪੀ ਹੋ ਕੇ ਖਿੱਚੀਆਂ ਸੈਲਫੀਆਂ ਫੇਸਬੁੱਕ 'ਤੇ ਪਾ ਕੇ ਲਾਈਕ ਗਿਣਨ ਲੱਗ ਜਾਂਦੇ ਹਨ। ਲਾਈਕ ਅਸਲ ਵਿੱਚ ਉਸ ਵੱਡੇ ਬੰਦੇ ਨੂੰ ਮਿਲਦੇ ਹਨ, ਜਿਸ ਨਾਲ ਤੁਹਾਡੀ ਫੋਟੋ ਲੱਗੀ ਹੁੰਦੀ ਹੈ। ਹੁਣ ਤੱਕ ਇਕੱਲੇ ਭਾਰਤ ਵਿੱਚ ਹੀ 250 ਦੇ ਕਰੀਬ ਲੋਕ ਸੈਲਫੀਆਂ ਲੈਂਦੇ ਸਮੇਂ ਅਣਿਆਈ ਮੌਤ ਮਰ ਚੁੱਕੇ ਹਨ। ਲੀਡਰਾਂ ਕੋਲ ਪਹੁੰਚਣ ਦਾ ਸਭ ਤੋਂ ਸੌਖਾ ਬਹਾਨਾ ਹੈ ਸੈਲਫੀ ਖਿੱਚਣੀ। ਜਿਹੜੇ ਲੀਡਰ ਜਾਂ ਐਕਟਰ ਨੱਕ 'ਤੇ ਮੱਖੀ ਨਹੀਂ ਬਹਿਣ ਦੇਂਦੇ, ਉਹ ਵੀ ਸੈਲਫੀ ਖਿਚਾਉਣ ਵੇਲੇ ਅਸੀਲ ਮੱਝ ਵਾਂਗ ਫੌਰਨ ਬੱਤੀਸੀ ਵਿਖਾਉਣ ਲੱਗ ਜਾਂਦੇ ਹਨ। ਸ਼ੋਸ਼ਲ ਮੀਡੀਆ ਅੱਜ ਐਨਾ ਤਾਕਤਵਰ ਹੋ ਗਿਆ ਹੈ ਕਿ ਇਸ ਵਿੱਚ ਦੇਸ਼ਾਂ ਦੀ ਕਿਸਮਤ ਤੱਕ ਬਦਲਣ ਦੀ ਤਾਕਤ ਆ ਗਈ ਹੈ। ਟਿਊਨੀਸ਼ੀਆ, ਮਿਸਰ ਅਤੇ ਸੀਰੀਆ ਦੀਆਂ ਸਰਕਾਰਾਂ ਦਾ ਤਖਤਾ ਪਲਟਾਉਣ ਵਿੱਚ ਇਸ ਦਾ ਪੂਰਾ ਹੱਥ ਸੀ। 2010 ਵਿੱਚ ਟਿਊਨੀਸ਼ੀਆ ਦੀ ਰਾਜਧਾਨੀ ਟਿਊਨਿਸ ਵਿਖੇ ਇੱਕ ਕਬਜ਼ਾ ਹਟਾਊ ਦਸਤੇ ਦੇ ਵਿਰੋਧ ਵਿੱਚ ਇੱਕ ਫੜ੍ਹੀ ਵਾਲੇ ਮੁਹੰਮਦ ਬੋਆਜ਼ੀ ਨੇ ਆਪਣੇ ਆਪ ਅੱਗ ਲਗਾ ਲਈ ਸੀ। ਉਹ ਫੋਟੋ ਐਨੀ ਵਾਇਰਲ ਹੋਈ ਕਿ ਤਤਕਾਲੀ ਰਾਸ਼ਟਰਪਤੀ ਜ਼ਾਈਨ ਅਲ ਅਬੀਦੀਨ ਨੂੰ ਦੇਸ਼ ਛੱਡ ਕੇ ਭੱਜਣਾ ਪਿਆ ਸੀ। ਭਾਰਤ ਵਿੱਚ ਇੱਕ ਖਾਸ ਰਾਜਨੀਤਕ ਪਾਰਟੀ ਦਾ ਸ਼ੋਸ਼ਲ ਮੀਡੀਆ 'ਤੇ ਮੁਕੰਮਲ ਕਬਜ਼ਾ ਹੈ। ਇਸ ਦਾ ਪਰਿਣਾਮ ਇਹ ਨਿਕਲਿਆ ਹੈ ਕਿ ਲੋਕ ਦੂਸਰੀਆਂ ਪਾਰਟੀਆਂ ਦੀ ਗੱਲ ਸੁਣਨ ਲਈ ਵੀ ਰਾਜੀ ਨਹੀਂ ਹਨ। ਉਸ ਨੂੰ ਹਰ ਇਲੈੱਕਸ਼ਨ ਵਿੱਚ ਧੜਾ ਧੜ ਵੋਟ ਮਿਲ ਰਹੇ ਹਨ।

ਸ਼ੋਸ਼ਲ ਮੀਡੀਆ ਦੀ ਸਹੀ ਵਰਤੋਂ ਕੀਤੀ ਜਾਵੇ ਤਾਂ ਇਸ ਦੇ ਫਾਇਦੇ ਵੀ ਬੇਅੰਤ ਹਨ। ਦੋ ਕੁ ਮਹੀਨੇ ਪਹਿਲਾਂ ਖਬਰ ਆਈ ਸੀ ਕਿ ਨਿਊਯਾਰਕ (ਅਮਰੀਕਾ) ਵਿੱਚ ਇੱਕ ਮਰੀਜ਼ ਦਾ ਉਪਰੇਸ਼ਨ ਕਰਦੇ ਸਮੇਂ ਡਾਕਟਰ ਨੂੰ ਕਿਸੇ ਗੱਲ ਦੀ ਸਮਝ ਨਹੀਂ ਸੀ ਆ ਰਹੀ। ਉਸ ਨੇ ਕੈਲਗਰੀ (ਕੈਨੇਡਾ) ਦੇ ਇੱਕ ਸਪੈਸ਼ਲਿਸਟ ਨੂੰ ਆਨਲਾਈਨ ਉਪਰੇਸ਼ਨ ਵਿਖਾ ਕੇ ਸਲਾਹ ਲਈ ਤੇ ਮਰੀਜ਼ ਦੀ ਜਾਨ ਬਚ ਸਕੀ। ਪਰ ਸਾਡੇ ਦੇਸ਼ ਵਿੱਚ ਸ਼ੋਸ਼ਲ ਮੀਡੀਆ ਦੀ ਰੱਜ ਕੇ ਦੁਰਵਰਤੋਂ ਹੋ ਰਹੀ ਹੈ। ਇਸ ਦਾ ਇਸਤੇਮਾਲ ਦੰਗੇ ਭੜਕਾਉਣ, ਅਸ਼ਲੀਲਤਾ ਫੈਲਾਉਣ ਅਤੇ ਇੱਕ ਦੂਸਰੇ ਨੂੰ ਬਦਨਾਮ ਕਰਨ ਲਈ ਜਿਆਦਾ ਕੀਤਾ ਜਾ ਰਿਹਾ ਹੈ। ਇਸ ਲਈ ਸਭ ਨੂੰ ਚਾਹੀਦਾ ਹੈ ਕਿ ਸੋਸ਼ਲ ਮੀਡੀਆ ਦੀ ਸਹੀ ਵਰਤੋਂ ਕਰੀਏ। ਇਸ ਨਾਲ ਅਸੀਂ ਵੀ ਸੁਖੀ ਰਹਾਂਗੇ ਤੇ ਸਮਾਜ ਦਾ ਵੀ ਭਲਾ ਹੋਵੇਗਾ।

-0-


# ਗੁਰਮਤਿ ਸਿਖਲਾਈ ਕੈਂਪ 2023

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਗੁਰਮਤਿ ਗਿਆਨ ਮਿਸ਼ਨਰੀ ਕਾਲਜ ਲੁਧਿਆਣਾ ਵਲੋਂ ਮਈ-ਜੂਨ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਾਏ ਜਾ ਰਹੇ ਹਨ। ਇਨ੍ਹਾਂ ਸਮਾਗਮਾਂ ਤੇ ਕੈਂਪਾਂ ਵਿਚ ਬੱਚਿਆਂ/ਨੌਜਵਾਨਾਂ ਨੂੰ ਗੁਰ-ਇਤਿਹਾਸ, ਗੁਰਬਾਣੀ, ਸਿੱਖ ਰਹਿਤ ਮਰਿਯਾਦਾ, ਨੈਤਿਕ ਕਦਰਾਂ-ਕੀਮਤਾਂ ਅਤੇ ਸਿੱਖ ਵਿਰਸੇ ਤੇ ਸੱਭਿਆਚਾਰ ਤੋਂ ਜਾਣੂੰ ਕਰਵਾਇਆ ਜਾਵੇਗਾ।

## • ਆਓ ! ਫਰਜ਼ ਨੂੰ ਪਛਾਣੀਏ •

ਆਪੋ-ਆਪਣੇ ਇਲਾਕੇ ਵਿਚ ਸਕੂਲਾਂ-ਕਾਲਜਾਂ ਵਿਚ **ਗੁਰਮਤਿ ਸਿਖਲਾਈ ਕੈਂਪ** ਲਗਵਾਈਏ।

**ਗੁਰਮਤਿ ਕੈਂਪ ਇੰਚਾਰਜ: ਭਾਈ ਗੁਰਜੀਤ ਸਿੰਘ ਸੰਪਰਕ : 98555-98855**

**ਕੈਂਪ ਲਗਾਉਣ ਲਈ ਸੰਪਰਕ: 98555-98849, 95920-20595**

**ਬੇਨਤੀ ਕਰਤਾ: ਗੁਰਮਤਿ ਗਿਆਨ ਮਿਸ਼ਨਰੀ ਕਾਲਜ**

**ਪੰਜਾਬੀ ਬਾਗ, ਜਵੱਦੀ, ਲੁਧਿਆਣਾ-141013 www.gurmatgian.com, www.fb.com/gurmatgian**

ਲੜੀ ਜੋੜਨ ਲਈ ਪਿਛਲਾ ਅੰਕ ਵੇਖੋ:

'ਸਿੱਖਾਂ ਦੇ ਪਾਕਿਸਤਾਨ ਵਿਚੋਂ ਨਿਕਲਣ ਦੀ ਗਾਥਾ' ਕਿਤਾਬ ਵਿਚੋਂ

# ਅਗਵਾ ਕੀਤੀਆਂ ਇਸਤਰੀਆਂ ਅਤੇ ਬੱਚਿਆਂ ਦੀ ਭਾਲ

**-ਡਾ. ਕਿਰਪਾਲ ਸਿੰਘ**

ਗ਼ੈਰ ਮੁਸਲਿਮ ਇਸਤ੍ਰੀਆਂ ਦੀ ਬਰਾਮਦਗੀ ਸਬੰਧੀ ਬਹੁਤ ਹੀ ਅਨੋਖੀ ਤੇ ਅਜੀਬ ਗੱਲ ਇਹ ਸੀ ਕਿ ਗ਼ੈਰ-ਮੁਸਲਿਮ ਅਗਵਾ ਕੀਤੀਆਂ ਲੜਕੀਆਂ ਆਮ ਕਰਕੇ ਭਾਰਤ ਜਾਣ ਤੋਂ ਇਨਕਾਰ ਕਰ ਦੇਂਦੀਆਂ ਸਨ। ਆਪਣੀ ਪਵਿੱਤਰਤਾ ਦੇ ਭੰਗ ਹੋਣ ਕਾਰਨ ਉਨ੍ਹਾਂ ਦੇ ਮਨ 'ਤੇ ਬਹੁਤ ਜ਼ਿਆਦਾ ਭਾਰ ਸੀ। ਇਹ ਸੰਕਲਪ ਹੀ ਉਹਨਾਂ ਨੂੰ ਆਪਣੇ ਰਿਸ਼ਤੇਦਾਰਾਂ ਦੇ ਸਾਹਮਣੇ ਹੋਣ ਤੋਂ ਵਰਜਦਾ ਸੀ। ਭਾਵੇਂ ਉਹ ਇਹਨਾਂ ਹਾਲਤਾਂ ਅਧੀਨ ਪੂਰਨ ਰੂਪ ਵਿਚ ਬੇਵੱਸ ਸਨ। ਪਰ ਉਹਨਾਂ ਵਿੱਚੋਂ ਕਈ ਇਸ ਗੱਲ ਵਿਚ ਯਕੀਨ ਰੱਖਦੀਆਂ ਸਨ ਕਿ ਉਹਨਾਂ ਦੇ ਪਤੀ ਤੇ ਹੋਰ ਰਿਸ਼ਤੇਦਾਰ ਉਨ੍ਹਾਂ ਦੀ ਰੱਖਿਆ ਕਰਨ ਤੋਂ ਅਸਮਰਥ ਰਹੇ ਹਨ ਅਤੇ ਇਸੇ ਕਰਕੇ ਉਹਨਾਂ ਦਾ ਉਹਨਾਂ 'ਤੇ ਕੋਈ ਹੱਕ ਨਹੀਂ ਰਿਹਾ। ਉਨ੍ਹਾਂ ਦੀ ਬਰਾਮਦਗੀ ਵਿਚ ਅੜਚਨ ਪਾਉਣ ਵਾਲਾ ਇਕ ਹੋਰ ਮੁੱਖ ਕਾਰਨ ਦੇਰੀ ਸੀ, ਜਿਸ ਕਰਕੇ ਅਗਵਾ ਕਰਤਿਆਂ ਨੂੰ 'ਪੂਰਬੀ ਪੰਜਾਬ ਵਿਚ ਖਾਣ ਨੂੰ ਕੁਝ ਨਹੀਂ ਮਿਲਦਾ, ਸਾਰੇ ਰਿਸ਼ਤੇਦਾਰਾਂ ਨੂੰ ਕਤਲ ਕਰ ਦਿੱਤਾ ਗਿਆ ਹੈ' ਆਦਿ ਜਿਹੀਆਂ ਝੂਠੀਆਂ ਤੇ ਆਧਾਰ-ਰਹਿਤ ਅਫ਼ਵਾਹਾਂ ਉਨ੍ਹਾਂ ਦੇ ਕੰਨਾਂ ਵਿਚ ਭਰਨ ਦਾ ਸਮਾਂ ਤੇ ਮੌਕਾ ਮਿਲ ਗਿਆ। ਕਈ ਹਾਲਤਾਂ ਵਿਚ ਅਗਵਾ ਕੀਤੀਆਂ ਲੜਕੀਆਂ ਦੀਆਂ ਦਲੀਲਾਂ ਬਿਲਕੁਲ ਸਹੀ ਤੇ ਵਾਸਤਵਿਕ ਸਨ। ਉਨ੍ਹਾਂ ਵਿੱਚੋਂ ਇਕ ਨੇ ਜ਼ਿਲ੍ਹਾ ਸੰਪਰਕ ਅਫ਼ਸਰ, ਗੁਜਰਾਂਵਾਲਾ ਨੂੰ ਕਿਹਾ, "ਮੈਂ ਕਿਸ ਤਰ੍ਹਾਂ ਯਕੀਨ ਕਰ ਸਕਦੀ ਹਾਂ ਕਿ ਤੁਹਾਡੇ ਦੋ ਫ਼ੌਜੀ ਸਿਪਾਹੀ ਮੈਨੂੰ ਸਰਹੱਦ ਪਾਰ ਭਾਰਤ ਵਿਚ ਸੁਰੱਖਿਆ-ਪੂਰਵਕ ਲਿਜਾ ਸਕਦੇ ਹਨ, ਜਦੋਂ ਕਿ ਸੌ ਸਿਪਾਹੀ ਸਾਨੂੰ ਤੇ ਸਾਡੇ ਲੋਕਾਂ ਨੂੰ ਜਿਹਨਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਸੀ, ਬਚਾਉਣ ਵਿਚ ਅਸਮਰਥ ਰਹੇ ਹਨ।" ਇਕ ਹੋਰ ਨੇ ਕਿਹਾ, "ਮੇਰਾ ਪਤੀ ਮਰ ਚੁੱਕਾ ਹੈ ਅਤੇ ਹੁਣ ਮੈਂ ਹੋਰ ਪਤੀ ਬਣਾ ਲਿਆ ਹੈ। ਤੁਸੀਂ ਮੈਨੂੰ ਭਾਰਤ ਲਿਜਾਣਾ ਚਾਹੁੰਦੇ ਹੋ ਜਿਥੇ ਮੇਰਾ ਕੋਈ ਨਹੀਂ ਹੈ ਅਤੇ ਤੁਸੀਂ ਮੈਥੋਂ ਇਹ ਆਸ ਨਹੀਂ ਕਰ ਸਕਦੇ ਕਿ ਮੈਂ ਹਰ ਰੋਜ਼ ਪਤੀ ਬਦਲਦੀ ਰਹਾਂ।" ਤੀਜੀ ਨੇ ਕਿਹਾ, "ਤੁਸੀਂ ਮੈਨੂੰ ਭਾਰਤ ਵਿਚ ਕਿਉਂ ਲਿਜਾਣਾ ਚਾਹੁੰਦੇ ਹੋ ? ਹੁਣ ਮੇਰੇ ਕੋਲ ਕੀ ਰਹਿ ਗਿਆ ਹੈ—ਸਤ ਕਿ ਧਰਮ।"

**ਅਖੌਤੀ ਆਜ਼ਾਦ ਕਸ਼ਮੀਰ ਵਿਚ ਅਗ਼ਵਾ ਕੀਤੀਆਂ ਇਸਤਰੀਆਂ ਤੇ ਬੱਚਿਆਂ ਲਈ ਅਕਾਲੀ ਚੱਕਰ ਕੌਰ ਸਿੰਘ ਦੇ ਯਤਨ**

1951 ਵਿਚ ਪੰਜਾਬ ਦੇ ਬਟਵਾਰੇ ਦੇ ਚਾਰ ਸਾਲ ਪਿਛੋਂ ਅਤੇ ਕਸ਼ਮੀਰ ਤੇ ਕਬਾਇਲੀ ਹਮਲੇ ਕਾਰਨ ਅਗ਼ਵਾ ਕੀਤੀਆਂ ਇਸਤ੍ਰੀਆਂ ਦੀ ਭਾਲ ਅਤੇ ਪਰਤਾ ਦਾ ਕੰਮ ਅਸੰਭਵ ਜਾਪਦਾ ਸੀ। ਲਿਏਜ਼ਾਂ ਏਜੰਸੀ ਜਿਸ ਨੂੰ ਦੋਹਾਂ ਪੰਜਾਬਾਂ ਦੀਆਂ ਸਰਕਾਰਾਂ ਨੇ ਆਪਣੇ ਆਪਣੇ ਇਲਾਕੇ ਵਿੱਚੋਂ ਅਗ਼ਵਾ ਕੀਤੀਆਂ ਔਰਤਾਂ ਨੂੰ ਲੱਭਣ ਦਾ ਕੰਮ ਸੌਂਪਿਆ ਸੀ, ਨਵੰਬਰ 1948 ਵਿਚ ਸਮਾਪਤ ਹੋ ਗਈ ਸੀ। ਹੁਣ ਇਹ ਕੰਮ ਭਾਰਤ ਅਤੇ ਪਾਕਿਸਤਾਨ ਦੇ ਬਦੇਸ਼ੀ ਮਾਮਲਿਆਂ ਦੇ ਵਿਭਾਗ ਨੂੰ ਸੌਂਪਿਆ ਗਿਆ ਸੀ। ਭਾਵੇਂ ਇਸ ਕੰਮ ਲਈ ਸਟਾਫ਼ ਆਦਿ ਰੱਖਿਆ ਸੀ ਕਿ ਦੋਹਾਂ ਦੇਸ਼ਾਂ ਵਿਚ ਦੂਰ-ਦੁਰਾਡੇ ਇਲਾਕਿਆਂ ਵਿੱਚੋਂ ਜੋ ਲੋਕ ਦੇਸ਼ ਬਦਲੀ ਕਰਨਾ ਚਾਹੁਣ, ਉਨ੍ਹਾਂ ਨੂੰ ਕੱਢਿਆ ਜਾਏ। ਅਗ਼ਵਾ ਕੀਤੀਆਂ ਔਰਤਾਂ ਦੇ ਸਬੰਧ ਵਿਚ ਭਾਰਤ ਸਰਕਾਰ ਕੋਲ ਹਜ਼ਾਰਾਂ ਹੀ ਕੇਸ ਸਨ, ਜਿਨ੍ਹਾਂ ਦੀ ਭਾਲ ਦੀ ਕੋਈ ਆਸ ਨਹੀਂ ਸੀ। ਰਾਜਸੀ ਹਾਲਾਤ ਗਵਾਚੀਆਂ ਔਰਤਾਂ ਵਿਸ਼ੇਸ਼ ਕਰਕੇ ਪਾਕਿਸਤਾਨ ਵਿੱਚੋਂ ਲੱਭਣ ਦੇ ਵਿਰੁੱਧ ਸਨ। ਕਸ਼ਮੀਰ 'ਤੇ ਕਬਾਇਲੀ ਹਮਲਾ ਅਤੇ ਭਾਰਤੀ ਸੈਨਾ ਦਾ ਕਸ਼ਮੀਰ ਵਿਚ ਆਉਣ ਨਾਲ ਭਾਰਤ-ਪਾਕਿਸਤਾਨ ਦੀ ਜੰਗ ਛਿੜ ਗਈ ਸੀ। ਜਿਨ੍ਹਾਂ ਮੁਜ਼ੱਫ਼ਰਾਬਾਦ ਦੇ ਲਾਗਲੇ ਇਲਾਕੇ ਜੋ ਪਾਕਿਸਤਾਨ ਅਧੀਨ ਆ ਗਏ, ਦੀਆਂ ਹਿੰਦੂ-ਸਿਖ ਔਰਤਾਂ ਕੱਢਣ ਦਾ ਕੋਈ ਪ੍ਰਬੰਧ ਸਰਕਾਰੀ ਤੌਰ 'ਤੇ ਨਾ ਹੋ ਸਕਿਆ। ਪਾਕਿਸਤਾਨ ਸਰਕਾਰ ਨੇ ਹੁਕਮ ਜਾਰੀ ਕਰ ਦਿੱਤਾ ਕਿ ਕੋਈ ਭਾਰਤੀ ਅਫ਼ਸਰ ਪੱਛਮੀ ਪੰਜਾਬ ਦੇ ਉਨ੍ਹਾਂ ਜ਼ਿਲ੍ਹਿਆਂ ਵਿਚ ਅਗ਼ਵਾ ਔਰਤਾਂ ਨੂੰ ਲੱਭਣ ਨਹੀਂ ਜਾ ਸਕਦਾ, ਜੋ ਜ਼ਿਲ੍ਹੇ ਕਸ਼ਮੀਰ ਦੀ ਸਰਹੱਦ ਨਾਲ ਲਗਦੇ ਹਨ। ਇਸ ਦਾ ਭਾਵ ਇਹ ਸੀ ਕਿ ਜ਼ਿਲ੍ਹਾ ਸਿਆਲਕੋਟ, ਗੁਜਰਾਤ, ਜੇਹਲਮ, ਰਾਵਲਪਿੰਡੀ ਅਤੇ ਅਟਕ ਜ਼ਿਲ੍ਹਿਆਂ ਵਿਚ ਕੋਈ ਭਾਰਤੀ ਅਫ਼ਸਰ ਅਗਵਾ ਔਰਤਾਂ ਦੀ ਭਾਲ ਲਈ ਨਹੀਂ ਜਾ ਸਕਦਾ ਸੀ। ਅਗ਼ਵਾ ਕਰਤਾ ਆਪਣੀਆਂ ਅਗ਼ਵਾ ਕੀਤੀਆਂ ਔਰਤਾਂ ਨੂੰ ਲੈ ਕੇ ਇਨ੍ਹਾਂ ਜ਼ਿਲ੍ਹਿਆਂ ਵਿਚ ਚਲੇ ਗਏ। ਇਸ ਤਰ੍ਹਾਂ ਪੱਛਮੀ ਪੰਜਾਬ ਵਿਚ ਅਗ਼ਵਾ ਔਰਤਾਂ ਨੂੰ ਲੱਭਣ ਦਾ ਕੰਮ ਲਗਪਗ ਬੰਦ ਹੀ ਹੋ ਗਿਆ ਸੀ।

ਪਾਕਿਸਤਾਨ ਵਿਚ ਕਸ਼ਮੀਰ ਦੇ ਜੋ ਇਲਾਕੇ ਆ ਗਏ, ਉਨ੍ਹਾਂ ਵਿੱਚੋਂ ਹਿੰਦੂ ਸਿਖ ਔਰਤਾਂ ਨੂੰ ਕੱਢਣ ਦਾ ਕੋਈ ਸਮਝੌਤਾ ਨਾ ਹੋਇਆ, ਨਾ ਹੀ ਭਾਰਤ ਅਤੇ ਪਾਕਿਸਤਾਨ ਦੀਆਂ ਸਰਕਾਰਾਂ ਨੇ ਇਸ ਪਾਸੇ ਧਿਆਨ ਦਿੱਤਾ, ਕਿਉਂਕਿ ਉਹ ਕਸ਼ਮੀਰ ਦੇ ਰਾਜਸੀ ਝਗੜੇ ਵਿਚ ਏਨੇ ਉਲਝ ਗਏ ਕਿ ਕਿਸੇ ਹੋਰ ਪਾਸੇ ਧਿਆਨ ਨਾ ਦੇ ਸਕੇ। ਇਸ ਦੇ ਉਲਟ ਦੋਹਾਂ ਸਰਕਾਰਾਂ ਨੇ ਰੋਕ ਲਾਈ ਹੋਈ ਸੀ ਕਿ ਕੋਈ ਕਸ਼ਮੀਰ ਵਾਸੀ ਭਾਰਤ ਤੋਂ ਪਾਕਿਸਤਾਨ ਨਹੀਂ ਜਾ ਸਕਦਾ ਤੇ ਨਾ ਹੀ ਪਾਕਿਸਤਾਨ ਸਰਕਾਰ ਆਪਣੇ ਪਾਸੇ ਦੇ ਕਸ਼ਮੀਰ ਵਾਸੀ ਨੂੰ ਭਾਰਤ ਜਾਣ ਦੇਂਦੀ ਸੀ। ਅਖੌਤੀ ਆਜ਼ਾਦ ਕਸ਼ਮੀਰ ਦੀਆਂ ਸੈਂਕੜਾਂ ਸੌ ਹਿੰਦੂ-ਸਿਖ ਗਵਾਚੀਆਂ ਔਰਤਾਂ ਅਤੇ ਬੱਚੇ ਅਮੋਰ ਕੈਂਪ ਜੋ ਜ਼ਿਲ੍ਹਾ ਮੁਜ਼ੱਫ਼ਰਾਬਾਦ (ਕਸ਼ਮੀਰ) ਵਿਚ ਕੈਦ ਸਨ; ਰੁਲ ਰਹੀਆਂ ਸਨ। ਇਸ ਸਥਿਤੀ ਨੂੰ ਚਾਰ ਸਾਲ ਹੋ ਗਏ। ਭਾਰਤ ਸਰਕਾਰ ਇਨ੍ਹਾਂ ਹਿੰਦੂ-ਸਿਖ ਔਰਤਾਂ ਵਾਸਤੇ ਕੁਝ ਨਹੀਂ ਕਰ ਸਕੀ। ਇਸ ਸਮੇਂ ਅਕਾਲੀ ਚੱਕਰ ਕੌਰ ਸਿੰਘ ਨੇ ਇਨ੍ਹਾਂ ਨੂੰ ਭਾਰਤ ਲਿਆਉਣ ਦਾ ਬੀੜਾ ਚੁੱਕਿਆ।

ਅਕਾਲੀ ਚੱਕਰ ਕੌਰ ਸਿੰਘ ਦਾ ਜਨਮ 1892 ਈਸਵੀ, ਵੀਹ ਵਿਸਾਖ, ਪਿੰਡ ਅਵੇੜਾ ਚਕਾਰ, ਤਹਿਸੀਲ ਉੜੀ, ਜ਼ਿਲ੍ਹਾ ਮੁਜ਼ੱਫ਼ਰਾਬਾਦ (ਕਸ਼ਮੀਰ) ਵਿਚ ਹੋਇਆ। ਆਪ ਦੇ ਪਿਤਾ ਦਾ ਨਾਂ ਸਰਦਾਰ ਸੂਬਾ ਸਿੰਘ ਤੇ ਮਾਤਾ ਦਾ ਨਾਮ ਤੁਲਸ ਕੌਰ ਸੀ ਤੇ ਆਪ ਦਾ ਬਚਪਨ ਦਾ ਨਾਮ ਲਛਮਨ ਸਿੰਘ ਸੀ। ਜਦੋਂ ਆਪ ਜ਼ਰਾ ਵੱਡੇ ਹੋਏ ਤਾਂ ਮਾਤਾ ਪਿਤਾ ਨੇ ਆਪ ਨੂੰ ਮੌਲਵੀ ਕੋਲ ਪੜ੍ਹਨੇ ਪਾ ਦਿੱਤਾ, ਜਿਥੋਂ ਕਿ ਆਪ ਨੇ ਉਰਦੂ ਫ਼ਾਰਸੀ ਜ਼ਬਾਨਾਂ ਸਿੱਖੀਆਂ। ਅਠਾਰਾਂ ਸਾਲ ਦੀ ਅਵਸਥਾ ਤਕ ਪਿੰਡ ਹੀ ਰਹੇ ਤੇ ਫੇਰ ਰਾਵਲਪਿੰਡੀ ਤੇ ਲਾਹੌਰ ਤੋਂ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਆ ਗਏ। ਇਨ੍ਹਾਂ ਦੀ ਬਿਰਤੀ ਪਾਠ ਤੇ ਸਿਮਰਨ ਵਿਚ ਬਹੁਤ ਜੁੜਦੀ ਸੀ; ਸੋ ਆਪ ਸ੍ਰੀ ਅੰਮ੍ਰਿਤਸਰ ਇਸ਼ਨਾਨ ਕਰ ਕੇ ਪਰਕਰਮਾ ਵਿਚ ਚਿਤ ਜੋੜ ਕੇ ਬੈਠ ਜਾਂਦੇ। ਦੇਵਨੇਤ ਨਾਲ ਸੰਤ ਰਤਨ ਸਿੰਘ ਜੀ, ਸੰਤ ਮਿਸ਼ਰਾ ਸਿੰਘ ਜੀ ਦੇ ਡੇਰੇ ਵਾਲੇ, ਇਕ ਦਿਨ ਉਥੋਂ ਲੰਘੇ ਤੇ ਇਸ ਨੌਜਵਾਨ ਨੂੰ ਸਮਾਧੀ ਵਿਚ ਵੇਖ ਕੇ ਬਹੁਤ ਪ੍ਰਸੰਨ ਹੋਏ ਤੇ ਉਠਾ ਕੇ ਆਪਣੇ ਡੇਰੇ ਲੈ ਗਏ। ਇਥੇ ਆਪ ਨੇ ਗੁਰਬਾਣੀ ਤੇ ਗੁਰਮਤਿ ਗਿਆਨ ਪ੍ਰਾਪਤ ਕੀਤਾ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅੰਮ੍ਰਿਤ ਛਕ ਕੇ ਸਿੰਘ ਸਜ ਗਏ। ਅੰਮ੍ਰਿਤ ਦੀ ਦਾਤ ਪ੍ਰਾਪਤ ਕਰਨ ਪਿਛੋਂ ਆਪ ਦਾ ਨਾਮ ਚੱਕਰ ਕੌਰ ਸਿੰਘ ਹੋ ਗਿਆ।

ਚਾਰ ਪੰਜ ਸਾਲ ਦਾ ਸਮਾਂ ਅੰਮ੍ਰਿਤਸਰ ਰਹਿ ਕੇ ਜਦੋਂ ਆਪ ਵਾਪਸ ਪਿੰਡ ਗਏ ਤਾਂ ਆਪ ਦੀ ਮਾਤਾ ਨੇ ਆਪ ਦੇ ਵਿਆਹ ਕਰਨ ਦੀ ਇੱਛਾ ਪ੍ਰਗਟ ਕੀਤੀ ਪਰ ਆਪ ਨੇ ਵਿਆਹ ਕਰਾਉਣ ਤੋਂ ਇਨਕਾਰ ਕਰ ਦਿੱਤਾ ਤੇ ਸਾਰੀ ਆਯੂ ਵਿਰੱਕਤ ਹੀ ਰਹੇ। ਛੇਤੀ ਹੀ ਫਿਰ ਅੰਮ੍ਰਿਤਸਰ ਆ ਗਏ ਤੇ ਬਨਾਰਸ ਚਲੇ ਗਏ। ਉਥੇ ਜਾ ਕੇ ਨਿਰਮਲੇ ਸੰਤਾਂ ਦੇ ਡੇਰਿਆਂ ਵਿਚ ਰਹੇ, ਜਿਥੇ ਸੰਸਕ੍ਰਿਤ ਤੇ ਹੋਰ ਧਾਰਮਿਕ ਗ੍ਰੰਥ ਪੜ੍ਹੇ। ਇਸ ਤੋਂ ਪਿਛੋਂ ਆਪ ਟਿਕ ਕੇ ਕਿਸੇ ਥਾਂ 'ਤੇ ਨਹੀਂ ਰਹੇ। ਵੱਖੋ ਵੱਖਰੀਆਂ ਥਾਵਾਂ

'ਤੇ ਅੰਮ੍ਰਿਤ ਪ੍ਰਚਾਰ, ਕਥਾ ਤੇ ਵਿਆਖਿਆ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਰਹੇ। ਜਦੋਂ ਪਾਕਿਸਤਾਨ ਬਣਿਆ (1947 ਵਿਚ) ਉਸ ਵੇਲੇ ਆਪ ਲਾਹੌਰ ਕਥਾ ਕਰਦੇ ਹੁੰਦੇ ਸਨ।

**ਕਸ਼ਮੀਰ ਉੱਤੇ ਕਬਾਇਲੀਆਂ ਦਾ ਹਮਲਾ**

1947 ਦੇ ਆਰੰਭ ਵਿਚ ਲਾਹੌਰ ਵਿਚ ਫ਼ਸਾਦ ਵਧ ਗਏ ਤੇ ਅਕਾਲੀ ਜੀ ਜੰਮੂ ਚਲੇ ਗਏ। ਜਿਸ ਵੇਲੇ ਕਸ਼ਮੀਰ ਉੱਤੇ ਕਬਾਇਲੀਆਂ ਦਾ ਹਮਲਾ ਹੋਇਆ ਤਾਂ ਆਪ ਉਸ ਵੇਲੇ ਦਿੱਲੀ ਪਹੁੰਚੇ ਤੇ ਆਪਣੇ ਆਪ ਨੂੰ ਕਸ਼ਮੀਰ ਜਾ ਰਹੀਆਂ ਹਿੰਦੁਸਤਾਨੀ ਫ਼ੌਜਾਂ ਦਾ ਗਾਈਡ ਬਣ ਕੇ ਸੇਵਾ ਕਰਨ ਲਈ ਪੇਸ਼ ਕੀਤਾ। ਇਸ ਕੰਮ ਲਈ ਅਕਾਲੀ ਜੀ ਬਹੁਤ ਯੋਗ ਸਨ ਕਿਉਂਕਿ ਇਨ੍ਹਾਂ ਦੇ ਜ਼ਿਲ੍ਹੇ ਮੁਜ਼ੱਫਰਾਬਾਦ 'ਤੇ ਕਬਾਇਲੀਆਂ ਦਾ ਕਬਜ਼ਾ ਹੋ ਚੁੱਕਿਆ ਸੀ ਤੇ ਕਬਾਇਲੀ ਸ੍ਰੀਨਗਰ 'ਤੇ ਕਬਜ਼ਾ ਕਰਨ ਵਾਲੇ ਸਨ। ਅਕਾਲੀ ਜੀ ਵਰ੍ਹਦੀ ਅੱਗ ਵਿਚ ਹਿੰਦੀ ਫ਼ੌਜਾਂ ਦੀ ਅਗਵਾਈ 'ਤੇ ਸਹਾਇਤਾ ਕਰਦੇ ਰਹੇ। ਜਦੋਂ ਪਾਕਿਸਤਾਨ ਤੇ ਹਿੰਦੁਸਤਾਨ ਦੀ ਵਕਤੀ ਤੌਰ 'ਤੇ ਸੁਲਾ ਹੋ ਗਈ ਤੇ ਜੰਗਬੰਦੀ ਦੀ ਹੱਦ (Ceasefire line) ਨਿਯਤ ਹੋ ਗਈ ਤਾਂ ਆਪ ਉਥੋਂ ਚਲੇ ਆਏ।

ਕਸ਼ਮੀਰ ਦੇ ਕਬਾਇਲੀਆਂ ਦੇ ਹਮਲੇ ਵਿਚ ਆਪ ਦੇ ਖ਼ਾਨਦਾਨ ਦੇ 111 ਪ੍ਰਾਣੀ ਸ਼ਹੀਦ ਹੋ ਗਏ, ਆਪ ਨੇ ਲਿਖੇ ਹਨ। ਆਪ ਦੀ ਬਿਰਧ ਮਾਤਾ ਤੁਲਸ ਕੌਰ ਨੂੰ ਉਨ੍ਹਾਂ ਮੁਸਲਮਾਨਾਂ ਨੇ, ਜਿਨ੍ਹਾਂ ਨੂੰ ਉਸ ਮਾਤਾ ਨੇ ਆਪ ਪਾਲਿਆ ਸੀ, ਥੰਮ੍ਹ ਨਾਲ ਬੰਨ੍ਹ ਕੇ ਜੀਉਂਦਿਆਂ ਸਾੜ ਦਿੱਤਾ। ਆਪ ਦੇ ਸਾਰੇ ਭਰਾ, ਉਨ੍ਹਾਂ ਦੇ ਪਰਿਵਾਰ, ਪੁੱਤਰ ਪੋਤਰੇ ਭਾਰੀ ਗਿਣਤੀ ਵਿਚ ਸ਼ਹੀਦ ਕਰ ਦਿੱਤੇ। ਮੁਜ਼ੱਫਰਾਬਾਦ ਜ਼ਿਲ੍ਹੇ ਦੀਆਂ ਅਨੇਕਾਂ ਔਰਤਾਂ ਤੇ ਬੱਚੇ ਅਗ਼ਵਾ ਕਰ ਲਏ। ਇਨ੍ਹਾਂ ਸਭ ਘਟਨਾਵਾਂ ਦਾ ਆਪ ਦੇ ਮਨ 'ਤੇ ਬਹੁਤ ਡੂੰਘਾ ਅਸਰ ਹੋਇਆ ਤੇ ਆਪ ਸਦਾ ਦੁਖੀ ਸ਼ਰਨਾਰਥੀਆਂ ਦੀ ਸੇਵਾ ਵਿਚ ਜੁੱਟੇ ਰਹਿਣ ਲੱਗੇ।

ਕਬਾਇਲੀਆਂ ਦੇ ਹੱਲੇ ਨਾਲ ਜੋ ਹਾਲਤ ਅਕਾਲੀ ਜੀ ਦੀ ਜਨਮ ਭੂਮੀ ਵਿਚ ਗੁਜਰੀ, ਉਸ ਦਾ ਵਰਣਨ ਉਹ ਆਪਣੇ ਛੋਟੇ ਜਿਹੇ ਪੈਂਫਲਿਟ ਸ਼ਹੀਦਾਂ ਦੀ ਯਾਦ ਵਿਚ (ਜਿਹੜਾ ਕਿ ਬਸਤੀ ਹਰਫੂਲ ਸਿੰਘ ਦਿੱਲੀ ਤੋਂ 1950 ਵਿਚ ਉਨ੍ਹਾਂ ਨੇ ਆਪ ਛਪਵਾਇਆ ਸੀ) ਇਉਂ ਲਿਖਦੇ ਹਨ :

"ਮੇਰੀ ਜਨਮ ਭੂਮੀ (ਚਕਾਰ ਪਿੰਡ ਅਵੇੜਾ) ਵਿਚ ਚੰਦਾ ਘਰ ਇੱਕੋ ਹੀ ਖਾਨਦਾਨ ਦੇ ਸਨ। ਸ. ਬੁਧ ਸਿੰਘ ਦੇ ਪੁੱਤਰ ਰਾਮ ਸਿੰਘ ਤੇ ਸ਼ਾਮ ਸਿੰਘ। ਸ. ਰਾਮ ਸਿੰਘ ਦੇ ਚਾਰ ਪੁੱਤਰ ਸ. ਮੰਗਲ ਸਿੰਘ, ਸ. ਫਤੇਹ ਸਿੰਘ, ਸ. ਸੂਬਾ ਸਿੰਘ, ਸ. ਕਿਸ਼ਨ ਸਿੰਘ, ਸ: ਸ਼ਾਮ ਸਿੰਘ ਦੇ ਪੁੱਤਰ-ਸ. ਬਿਸ਼ਨ ਸਿੰਘ, ਸ. ਗੁਲਾਬ ਸਿੰਘ, ਸ. ਗੁਰਦਿੱਤ ਸਿੰਘ ਤੇ ਉਨ੍ਹਾਂ ਦੇ ਅੱਗੋਂ ਸਭ ਪਰਿਵਾਰ ਜੋ ਅੱਠ ਦਿਨ ਭੁੱਖੇ ਰਹਿ ਕੇ ਲੜਦੇ ਲੜਦੇ ਕੋਈ ਚਕਾਰ, ਕੋਈ ਸਰਾਂ ਜਾ ਕੇ ਗੋਲੀਆਂ ਦੇ ਸ਼ਿਕਾਰ ਹੋਏ। ਦੇਸ਼, ਕੌਮ, ਧਰਮ ਤੇ ਅਣਖ ਤੋਂ ਆਪ ਅਰ ਆਪਣੇ ਬੱਚੇ ਸ਼ਹੀਦ ਕਰ ਦਿੱਤੇ। ਚਾਰ ਚਾਰ ਗੋਲੀਆਂ ਖਾ ਕੇ ਡਿੱਗਿਆਂ ਨੂੰ ਕੁਹਾੜੀਆਂ, ਨੇਜ਼ਿਆਂ, ਬਰਛੀਆਂ ਦੇ 'ਤੇ ਜਾ ਕੇ ਲੋਕਲ ਮੁਸਲਮਾਨਾਂ ਨੇ ਵਾਰ ਕੀਤੇ। ਸਭ ਦੇ ਕੱਪੜੇ ਬੂਟ, ਜੋ ਕੀ ਪਾਸ ਸੀ, ਉਤਾਰ ਲਿਆ।"

**ਅਕਾਲੀ ਜੀ ਦੇ ਖ਼ਾਨਦਾਨ ਦੇ ਸ਼ਹੀਦ**

ਅਕਾਲੀ ਜੀ ਆਪਣੇ ਖ਼ਾਨਦਾਨ ਦੀਆਂ ਸ਼ਹੀਦੀਆਂ ਬਾਰੇ ਲਿਖਦੇ ਹਨ:

"ਮੇਰੇ ਖ਼ਾਨਦਾਨ ਦੇ ਕਈ ਆਦਮੀਆਂ ਨੂੰ ਗਵਾਂਢੀ ਮੁਸਲਮਾਨਾਂ ਨੇ ਕਤਲ ਕੀਤਾ ਅਰ ਜਾਇਦਾਦ ਲੁੱਟੀ। ਮਕਾਨ ਸਾੜੇ। ਇਹ ਸਾਰੀ ਖ਼ਬਰ ਮੇਰੀ ਭਤੀਜੀ ਪ੍ਰੇਮ ਕੌਰ ਸਪੁੱਤਰੀ ਸ. ਭਗਤ ਸਿੰਘ ਤੋਂ ਮਿਲੀ ਹੈ, ਜਿਸ ਨੇ ਸਭ ਹਾਲ ਅੱਖੀਂ ਡਿੱਠਾ ਹੈ। ਇਸ ਵਾਕਿਆ ਤੋਂ ਪਿਛੋਂ ਉਹ ਇਕ ਮਹੀਨਾ ਉਥੇ ਹੀ ਰਹੀ ਸੀ। ਹੋਰ ਵੀ ਜੋ ਚਕਾਰ ਤੋਂ ਨਿਕਲੇ ਔਰਤਾਂ ਮਰਦ ਕੁਰੂਕਸ਼ੇਤਰ ਆਏ ਹਨ, ਉਨ੍ਹਾਂ ਤੋਂ ਵੀ ਇਹ ਪਤਾ ਲੱਗਾ, ਜੋ ਹੇਠ ਲਿਖਿਆ ਹੈ

1. ਮੇਰੀ 90 ਵਰ੍ਹੇ ਦੀ ਮਾਤਾ ਨੂੰ ਤੇ ਇਕ 60 ਵਰ੍ਹੇ ਦੇ ਚਚੇਰੇ ਲੰਗੜੇ ਭਾਈ ਨੂੰ ਮਾਲ ਮਵੇਸ਼ੀ ਵਾਲੇ ਮਕਾਨ ਵਿਚ ਥੰਮ੍ਹ ਨਾਲ ਬੰਨ੍ਹ ਕੇ ਜ਼ਿੰਦਾ ਹੀ ਜਲਾ ਦਿੱਤਾ। ਜਲਾਣ ਵਾਲੇ ਸਨ ਗਰੀਬੂ, ਅੱਤਾ, ਖ਼ਾਨ, ਦੋਸਾ, ਸਫ਼ਦਰ, ਸਰ ਮੁਹੰਮਦ, ਕਾਲਾ ਬਕਾਲ ਅਤੇ ਸਿਗਲਮ ਜੁਲਾਹਾ ਔਰ ਇਸ ਦੇ ਲੜਕੇ।

2. ਮੇਰੇ ਬੜੇ ਭਾਈ ਰਵੇਲ ਸਿੰਘ, ਚਚੇਰੇ ਭਾਈ ਅਤਰ ਸਿੰਘ, ਭਤੀਜਾ ਕਲ ਸਿੰਘ ਨੂੰ ਨਾਗਨੀ ਦੇ ਕੋਠੇ ਵਿਚ, ਜੋ ਰਾਤ ਨੂੰ ਰੱਸਿਆਂ ਨਾਲ ਅਕਬਾਲੇ ਬਕਾਲ ਦੇ ਘਰ ਬੰਨ੍ਹ ਰੱਖੇ ਸਨ, ਸਵੇਰੇ ਅਕਬਾਲੇ ਨੇ ਤੇ ਉਸ ਦੇ ਪੁੱਤਰ ਗਰੀਬ, ਮੁਹੰਮਦ ਹੁਸੈਨ ਅੱਤਾ, ਮੁਹੰਮਦ, ਸ਼ਿਵੱਲੀ, ਵਗ਼ੈਰਾ, ਮੁਨਸ਼ੀ ਅਬਦੁੱਲ ਅਜ਼ੀਜ਼, ਉਸ ਦੇ ਪੁੱਤਰ ਤੇ ਭਤੀਜਿਆਂ ਨੇ ਰਲ ਕੇ ਟੁਕੜੇ ਟੁਕੜੇ ਕਰ ਦਿੱਤੇ।

3. ਮੇਰੇ ਭਾਈ ਰਵੇਲ ਸਿੰਘ (ਅਤਰ ਸਿੰਘ ਦੇ ਲੜਕੇ) ਤੋਂ ਸਾਰੇ ਘਰਾਂ ਦਾ ਪਤਾ ਲੈ ਕੇ ਕਿ ਘਰ ਦਾ ਸਾਮਾਨ ਕਿੱਥੇ ਦਬਿਆ ਜਾ ਰੱਖਿਆ ਹੈ, ਉਨ੍ਹਾਂ ਨੇ ਸਭ ਲੁੱਟਿਆ ਤੇ ਉਸ ਨੂੰ ਭੀ ਮਾਰ ਕੇ ਅਬਦੁਲ ਅਜ਼ੀਜ਼, ਉਸ ਦੇ ਪੁੱਤਰ ਤੇ ਭਤੀਜਿਆਂ ਨੇ ਆਪਣੇ ਮਕਾਨ ਕੋਲ ਕਬਰ ਵਿਚ ਦੱਬ ਦਿੱਤਾ।

4. ਬਲਵੰਤ ਸਿੰਘ, ਜੋ ਮੇਰਾ ਭਤੀਜਾ ਜਵਾਈ ਸੀ, ਉਸ ਨੂੰ ਜ਼ਿੰਦਾ ਇਕ ਸਿੰਘ ਦੇ ਮਾਲ ਮਵੇਸ਼ੀ ਵਾਲੇ ਮਕਾਨ ਵਿਚ ਥੰਮ੍ਹ ਨਾਲ ਬੰਨ੍ਹ ਕੇ ਦਖੁੱਲਾ, ਕਾਲ, ਬੱਗਾ, ਜੁਲਾਹਾ ਤੇ ਬੁੱਗਾ ਗੁੱਜਰ ਵਗ਼ੈਰਾ ਨੇ ਸਾੜ ਦਿੱਤਾ।" (ਸ਼ਹੀਦਾਂ ਦੀ ਯਾਦ, ਪੰਨੇ 27-28)

ਇਕ ਹਰ ਥਾਵੇਂ ਇਸੇ ਪੁਸਤਕ ਵਿਚ ਬਹੁ-ਗਿਣਤੀ ਵਿਚ ਸ਼ਹੀਦ ਹੋਇਆਂ ਦੀਆਂ ਥਾਵਾਂ ਦਾ ਵੇਰਵਾ ਇਸ ਪ੍ਰਕਾਰ ਆਪ ਦਿੰਦੇ ਹਨ :

**ਕਸ਼ਮੀਰ ਦੇ ਸ਼ਹੀਦ**

"ਆਓ, ਸ਼ਹੀਦਾਂ ਦੀਆਂ ਜਗ੍ਹਾ ਵੇਖੀਏ ਤੇ ਓਥੋਂ ਦੀ ਹਵਾ ਤੋਂ, ਧਰਤੀ ਤੋਂ, ਪਾਣੀ ਤੋਂ, ਆਕਾਸ਼ ਤੋਂ, ਬ੍ਰਿਛਾਂ ਤੋਂ, ਪੰਛੀਆਂ ਤੋਂ, ਰੇਤੇ ਦੇ ਜ਼ੱਰਿਆਂ ਤੋਂ, ਮਿੱਟੀ ਦੇ ਕੰਕਰਾਂ ਤੋਂ, ਜੰਗਲ ਦੇ ਕੰਡਿਆਂ ਤੋਂ ਪੁੱਛੀਏ ਕਿ ਇਹਨਾਂ ਸ਼ਹੀਦਾਂ ਨਾਲ ਕੀ ਕੀ ਬੀਤੀ, ਜਿਨ੍ਹਾਂ ਨੇ ਧਰਮ ਤੋਂ ਦੇਸ਼ ਦੀ ਆਜ਼ਾਦੀ ਬਦਲੇ ਇਥੇ ਬੱਚੇ ਬੱਚੀਆਂ ਤੇ ਸੁਪਤਨੀਆਂ ਸਾਥ ਆਪਣੇ ਪਵਿੱਤਰ ਖ਼ੂਨ ਦੀਆਂ ਨਦੀਆਂ ਤੇ ਨਹਿਰਾਂ ਵਗਾ ਕੇ ਜੇਹਲਮ ਦਰਿਆ ਦੀ ਤਰ੍ਹਾਂ ਏਸ ਧਰਤੀ ਨੂੰ ਤਰੋ ਤਰ ਕੀਤਾ ਹੈ, ਇਹ ਜਗ੍ਹਾ ਸਰਾਂ ਚਠਿਆਂ ਦੀ ਹੈ। ਦੂਜੀ, ਚਕਾਰ ਤੋਂ ਤਿੰਨ ਮੀਲ ਹੇਠ, ਸ੍ਰੀਨਗਰ ਵਾਲੀ ਜਰਨੈਲੀ ਸੜਕ ਦੇ ਉੱਤੇ ਸ੍ਰੀਨਗਰ ਤੋਂ 125 ਮੀਲ, ਮੁਜੱਫਰਾਬਾਦ ਤੋਂ 25 ਮੀਲ ਦੀ ਜਗ੍ਹਾ ਕਸਟਮ ਦੁਮੇਲ ਦੇ ਲਾਗੇ ਹੀ। ਤੀਜੀ ਜਗ੍ਹਾ ਨਲੂਛੀ ਗੁਰਦੁਆਰਾ ਛੇਵੀਂ ਪਾਤਸ਼ਾਹੀ ਦਾ। ਚੌਥੀ, ਕੋਟ ਗੜ੍ਹੀ, ਗਲੀ ਪੰਜਵੀਂ, ਬਾਗ ਦੇ ਲਾਗੇ ਦਾੜਿਆਂ ਵਾਲਾ ਮੈਦਾਨ ਹੈ। ਜਿਥੇ ਸਿੰਘ ਸਾਰੇ ਪਰਿਵਾਰਾਂ ਨੂੰ ਨਾਲ ਲੈ ਕੇ ਕਾਫ਼ਲਿਆਂ ਦੀ ਸ਼ਕਲ ਵਿਚ ਸ਼ਹੀਦ ਹੁੰਦੇ ਹਨ, ਸਤਵੀਂ ਬਾਰਾਮੂਲਾ ਦੇ ਆਲੇ ਦੁਆਲੇ ਦੇ ਸ਼ਹੀਦ ਹਨ। ਏਹ ਤੇਤੀ ਪੈਂਤੀ ਹਜ਼ਾਰ ਹੋ ਜਾਂਦੇ ਹਨ। (ਸ਼ਹੀਦਾਂ ਦੀ ਯਾਦ, ਪੰਨੇ 21-22)

**ਕਸ਼ਮੀਰ ਦੇ ਅਮੋਰ ਕੈਂਪ ਜ਼ਿਲ੍ਹਾ ਮੁਜ਼ੱਫਰਾਬਾਦ ਦਾ ਹਾਲ**

ਮੁਜੱਫਰਾਬਾਦ ਦੇ ਜ਼ਿਲ੍ਹੇ ਵਿਚ ਕਬਾਇਲੀਆਂ ਦੇ ਹਮਲੇ ਕਰਕੇ ਬਹੁਤ ਜ਼ਿਆਦਾ ਮਾਰ-ਧਾੜ ਹੋਈ। ਇਹ ਇਲਾਕਾ ਹੁਣ ਪਾਕਿਸਤਾਨ ਦੇ ਕਬਜ਼ੇ ਵਿਚ ਹੈ। ਬਹੁਤ ਸਾਰੇ ਹਿੰਦੂ ਤੇ ਸਿੱਖ ਪਰਿਵਾਰ ਇਸ ਇਲਾਕੇ ਦੇ ਸ਼ਹੀਦ ਹੋ ਗਏ ਤੇ ਕਈਆਂ ਦੇ ਪਰਿਵਾਰ ਜਾਂ ਤਾਂ ਅਗਵਾ ਕਰ ਲਏ ਗਏ, ਜਾਂ ਕੁਝ ਬੱਚੇ ਤੇ ਔਰਤਾਂ ਅਮਰ ਕੈਂਪ, ਜ਼ਿਲ੍ਹਾ ਮੁਜ਼ੱਫ਼ਰਾਬਾਦ ਵਿਚ ਰੱਖੇ ਗਏ। ਇਨ੍ਹਾਂ ਔਰਤਾਂ ਨੂੰ ਕੱਢਣ ਵਾਸਤੇ ਕੋਈ ਭਾਰਤੀ ਸਰਕਾਰੀ ਕਰਮਚਾਰੀ ਉਥੇ ਨਹੀਂ ਸੀ ਪਹੁੰਚ ਸਕਦਾ ਤੇ ਆਪਣੇ ਆਪ ਪਾਕਿਸਤਾਨ ਸਰਕਾਰ ਇਨ੍ਹਾਂ ਬੱਚੀਆਂ ਨੂੰ ਉਸ ਵਕਤ ਤਕ ਭੇਜਣਾ ਨਹੀਂ ਚਾਹੁੰਦੀ ਸੀ, ਜਦ ਤਕ ਉਹਨਾਂ ਨੂੰ ਕਿਸੇ ਹਿੰਦ ਦੇ ਕੈਂਪ ਵਿੱਚੋਂ ਇਤਨੀਆਂ ਔਰਤਾਂ ਬਰਾਮਦ ਨਾ ਹੋ ਜਾਣ। ਉਸ ਵੇਲੇ ਹਿੰਦ ਤੇ ਪਾਕਿਸਤਾਨ ਵਿੱਚੋਂ ਔਰਤਾਂ ਕੱਢਣ ਦਾ ਕੰਮ ਆਮ ਤੌਰ 'ਤੇ ਤਬਾਦਲੇ ਨਾਲ ਹੀ ਹੁੰਦਾ ਸੀ। ਇਸ ਤੋਂ ਇਲਾਵਾ ਅਮਰ ਕੈਂਪ ਦੇ ਬੱਚੇ, ਬੱਚੀਆਂ ਤੇ ਇਸਤ੍ਰੀਆਂ ਕੋਲੋਂ ਇਹ ਦੱਸ ਕੇ ਕਿ ਕੋਈ ਸਿਖ ਤੇ ਉਹਨਾਂ ਦਾ ਸਨਬੰਧੀ ਜਿਊਂਦਾ ਨਹੀਂ ਹੈ, ਇਹ ਲਿਖਵਾ ਲਿਆ ਗਿਆ ਸੀ ਕਿ ਉਹ ਪਾਕਿਸਤਾਨ ਹੀ ਰਹਿਣਾ ਚਾਹੁੰਦੀਆਂ ਹਨ। ਇਸ ਤਰ੍ਹਾਂ ਅਮਰ ਕੈਂਪ ਦੀਆਂ ਔਰਤਾਂ ਦੇ ਕੱਢਣ ਦਾ ਕੋਈ ਪ੍ਰਬੰਧ ਨਹੀਂ ਸੀ। ਉਹ ਪਿਛਲੇ ਚਾਰ ਸਾਲਾਂ ਤੋਂ ਕੈਂਪ ਵਿਚ ਕੈਦ ਸਨ ਤੇ ਉਹਨਾਂ ਦੀ ਹਾਲਤ ਬਹੁਤ ਭੈੜੀ ਸੀ।

(...ਚੱਲਦਾ)

-ਗਿ: ਜਗਤਾਰ ਸਿੰਘ ਜਾਚਕ

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਬਿੰਦੀ, ਟਿੱਪੀ ਤੇ ਅੱਧਕ ਚਿੰਨ੍ਹਾਂ ਦੀ ਵਰਤੋਂ ਅਤੇ ਲੋੜ

ਪੰਥਕ ਧੰਨਵਾਦ ਦੇ ਪਾਤਰ ਹਨ ਉਹ ਸਾਰੇ ਗੁਰਸਿੱਖ ਵਿਦਵਾਨ ਅਤੇ ਸਿੱਖ ਮਿਸ਼ਨਰੀ ਕਾਲਜ, ਲੁਧਿਆਣਾ ਤੇ 'ਗੁਰੂ ਗ੍ਰੰਥ ਸਾਹਿਬ ਇੰਸਟੀਚਿਊਟ, ਮੈਲਬੌਰਨ' ਵਰਗੀਆਂ ਦੇਸ਼ ਵਿਦੇਸ਼ ਦੀਆਂ ਉਹ ਪ੍ਰਚਾਰਕ ਸਿੱਖ ਸੰਸਥਾਵਾਂ ਤੇ ਉਨ੍ਹਾਂ ਦੇ ਸਹਿਯੋਗੀ ਗੁਰਸਿੱਖ, ਜੋ ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਅੰਮ੍ਰਿਤਸਰ ਦੇ ਜਥੇਦਾਰ ਗਿ. ਗੁਰਬਚਨ ਸਿੰਘ ਅਤੇ ਅਨੇਕਾਂ ਹੀ ਹੋਰ ਗੁਰਬਾਣੀ ਪ੍ਰੇਮੀਆਂ ਦੀ ਹਾਰਦਿਕ ਇੱਛਾ ਪੂਰਤੀ ਲਈ, ਉਪਰੋਕਤ ਕਿਸਮ ਦੀ ਸਾਰੀ ਸਮੱਗਰੀ ਰੀਕਾਰਡ ਕਰਵਾ ਕੇ ਅਤੇ ਵੱਖ-ਵੱਖ ਭਾਸ਼ਾਵਾਂ ਵਿਚ ਛਪਵਾ ਕੇ ਘਰ ਘਰ ਤਕ ਪਹੁੰਚਾਣ ਲਈ ਯਤਨਸ਼ੀਲ ਹਨ। ਪੰਥ-ਦਰਦੀਆਂ ਦਾ ਵਿਚਾਰ ਹੈ ਕਿ ਜੇ ਸ੍ਰੀ ਅੰਮ੍ਰਿਤਸਰ ਤੇ ਦਿੱਲੀ ਦੀਆਂ ਪੰਥਕ ਪ੍ਰਤਿਨਿਧਤਾ ਕਰਦੀਆਂ ਸਿਰਮੌਰ ਸਿੱਖ ਸੰਸਥਾਵਾਂ ਰਾਜਨੀਤਕ ਪ੍ਰਭਾਵ ਤੋਂ ਮੁਕਤ ਹੋ ਸਕਣ, ਤਾਂ ਉਪਰੋਕਤ ਕਿਸਮ ਦੇ ਯਤਨਾਂ ਨੂੰ ਹੋਰ ਵੀ ਬਲ ਮਿਲ ਸਕਦਾ ਹੈ। ਅਰਦਾਸ ਹੈ ਕਿ ਅਕਾਲ ਪੁਰਖ ਵਾਹਿਗੁਰੂ ਆਪਣੇ ਉਨ੍ਹਾਂ ਸਮੂਹ ਗੁਰਸਿੱਖ ਪਿਆਰਿਆਂ ਨੂੰ ਅਜਿਹਾ ਪੰਥ-ਵ੍ਰਿਧਕਾਰੀ, ਮਾਨਵ-ਹਿਤਕਾਰੀ ਤੇ ਪਰਉਪਕਾਰੀ ਕਾਰਜ ਕਰ ਸਕਣ ਦੀ ਜ਼ੋਰਦਾਰ ਪ੍ਰੇਰਣਾ, ਏਕਤਾ ਤੇ ਸਮਰੱਥਾ ਬਖ਼ਸ਼ਣ; ਜਿਹੜੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰ ਖ਼ਾਲਸੇ ਦੇ ਸੁਆਮੀ ਦਸਵੇਂ ਪਾਤਸ਼ਾਹ ਦਾ ਇਤਿਹਾਸਕ ਤੇ ਵਾਰਤਕ ਆਦੇਸ਼ ਕਾਵਿਕ ਰੂਪ ਵਿਚ ਨਿੱਤ ਇਉਂ ਦੁਹਰਾਂਦੇ ਹਨ :

**ਆਗਿਆ ਭਈ ਅਕਾਲ ਕੀ, ਤਬੈ ਚਲਾਯੋ ਪੰਥ।**
**ਸਭ ਸਿਖਨ ਕੋ ਹੁਕਮ ਹੈ, ਗੁਰੂ ਮਾਨੀਓ ਗ੍ਰੰਥ।**
**(ਗਿ. ਗਿਆਨ ਸਿੰਘ, ਪੰਥ ਪ੍ਰਕਾਸ਼, ਅਧਿਆਇ 40)**

-0-

### ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਵਿਚ ਬਿੰਦੀ, ਟਿੱਪੀ ਤੇ ਅੱਧਕ ਚਿੰਨ੍ਹਾਂ ਦੀ ਵਰਤੋਂ ਅਤੇ ਲੋੜ

ਪੰਜਾਬੀ ਉਚਾਰਨ-ਪ੍ਰਧਾਨ ਭਾਸ਼ਾ ਹੈ ਅਤੇ ਇਹ ਆਮ ਤੌਰ 'ਤੇ ਗੁਰਮੁਖੀ ਚਿੰਨ੍ਹਾਂ ਵਿੱਚ ਲਿਖੀ ਜਾਂਦੀ ਹੈ। ਇਹ ਚਿੰਨ੍ਹ ਤਿੰਨ ਕਿਸਮ ਦੇ ਮੰਨੇ ਗਏ ਹਨ। ਉਹ ਹਨ : (1) ਅੱਖਰ, (2) ਲਗਾਂ, ਤੇ (3) ਲਗਾਖਰ।

**(1) ਅੱਖਰ:** ਗੁਰਮੁਖੀ ਅੱਖਰ ਮੁੱਢਲੇ ਰੂਪ ਵਿਚ 35 ਹਨ। ਇਸੇ ਲਈ ਗੁਰਮੁਖੀ ਦੀ ਵਰਣਮਾਲਾ ਨੂੰ 'ਪੈਂਤੀਸ ਅੱਖਰੀ' ਵੀ ਆਖਿਆ ਜਾਂਦਾ ਹੈ। ਇਨ੍ਹਾਂ ਵਿੱਚੋਂ ਛੇਆਂ ਦੇ ਹੇਠਾਂ ਬਿੰਦੀ ਲਗਾ ਕੇ ਛੇ ਹੋਰ ਨਵੇਂ ਅੱਖਰ ਬਣਾਏ ਗਏ ਹਨ। ਉਹ ਹਨ : ਸ਼ ਖ਼, ਗ਼, ਜ਼, ਫ਼ ਤੇ ਲ਼। ਇਨ੍ਹਾਂ ਨਵੇਂ ਅੱਖਰਾਂ ਵਿੱਚੋਂ ਪਹਿਲੇ ਪੰਜ ਉਰਦੂ, ਅਰਬੀ ਤੇ ਫ਼ਾਰਸੀ ਆਦਿਕ ਬੋਲੀਆਂ ਵਿੱਚੋਂ ਆਈਆਂ ਨਵੀਆਂ ਆਵਾਜ਼ਾਂ (ਧੁਨੀਆਂ) ਨੂੰ ਪ੍ਰਗਟ ਕਰਦੇ ਹਨ ਅਤੇ ਛੇਵਾਂ ਮਾਝੇ ਵਿਚਲੀ ਠੇਠ ਪੰਜਾਬੀ ਦੀ ਇਲਾਕਾਈ ਬੋਲੀ ਨੂੰ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਨੇ 'ਪੰਜਾਬੀ ਸ਼ਬਦ-ਰੂਪ ਤੇ ਸ਼ਬਦ-ਜੋੜ ਕੋਸ਼' ਤਿਆਰ ਕਰਨ ਵੇਲੇ ਲੱਲੇ ਅੱਖਰ ਦੇ ਪੈਰ ਬਿੰਦੀ ਲਗਾਈ। ਕਿਉਂਕਿ, ਬੱਚੇ ਦੇ ਮੂੰਹ ਵਿੱਚੋਂ ਵਗਣ ਵਾਲੇ ਪਾਣੀ ਦਾ ਨਾਂ ਅਤੇ ਗੁੜ ਬਣਨ ਤੋਂ ਪਹਿਲਾਂ ਰਹੁ ਦੀ ਦਿਸ਼ਾ ਲਿਖਣ ਲਈ ਵਿਦਵਾਨਾਂ ਨੂੰ ਅੱਖਰ ਨਹੀਂ ਸਨ ਮਿਲ ਰਹੇ। ਜਿਵੇਂ, ਲਾਲ਼, ਲਾਲ਼ਾ ਤੇ ਨਾਲ਼ਾ ਆਦਿਕ। ਯਾਦ ਰੱਖਣਾ ਚਾਹੀਦਾ ਹੈ ਕਿ ਸ਼ਬਦ ਕੋਸ਼ ਤਿਆਰ ਕਰਨ ਵੇਲੇ ਵਿਦਵਾਨਾਂ ਨੇ ਠੇਠ ਪੰਜਾਬੀ ਦੇ ਸਹੀ ਉਚਾਰਨ ਲਈ ਮਾਝੇ ਦੀ ਬੋਲੀ (ਜ਼ਿਲ੍ਹਾ ਅੰਮ੍ਰਿਤਸਰ ਅਤੇ ਜ਼ਿਲ੍ਹਾ ਗੁਰਦਾਸਪੁਰ ਦੀ ਤਹਿਸੀਲ ਬਟਾਲਾ ਦੇ ਪਿੰਡਾਂ) ਨੂੰ ਆਧਾਰ ਬਣਾਇਆ ਸੀ। 'ਪੈਂਤੀਸ ਅੱਖਰੀ' ਵਿਚਲੇ ਪੰਜਾਂ ਵਰਗਾਂ ਦੇ ਅਖ਼ੀਰਲੇ ਪੰਜ ਅੱਖਰ ਅਨੁਨਾਸਕੀ ਹਨ। ਕਿਉਂਕਿ, ਉਨ੍ਹਾਂ ਨੂੰ ਨਾਸਾਂ ਰਾਹੀਂ ਉਚਾਰਿਆ ਜਾਂਦਾ ਹੈ। ਉਹ ਹਨ : ਙ, ਞ, ਣ, ਨ ਤੇ ਮ।

**(2) ਲਗਾਂ (Vowel Symbols) :** (ਅੰਗਰੇਜ਼ੀ ਦੇ ਵਾਵਲ-a,e,i,o,u) ਨਿਰੇ ਅੱਖਰਾਂ ਦਾ ਉਚਾਰਨ ਨਹੀਂ ਹੋ ਸਕਦਾ। ਇਸ ਲਈ ਇਨ੍ਹਾਂ ਦੇ ਉਚਾਰਨ ਲਈ ਇਨ੍ਹਾਂ ਨਾਲ ਹੋਰ ਚਿੰਨ੍ਹ ਲਗਾਏ ਜਾਂਦੇ ਹਨ, ਜਿਨ੍ਹਾਂ ਨੂੰ ਲਗਾਂ ਕਿਹਾ ਜਾਂਦਾ ਹੈ। ਗੁਰਮੁਖੀ ਦੀਆਂ ਲਗਾਂ ਦਸ ਹਨ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ : ਮੁਕਤਾ, ਕੰਨਾ (ਾ), ਸਿਹਾਰੀ (ਿ), ਬਿਹਾਰੀ (ੀ), ਔਂਕੜ (ੁ), ਦੁਲੈਂਕੜੇ(ੂ), ਲਾਂ (ੇ), ਦੁਲਾਵਾਂ (ੈ), ਹੋੜਾ (ੋ) ਤੇ ਕਨੌੜਾ (ੌ)।

**(3) ਲਗਾਖਰ (Consonant Symbols)** : ਉਹ ਚਿੰਨ੍ਹ ਹਨ, ਜਿਨ੍ਹਾਂ ਦਾ ਉਚਾਰਨ ਲਗਾਂ ਤੋਂ ਪਿਛੋਂ ਹੁੰਦਾ ਹੈ। ਇਹ ਤਿੰਨ ਹਨ : ਬਿੰਦੀ (ਂ), ਟਿੱਪੀ (ੰ) ਤੇ ਅੱਧਕ (ੱ) । 'ਬਿੰਦੀ' ਤੇ 'ਟਿੱਪੀ' ਅਨੁਨਾਸਕੀ ਹਨ, ਕਿਉਂਕਿ, ਇਨ੍ਹਾਂ ਦਾ ਉਚਾਰਨ ਕਰਨ ਲਈ ਨਾਸਾਂ ਦੀ ਵਰਤੋਂ ਕਰਨੀ ਪੈਂਦੀ ਹੈ। ਜਿਵੇਂ, 'ਤੋਂ' ਅਤੇ 'ਤੂੰ' ਆਦਿਕ। 'ਅੱਧਕ' ਉਸ ਚਿੰਨ੍ਹ ਨੂੰ ਆਖਦੇ ਹਨ, ਜਿਸ ਦੇ ਲਾਇਆਂ ਅਗਲੇ ਅੱਖਰ ਦੀ ਅਵਾਜ਼ ਦੋਹਰੀ ਨਿਕਲੇ। ਜਿਵੇਂ 'ਸੱਜਾ' (ਸੱਜ-ਜਾ) ਅਤੇ ਮੁੱਕਾ (ਮੁੱਕ-ਕਾ) ਆਦਿਕ। ਪੰਜਾਬੀ ਲਿਖਤ ਦੀ ਪ੍ਰਚਲਤ ਨਿਯਮਾਵਲੀ ਅਨੁਸਾਰ ਮੁਕਤੇ ਅੱਖਰਾਂ ਅਤੇ ਲਘੂ ਲਗਾਂ (ਸਿਹਾਰੀ, ਔਂਕੜ) ਨਾਲ ਟਿੱਪੀ ਲੱਗਦੀ ਹੈ ਅਤੇ ਦੀਰਘ ਲਗਾਂ (ਕੰਨਾ, ਬਿਹਾਰੀ, ਲਾਂ, ਦੁਲਾਵਾਂ, ਹੋੜਾ ਤੇ ਕਨੌੜਾ) ਵਾਲੇ ਅੱਖਰਾਂ ਨਾਲ ਬਿੰਦੀ। ਜਿਵੇਂ : ਪੰਜ, ਟਿੰਡ, ਘੁੰਡ, ਗਾਂ, ਜੀਂਦ, ਗੇਂਦ, ਬੈਂਤ, ਹੋਂਦ, ਸੌਂਫ। ਪਰ, ਇਸ ਨਿਯਮਾਵਲੀ ਵਿਚ ਦੋ ਤੇ ਉਲੰਘਣਾਵਾਂ ਵੀ ਹਨ। ਜਿਵੇਂ : (1) ਦੁਲੈਂਕੜੇ ਦੀਰਘ ਲਗ ਹੈ, ਪਰ ਫਿਰ ਵੀ ਇਸ ਨਾਲ ਬਿੰਦੀ ਦੀ ਥਾਵੇਂ ਟਿੱਪੀ ਵਰਤੀ ਜਾਂਦੀ ਹੈ। ਜਿਵੇਂ: ਜੂੰ, ਤੂੰ, ਬੂੰਦ ਤੇ ਘੂੰਗਰਾ। (2) 'ੳ' ਅੱਖਰ ਨਾਲ ਭਾਵੇਂ ਲਘੂ (ਛੋਟੀ ਧੁਨੀ ਵਾਲੀ) ਲਗ ਹੋਵੇ ਜਾਂ ਦੀਰਘ (ਵੱਡੀ ਧੁਨੀ ਵਾਲੀ), ਇਸ ਨਾਲ ਸਦਾ ਬਿੰਦੀ ਹੀ ਲੱਗਦੀ ਹੈ, ਟਿੱਪੀ ਨਹੀਂ। ਜਿਹਾ ਕਿ 'ਉਂਗਲ', 'ਬਤਾਊਂ' ਤੇ ਊਂਘ। ਅਨੁਨਾਸਕੀ ਅੱਖਰਾਂ (ਙ, ਞ, ਣ, ਨ, ਮ) ਨਾਲ ਬਿੰਦੀ ਅਤੇ ਟਿੱਪੀ ਵਰਤਣ ਦੀ ਵਿਸ਼ੇਸ਼ ਲੋੜ ਨਹੀਂ ਪੈਂਦੀ। ਕਿਉਂਕਿ, ਇਨ੍ਹਾਂ ਦੀ ਅਵਾਜ਼ ਕੁਦਰਤੀ ਹੀ ਨੱਕ ਰਾਹੀਂ ਨਿਕਲਦੀ ਹੈ।

ਇਸ ਕਰਕੇ ਇਹ ਆਪਣੇ ਅੱਗੇ ਤੇ ਪਿੱਛੇ ਦੇ ਅੱਖਰਾਂ ਨੂੰ ਲੱਗੀਆਂ ਲਗਾਂ ਨੂੰ ਸੁਭਾਵਿਕ ਹੀ ਅਨੁਨਾਸਕੀ ਬਣਾ ਦਿੰਦੇ ਹਨ। ਭਾਵ, ਉਨ੍ਹਾਂ ਦਾ ਉਚਾਰਨ ਸੁਤੇ ਹੀ ਬਿੰਦੇ ਸਹਿਤ ਹੋ ਜਾਂਦਾ ਹੈ। ਜਿਵੇਂ ਵਾਙੂ ਦਾ 'ਵਾਂਙੂ' ਵਾਂਗ, ਦੁਨੀਆਂ ਦਾ 'ਦੁਨੀਆਂ' ਵਾਂਗ ਅਤੇ ਰਾਮ ਦਾ 'ਰਾਂਮ' ਵਾਂਗ। ਬਿੰਦੀ ਤੇ ਟਿੱਪੀ ਦੀ ਅਵਾਜ਼ ਨੂੰ ਸਾਹਿਤਕ ਭਾਸ਼ਾ ਵਿਚ ਨਾਸਕੀ ਧੁਨੀ ਆਖਿਆ ਜਾਂਦਾ ਹੈ ਅਤੇ ਅੱਧਕ ਦੀ ਅਵਾਜ਼ ਨੂੰ 'ਬਲ' ਧੁਨੀ ਅਤੇ ਅੱਖਰਾਂ ਦਾ ਦੁੱਤ ਉਚਾਰਨ ਕਿਹਾ ਜਾਂਦਾ ਹੈ। ਕਿਉਂਕਿ, ਅੱਖਰਾਂ ਨੂੰ ਦੂਹਰੇ ਕਰਕੇ ਬੋਲਿਆ ਜਾਂਦਾ ਹੈ। ਮੁਕਤੇ ਸਿਹਾਰੀ ਤੇ ਔਂਕੜ (ਲਘੂ ਲਗਾਂ) ਮਗਰ ਤਾਂ ਅੱਧਕ ਲਿਖਣੀ ਠੀਕ ਹੈ। ਪਰ, ਕੰਨਾ ਤੇ ਬਿਹਾਰੀ ਵਰਗੀਆਂ ਦੀਰਘ ਲਗਾਂ ਦੇ ਮਗਰ ਇਸ ਚਿੰਨ੍ਹ (ਅੱਧਕ) ਦੀ ਵਰਤੋਂ ਠੀਕ ਨਹੀਂ। ਜਿਹਾ ਕਿ 'ਸੱਜਾ', 'ਨਿੱਕਾ' ਤੇ 'ਸੁੱਕਾ' ਵਿਚ ਅੱਧਕ ਠੀਕ ਹੈ। ਪਰ, ਬੱਬਾ, ਬੀਬਾ ਆਦਿਕ ਵਿਚ ਠੀਕ ਨਹੀਂ।

ਪੰਜਾਬੀ ਵਿਚ ਕਈ ਸ਼ਬਦ ਅਜਿਹੇ ਹਨ, ਜਿਨ੍ਹਾਂ ਉੱਪਰ ਅੱਧਕ ਨਾ ਲਾਈਏ ਤਾਂ ਹੋਰ ਅਰਥ ਹੁੰਦੇ ਹਨ ਅਤੇ ਜੇ ਲਾਈਏ ਤਾਂ ਹੋਰ। ਜਿਵੇਂ: ਸਜਾ-ਘਰ ਨੂੰ ਸਜਾ ਕੇ ਰੱਖੋ। ਸੱਜਾ-ਮੇਰਾ ਸੱਜਾ ਹੱਥ ਇਹ ਹੈ। ਰਸਾ—ਮਾਲਟੇ ਦਾ ਰਸਾ ਪੀਓ। ਰੱਸਾ- ਗਊ ਦੇ ਗਲ ਵਿਚ ਰੱਸਾ ਪਾਓ। ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਨੇ 'ਸ੍ਰੀ ਗੁਰੂ ਗ੍ਰੰਥ ਸਾਹਿਬ ਜੀ' ਦੇ ਮੁੱਢਲੇ ਸਰੂਪ 'ਪੋਥੀ ਸਾਹਿਬ' ਦੀ ਸੰਪਾਦਨਾ, ਅੱਜ ਤੋਂ 408 ਸਾਲ ਪਹਿਲਾਂ ਸੰਨ 1604 ਵਿਚ ਕੀਤੀ। ਉਸ ਵੇਲੇ ਦੀ ਗੁਰਮੁਖੀ ਲਿਪੀ ਦਾ ਆਰੰਭਕ ਕਾਲ ਹੋਣ ਕਰਕੇ ਲਿਖਤ ਵਿਚ ਲਗਾਂ ਤੇ ਲਗਾਖਰਾਂ ਦੀ ਵਰਤੋਂ ਬੜੀ ਸੰਕੋਚਵੀਂ ਸੀ। 'ਸ੍ਰੀ ਗੋਇੰਦਵਾਲ ਵਾਲੀਆਂ ਪੋਥੀਆਂ' ਇਸ ਹਕੀਕਤ ਦੀਆਂ ਗਵਾਹ ਹਨ ਕਿ ਉਸ ਵੇਲੇ ਕੰਨੇ ਦੀ ਥਾਂ ਵੀ ਬਿੰਦੀ ਦੀ ਵਰਤੋਂ ਕੀਤੀ ਜਾਂਦੀ ਸੀ। (ਵੇਖੋ ਚਿੱਤਰ ਤੇ ਹੋਰ ਵੇਰਵਾ, ਗਿਆਨੀ ਗੁਰਦਿੱਤ ਸਿੰਘ ਜੀ ਰਚਿਤ ਪੁਸਤਕ, ਇਤਿਹਾਸ ਸ੍ਰੀ ਗੁਰੂ ਗ੍ਰੰਥ

ਸਾਹਿਬ ਜੀ ਵਿੱਚੋਂ)

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਬਿੰਦੀ ਤੇ ਟਿੱਪੀ ਦੀ ਵਰਤੋਂ ਤਾਂ ਭਾਵੇਂ ਸੰਕੇਤ ਮਾਤਰ ਹੋਈ ਮਿਲਦੀ ਹੈ, ਪਰ ਅੱਧਕ ਚਿੰਨ੍ਹ ਦੀ ਵਰਤੋਂ ਦਾ ਬਿਲਕੁਲ ਅਭਾਵ ਹੈ, ਕਿਉਂਕਿ ਉਸ ਵੇਲੇ ਅੱਧਕ ਚਿੰਨ੍ਹ ਅਜੇ ਹੋਂਦ ਵਿਚ ਨਹੀਂ ਸੀ ਆਇਆ। ਪਰ, ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਕੁਝ ਸ਼ਬਦਾਂ ਦੇ ਉਚਾਰਨ ਵਿੱਚ, ਉਨ੍ਹਾਂ ਵਿਚਲੇ ਕਿਸੇ ਖ਼ਾਸ ਅੱਖਰ ਦੀ ਧੁਨੀ ਨੂੰ ਦੂੱਤ ਕਰਨ ਦੀ ਪ੍ਰਥਾ ਓਦੋਂ ਵੀ ਪ੍ਰਚਲਤ ਸੀ। ਭਾਵ, ਲਿਖਤ ਵਿਚ ਭਾਵੇਂ ਅੱਧਕ ( ੱ ) ਦੀ ਵਰਤੋਂ ਨਹੀਂ ਸੀ, ਪ੍ਰੰਤੂ ਬੋਲਣ ਵਿਚ ਅੱਧਕ ਜ਼ਰੂਰ ਲਗਾਇਆ ਜਾਂਦਾ ਸੀ। ਕਿਉਂਕਿ, ਗੁਰਬਾਣੀ ਦੀਆਂ ਤੁਕਾਂ ਵਿਚਲੇ ਕੁਝ ਲਫ਼ਜ਼ ਅਜਿਹੇ ਹਨ, ਜਿਨ੍ਹਾਂ ਨੂੰ ਅੱਧਕ ਲਗਾਏ ਬਗ਼ੈਰ ਉਚਾਰਨਾ ਬੜਾ ਬੇਸੁਆਦਾ ਤੇ ਨਿਰਾਰਥਕ ਜਾਪਦਾ ਹੈ। ਮਹੱਤਵਪੂਰਨ ਨੁਕਤਾ ਤਾਂ ਇਹ ਹੈ ਕਿ ਕਈ ਲਫ਼ਜ਼ਾਂ ਦਾ ਵਿਆਕਰਣਿਕ ਰੂਪ ਅਤੇ ਅਰਥ ਹੀ ਬਦਲ ਜਾਂਦਾ ਹੈ ਜਾਂ ਇਉਂ ਕਹੀਏ ਕਿ ਅਰਥਾਂ ਦੀ ਥਾਂ ਅਨਰਥ ਹੋ ਜਾਂਦਾ ਹੈ। ਗੁਰਬਾਣੀ ਵਿਚਲੇ ਕੁਝ ਉਹ ਲਫ਼ਜ਼, ਜਿਨ੍ਹਾਂ ਨੂੰ ਨਿਸ਼ਚਤ ਅੱਖਰਾਂ 'ਤੇ ਅੱਧਕ ਲਗਾ ਕੇ ਉਚਾਰਨ ਦੀ ਲੋੜ ਹੈ : ਮੁਸਲਾ, ਬਿਰਕਤ, ਬਹਤਰਿ, ਉਚਕਾ, ਬਿਚਖਣ, ਦੁਲਭ, ਕੁਸਤ, ਸੁਚਜੀ, ਦਬਟੀਐ, ਉਵਟੀਐ, ਮਸਕਤਿ, ਮੁਕਦਮ, ਸਰਬਤ, ਵਿੜਤੇ, ਸਰਬਸੁ, ਕੁਚਜੀ, ਸਵਲੀ, ਮੁਰਟੀਐ, ਸੁਮਤਿ, ਕੁਮਤਿ। ਕੁਝ ਉਹ ਵਿਸ਼ੇਸ਼ ਸ਼ਬਦ, ਜਿਨ੍ਹਾਂ ਦੇ ਨਿਸ਼ਚਤ ਅੱਖਰਾਂ ਨੂੰ ਅੱਧਕ ਲਗਾਉਣ ਅਤੇ ਨਾ ਲਗਾਉਣ ਨਾਲ ਵਿਆਕਰਣਿਕ ਰੂਪ ਤੇ ਅਰਥ ਬਦਲਦੇ ਹਨ : ਮੁਸਲਾ, ਫਰਕੁ, ਫਰਕਿ, ਲਖ, ਲਖਿ, ਸਰਬਤ, ਨਿਰਸ, ਮਤਾ, ਮਾਤਾ, ਕੁਹਥੀ, ਗੁਨਹਾ, ਉਧਰਿ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਕੁਝ ਐਸੇ ਲਫ਼ਜ਼ ਵੀ ਮਿਲਦੇ ਹਨ, ਜਿਨ੍ਹਾਂ ਦੀ ਧੁਨੀ ਨੂੰ ਦੂੱਤ ਕਰਨ ਲਈ ਅੱਧਕ ਦੀ ਥਾਂ ਟਿੱਪੀ ਦੀ ਵਰਤੋਂ ਕੀਤੀ ਗਈ ਹੈ। ਜਿਵੇਂ: ਕਸੰਮਲ, ਮੁੰਢਾਹੂੰ, ਵਿਖੰਮ, ਰਹੰਸੀ, ਰਹੰਸ ਤੇ ਦੁਰਲੰਭ ਆਦਿ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪ੍ਰਕਾਸ਼ਤ 'ਪਾਠ-ਭੇਦਾਂ ਦੀ ਸੂਚੀ' (ਪਹਿਲੀ ਐਡੀਸ਼ਨ, ਜਨਵਰੀ 1977) ਪੰਨਾ 73 ਅਤੇ 79 'ਤੇ 'ਝਰਹਿ ਕਸੰਮਲ ਪਾਪ ਤੇਰੇ ਮਨੂਆ॥ " (ਪੰਨਾ 255) ਅਤੇ 'ਪੇਡੁ ਮੁੰਢਾਹੂੰ ਕਟਿਆ ਤਿਸੁ ਡਾਲ ਸੁਕੰਦੇ॥ (ਪੰਨਾ 306) ਤੁਕਾਂ ਨਾਲ ਵਿਸ਼ੇਸ਼ ਹਦਾਇਤ ਲਿਖੀ ਗਈ ਹੈ ਕਿ 'ਕਸੰਮਲ' ਲਫ਼ਜ਼ ਦਾ ਸ਼ੁੱਧ ਉਚਾਰਨ 'ਕਸਮਲ' ਬਣੇਗਾ ਅਤੇ 'ਮੁੰਢਾਹੂੰ ਦਾ 'ਮੁੱਢਾਹੂੰ'। ਕਿਉਂਕਿ ਇਨ੍ਹਾਂ ਲਫ਼ਜ਼ਾਂ 'ਤੇ ਟਿੱਪੀ ਅੱਧਕ ਦੀ ਥਾਂ ਵਰਤੀ ਗਈ ਹੈ।

ਇਸ ਪੋਥੀ ਦੇ ਸੁਘੜ ਸੰਪਾਦਕ ਭਾਈ ਰਣਧੀਰ ਸਿੰਘ, ਗਿਆਨੀ ਕੁੰਦਨ ਸਿੰਘ ਅਤੇ ਗਿਆਨੀ ਗਿਆਨ ਸਿੰਘ 'ਨਿਹੰਗ' ਹੁਰਾਂ ਨੇ ਇਸ ਸਚਾਈ ਦੇ ਪ੍ਰਮਾਣ ਵੱਜੋਂ 'ਸਿੱਖ ਰੈਫ਼ਰੈਂਸ ਲਾਇਬਰੇਰੀ' ਦੇ ਪੁਰਾਤਨ ਬੀੜਾਂ ਦੇ ਸੰਗ੍ਰਹਿ ਵਿਚੋਂ ਬੀੜ ਨੰ. 8 ਅਤੇ ਬੀੜ ਨੰ. 1 ਦਾ ਹਵਾਲਾ ਦਿੱਤਾ ਹੈ, ਜਿਨ੍ਹਾਂ ਵਿਚ ਉਪਰੋਕਤ ਲਫ਼ਜ਼ਾਂ ਉੱਪਰ ਟਿੱਪੀਆਂ ਦੀ ਥਾਂ ਅੱਧਕ ਦੀ ਵਰਤੋਂ ਕੀਤੀ ਮਿਲਦੀ ਹੈ। 'ਠਾਕੁਰ ਦੇਖਿ ਰਹੰਸੀ ਰਾਮ॥' (ਪੰਨਾ 765) ਤੁਕ ਨਾਲ ਪੋਥੀ ਪੰਨਾ 269 'ਤੇ ਇਨ੍ਹਾਂ ਵਿਦਵਾਨਾਂ ਨੇ ਸਲਾਹ ਲਿਖੀ ਹੈ ਕਿ ਇਹ ਟਿੱਪੀਆਂ ਲਾਹ ਦੇਣੀਆਂ ਚਾਹੀਦੀਆਂ ਹਨ ਜਾਂ ਅੱਧਕ ਬਣਾ ਦੇਣੀਆਂ ਚਾਹੀਦੀਆਂ ਹਨ। ਕਿਉਂਕਿ, ਟਿੱਪੀ ਨਾਲ ਉਚਾਰਨ ਅਸ਼ੁੱਧ ਹੋ ਜਾਣ ਕਰਕੇ ਪੜ੍ਹਨੀਆਂ ਤਾਂ ਹਰ ਹਾਲ ਅੱਧਕ ਹੀ ਉੱਚਿਤ ਹਨ। ਗਿਆਤ ਹੋਵੇ ਕਿ ਇਨ੍ਹਾਂ ਵਿਦਵਾਨਾਂ ਨੂੰ ਖੋਜ ਕਰਦਿਆਂ 8 ਬੀੜਾਂ ਐਸੀਆਂ ਵੀ ਮਿਲੀਆਂ ਸਨ, ਜਿਨ੍ਹਾਂ ਵਿਖੇ 'ਸਰਾ ਸਰੀਅਤਿ ਲੇ ਕੰਮਾਵਹੁ॥' (ਪੰਨਾ 1083) ਪਾਵਨ ਤੁਕ ਨੂੰ ਅੱਧਕ ਤੇ ਪੈਰੀਂ ਬਿੰਦੀਆਂ ਸਹਿਤ ਇਉਂ ਲਿਖਿਆ ਹੋਇਆ ਹੈ : ਸੱਰਾ ਸ਼ੱਰੀਅਤ ਲੇ ਕੱਮਾਵਹੁ ॥ (ਵੇਖੋ: ਪਾਠ-ਭੇਦ ਸੂਚੀ ਪੰਨਾ 471)

ਇਹੀ ਕਾਰਨ ਹੈ ਕਿ ਸਤਿਕਾਰਯੋਗ ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲਿਆਂ, ਪ੍ਰੋ. ਸਾਹਿਬ ਸਿੰਘ ਜੀ, ਪ੍ਰਿੰਸੀਪਲ (ਭਾਈ ਸਾਹਿਬ) ਹਰਿਭਜਨ ਸਿੰਘ ਜੀ ਚੰਡੀਗੜ੍ਹ, ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ, ਗਿਆਨੀ ਹਰਿਬੰਸ ਸਿੰਘ ਜੀ ਪਟਿਆਲਾ, ਭਾਈ ਜੋਗਿੰਦਰ ਸਿੰਘ ਜੀ ਤਲਵਾੜਾ, ਗਿਆਨੀ ਜੋਗਿੰਦਰ ਸਿੰਘ ਜੀ ਵੇਦਾਂਤੀ, ਡਾ. ਓਅੰਕਾਰ ਸਿੰਘ ਜੀ, ਪ੍ਰਿੰਸੀਪਲ ਸੁਰਜੀਤ ਸਿੰਘ ਜੀ ਦਿੱਲੀ ਅਤੇ ਸਿੱਖ ਮਿਸ਼ਨਰੀ ਸੰਸਥਾਵਾਂ ਦੇ ਹੋਰ ਵਿਦਵਾਨਾਂ ਨੇ ਆਪਣੀਆਂ ਲਿਖਤਾਂ ਰਾਹੀਂ ਉਪਰੋਕਤ ਕਿਸਮ ਦੇ ਲਫ਼ਜ਼ਾਂ ਨੂੰ ਅੱਧਕ ਸਹਿਤ ਉਚਾਰਨ ਦੀ ਹਦਾਇਤ ਕੀਤੀ ਹੈ। ਜਿਵੇਂ ਗੁਰਬਾਣੀ ਪਾਠ ਦਰਸ਼ਨ (ਕਰਤਾ: ਗਿਆਨੀ ਗੁਰਬਚਨ ਸਿੰਘ ਜੀ ਭਿੰਡਰਾਂਵਾਲੇ) ਦੀ ਅੱਠਵੀਂ ਐਡੀਸ਼ਨ ਵਿਚ ਹੇਠ ਲਿਖੀਆਂ ਤੁਕਾਂ ਦੇ ਵਿਸ਼ਰਾਮਾਂ ਤੇ ਉਚਾਰਨ ਪ੍ਰਤੀ ਹਦਾਇਤਾਂ ਸਮੇਤ ਇਉਂ ਦਰਸ਼ਨ ਕਰਵਾਏ ਹਨ :

**(1) ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖ ਵਾਰ ॥ (ਲੱਖ ਪੜ੍ਹੋ) (ਜਪੁ ਜੀ, ਪੰਨਾ 1)**

**(2) ਮਿਹਰ ਮਸੀਤਿ ਸਿਦਕੁ ਮੁਸਲਾ ਹਕੁ ਹਲਾਲੁ ਕੁਰਾਣੁ ॥ (ਮੁਸੱਲਾ ਬੋਲੋ) (ਪੰਨਾ– 140)**

**(3) ਕੁਹਥੀ ਜਾਈ ਸਟਿਆ ਕਿਸੁ ਏਹੁ ਲਗਾ ਦੋਖੁ ॥ (ਕੁਹੱਥੀਂ ਨਹੀਂ ਬੋਲਣਾ) (ਪੰਨਾ– 473)**

**(4) ਅੰਤਰਿ ਬਾਹਰਿ ਸਰਬਤਿ ਰਵਿਆ ਮਨਿ ਉਪਜਿਆ ਬਿਸੁਆਸੋ ॥ (ਸਰਬਤਿ ਬੋਲੋ) (ਪੰਨਾ– 80)**

ਕਿਉਂਕਿ, ਤੁਕ ਨੰ. (1) ਦਾ ਅਰਥ ਹੈ: ਜੇ ਮੈਂ ਲੱਖਾਂ ਵਾਰੀ (ਭੀ ਇਸ਼ਨਾਨ ਆਦਿਕ ਨਾਲ ਸਰੀਰ ਦੀ) ਸੁੱਚ ਰੱਖਾਂ, (ਤਾਂ ਭੀ ਇਸ ਤਰ੍ਹਾਂ) ਸੁੱਚ ਰੱਖਣ ਨਾਲ (ਮਨ ਦੀ ਸੁੱਚ) ਨਹੀਂ ਰਹਿ ਸਕਦੀ। 'ਲਖ' ਲਫ਼ਜ਼ ਸੰਖਿਅਕ ਵਿਸ਼ੇਸ਼ਣ (Cardina Numerals) ਹੈ ਅਤੇ ਪਦ-ਅਰਥ ਹੈ : ਲੱਖਾਂ ਵਾਰੀ। ਪਰ, ਜੇ 'ਲਖ' ਲਫ਼ਜ਼ 'ਤੇ ਅੱਧਕ ਨਾ ਲਗਾਇਆ ਜਾਏ ਤਾਂ ਇਸ ਦਾ ਵਿਆਕਰਣਿਕ ਰੂਪ ਹੋਇਗਾ : ਹੁਕਮੀ ਭਵਿਖਤ ਕਾਲੀ ਕਿਰਿਆ (Imperative Verb)। ਅਰਥ ਹੋਇਗਾ : ਜਾਣ, ਸਮਝ।

ਜਿਵੇਂ ਗੁਰਵਾਕ ਹੈ :

**ਮੰਨ ਮਝਾਹੂ ਲਖਿ ਤੁਧਹੁ ਦੂਰਿ ਨ ਸੁ ਪਿਰੀ ॥੩॥ (ਪੰਨਾ 1100)**

(ਅਰਥ : ਖਸਮ ਪ੍ਰਭੂ ਨੂੰ ਮਨ ਵਿਚ ਜਾਣ, ਉਹ ਤੈਥੋਂ ਦੂਰ ਨਹੀਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ 'ਲਖ' ਲਫ਼ਜ਼ ਦੇ ਤਿੰਨ ਰੂਪ ਮਿਲਦੇ ਹਨ। ਲਖ (140 ਵਾਰ), ਲਖੁ (6 ਵਾਰ, ਜਿਵੇਂ : 'ਇਕ ਲਖ ਪੂਤ ਸਵਾ ਲਖੁ ਨਾਤੀ॥' ਪੰਨਾ 481) ਅਤੇ ਲਖਿ 2 ਵਾਰ)। 'ਲਖ' ਅਤੇ 'ਲਖੁ' ਸਭ ਥਾਈਂ ਅੱਧਕ ਸਹਿਤ ਉਚਾਰਣ ਹੋਣਗੇ ਅਤੇ 'ਲਖਿ' ਅੱਧਕ ਰਹਿਤ।

ਤੁਕ ਨੰ. (2) ਦਾ ਅਰਥ ਹੈ : (ਹੇ ਭਾਈ) ਲੋਕਾਂ ਉੱਤੇ ਤਰਸ ਨੂੰ ਮਸੀਤ ਬਣਾਓ, ਸ਼ਰਧਾ ਨੂੰ ਮੁਸੱਲਾ ਅਤੇ ਹੱਕ ਦੀ ਕਮਾਈ ਨੂੰ ਕੁਰਾਨ ਬਣਾਓ। ਮੁਸੱਲਾ ਲਫ਼ਜ਼ ਵਿਆਕਰਣਿਕ ਦ੍ਰਿਸ਼ਟੀ ਤੋਂ 'ਵਸਤ ਵਾਚਕ ਨਾਂਉ' (Material Noun) ਹੈ ਅਤੇ ਅਰਥ ਹੈ: ਉਹ ਸਫ਼ ਅਥਵਾ ਫੂੜੀ (Prayer-mat), ਜਿਸ 'ਤੇ ਬੈਠ ਕੇ ਨਿਮਾਜ਼ ਪੜ੍ਹੀ ਜਾਂਦੀ ਹੈ। ਪਰ, ਜੇ ਤੁਕ ਅੰਦਰਲੇ 'ਮੁਸਲਾ' ਲਫ਼ਜ਼ ਦੇ 'ਸ' ਅੱਖਰ ਉੱਤੇ ਅੱਧਕ ਨਾ ਲਗਾਇਆ ਜਾਏ ਤਾਂ ਇਸ ਦਾ ਵਿਆਕਰਣਿਕ ਰੂਪ ਹੋਇਗਾ : ਜਾਤੀ ਨਾਉਂ (Class Noun)। ਅਰਥ ਹੋਇਗਾ : ਭੈੜਾ ਮੁਸਲਮਾਨ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ 'ਮੁਸਲਾ' ਲਫ਼ਜ਼ 5 ਵਾਰ 'ਮੁਸੱਲਾ' ਦੇ ਅਰਥਾਂ ਵਿਚ ਵਰਤਿਆ ਗਿਆ ਹੈ। ਇਸ ਲਈ ਸਭ ਥਾਈਂ ਸ਼ੁੱਧ ਉਚਾਰਨ ਅੱਧਕ ਸਹਿਤ ਹੋਇਗਾ। (3) ਅੱਧਕ ਸਹਿਤ 'ਕੁਹੱਥੀ' ਲਫ਼ਜ਼ ਦਾ ਅਰਥ ਹੈ : ਭੈੜੇ ਹੱਥੀਂ ਅਤੇ ਅੱਧਕ ਰਹਿਤ 'ਕੁਹਥੀ' ਦਾ ਅਰਥ ਹੈ: ਗੰਦੀ-ਮੰਦੀ ਥਾਂ। ਇਸ ਲਈ 'ਕੁਹਥੀ' ਲਫ਼ਜ਼ ਨੂੰ ਅੱਧਕ ਨਾ ਲਗਾਉਣ ਦੀ ਹਦਾਇਤ ਕੀਤੀ ਗਈ ਹੈ।

ਸਪੱਸ਼ਟ ਹੈ ਕਿ ਗੁਰੂ-ਕਾਲ ਵੇਲੇ ਜਦੋਂ ਗੁਰਬਾਣੀ ਲਿਖੀ ਗਈ, ਉਪਰੋਕਤ ਲਫ਼ਜ਼ਾਂ ਨੂੰ ਉਦੋਂ ਅੱਧਕ ਸਹਿਤ ਹੀ ਬੋਲਿਆ ਜਾਂਦਾ ਹੋਵੇਗਾ। ਭਾਵੇਂ ਕਿ ਗੁਰਬਾਣੀ ਦੀ ਲਿਖਤ ਵਿੱਚ ਅੱਧਕ ਚਿੰਨ੍ਹ ਦੀ ਵਰਤੋਂ ਨਹੀਂ ਸੀ ਹੋਈ। ਕਿਉਂਕਿ ਓਵੇਂ, ਪੜ੍ਹਨ ਸੁਣਨ ਵਾਲਿਆਂ ਨੂੰ ਸਹੀ ਅਰਥ ਸਮਝ ਨਹੀਂ ਆ ਸਕਦੇ। ਉਹ ਆਪਣੀ ਸੋਚ ਨਾਲ ਉਲਟੇ ਅਰਥ ਵੀ ਕੱਢ ਸਕਦੇ ਹਨ। 'ਮੁਸੱਲਾ' ਦੀ ਥਾਂ ਨਫ਼ਰਤ-ਮਈ ਲਫ਼ਜ਼ 'ਮੁਸਲਾ' ਬੋਲ ਕੇ ਝਗੜਾ ਵੀ ਸਹੇੜਿਆ ਜਾ ਸਕਦਾ ਹੈ। ਬਾਣੀ ਵਿਚ 6 ਥਾਈਂ 'ਸਰਬਤ' ਅਤੇ 2 ਵਾਰੀ 'ਸਰਬਤਿ' ਲਫ਼ਜ਼ ਵਰਤਿਆ ਗਿਆ ਹੈ, ਇਸ ਦਾ ਸ਼ੁੱਧ ਉਚਾਰਨ ਹੈ: ਸਰਬੱਤ। ਅਰਥ ਹੈ : ਸਾਰੇ, ਸਭ ਥਾਈਂ। ਪਰ, ਜੇਕਰ ਇਸ ਨੂੰ ਅੱਧਕ ਨਾ ਲਾਇਆ ਜਾਏ ਤਾਂ ਸੁਣਨ ਵਾਲੇ 'ਸਰਬਤ' ਦੇ ਅਰਥ 'ਮਿੱਠਾ ਪਾਣੀ' ਵੀ ਸਮਝ ਸਕਦੇ ਹਨ। ਇਹੀ ਕਾਰਨ ਹੈ ਕਿ ਉਪਰੋਕਤ ਚੌਥੀ ਤੁਕ ਦੇ ਨਾਲ 'ਸਰਬੱਤਿ' ਬੋਲਣ ਦੀ ਵਿਸ਼ੇਸ਼ ਹਦਾਇਤ ਕੀਤੀ ਗਈ ਹੈ। (...ਚੱਲਦਾ)

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ

# ਅਨੰਦ ਕਾਰਜ 'ਸਿੱਖ ਰਹੁਰੀਤ' ਕਿਤਾਬਚੇ ਵਿਚੋਂ

ਬਰਾਤ ਰੂਪੀ ਜਲੂਸ, ਮਿਲਣੀ, ਢੁਕਾਅ ਆਦਿ ਲੜਕੇ ਵਾਲੇ ਨੂੰ ਉਚੇ ਤੇ ਲੜਕੀ ਵਾਲਿਆਂ ਨੂੰ ਨੀਚਾ ਦਿਖਾਉਣ ਦਾ ਢੰਗ ਹੈ। ਸਿਹਰਾ, ਮੁਕਟ, ਗਾਨਾ ਬੰਨ੍ਹਣਾ, ਕਲਗੀ, ਪਿਤਰ ਪੂਜਣੇ, ਘੜੋਲੀ ਭਰਨੀ, ਰੁਸਣਾ, ਛੰਦ ਪੜਨੇ, ਮਹਿੰਦੀ ਦੀ ਰਾਤ, ਮਾਈਏ ਪੈਣਾ, ਕੇਸਰ ਤੇ ਚਾਵਲਾਂ ਦੇ ਟਿਕੇ, ਸਾੜੀ, ਮਾਂਗ ਭਰਨੀ, ਕੋਕਾ-ਨਕੇਲ, ਕਾਂਟੇ, ਮੰਗਲ-ਸੂਤਰ, ਬਯੂਟੀ ਪਾਰਲਰਾਂ ਵਿਚ ਜਾ ਕੇ ਕੇਸਾਂ ਦੀ ਬੇਅਦਬੀ ਕਰਵਾਉਣੀ, ਸਰੀਰ ਦੀ ਨੁਮਾਇਸ਼, ਸਭ ਵਿਵਰਜਤ ਹੈ ਅਤੇ ਗੁਰੂ ਦੀ ਵੀਚਾਰਧਾਰਾ ਦੇ ਉਲਟ ਹੈ । ਕਈ ਵਾਰ ਸਿੱਖ ਦੇ ਮੱਥੇ ਉੱਤੇ ਟਿਕਾ ਲਗਾ ਦਿੰਦੇ ਹਨ, ਜੋ ਸ਼ਕਲ ਹੀ ਵਿਗਾੜ ਦਿੰਦਾ ਹੈ।

**(ਜੈ-ਮਾਲਾ, ਸੇਹਰਾ, ਮੁਕਟ, ਬਯੂਟੀ-ਪਾਰਲਰਾਂ ਵਿਚ ਜਾਕੇ ਕੇਸਾਂ ਦੀ ਬੇਅਦਬੀ ਕਰਾਉਣੀ-ਇਹ ਗੁਰਸਿੱਖਾਂ ਦੇ ਕਰਮ ਨਹੀਂ ਹਨ।)**

ਇਹ ਪਤਾ ਨਹੀਂ ਕਿਸ ਦਸਿਆ ਹੈ ਕਿ "ਅੱਜ ਸਾਡਾ ਸਿਰ ਨੀਵਾਂ ਹੋ ਗਿਆ ਹੈ", ਕਿਉਂਕਿ ਅਸੀਂ ਲੜਕੀ ਵਾਲੇ ਜੋ ਹੋਏ, ਲੜਕੀ ਦੇ ਘਰ ਦਾ ਪਾਣੀ ਨਹੀਂ ਪੀਣਾ, ਪਤਾ ਨਹੀਂ ਕਿਉਂ ਵਹਿਮਾਂ-ਪਾਖੰਡਾਂ ਦੀਆਂ ਘੁੰਮਣਘੇਰੀਆਂ ਵਿਚ ਫਸੇ ਪਏ ਹਾਂ। ਸਿੱਖ ਪਰਿਵਾਰਾਂ ਵਿਚ ਸਭ ਦਾ ਸਤਿਕਾਰ ਬਰਾਬਰ ਹੈ।ਵਿਆਹ ਤੋਂ ਬਾਅਦ ਜਦ ਕੁੜੀ ਵਾਲੇ ਕੁੜਮਾਂ ਦੇ ਘਰ ਜਾਣ ਤਾਂ ਉਹ ਖਾਲੀ ਹੱਥ ਨਹੀਂ ਜਾ ਸਕਦੇ। ਪਹਿਲੀ ਲੋਹੜੀ, ਪਹਿਲੀ ਦਿਵਾਲੀ ਆਦਿ ਬਹਾਨਿਆਂ ਨਾਲ ਮੁੰਡੇ ਵਾਲੇ ਅੱਖਾਂ ਫਾੜੀ ਉਡੀਕਦੇ ਹਨ ਕਿ ਕੁੜੀ ਦੇ ਘਰੋਂ ਕੋਈ ਆਵੇਗਾ। ਅੱਜ ਦੇ ਸਿਖਿਆ ਦੇ ਯੁੱਗ ਵਿਚ ਵੀ ਇਤਨਾ ਅੰਧੇਰਾ ਅਤੇ ਗੁਰਬਾਣੀ ਦੇ ਹੁੰਦਿਆਂ ਇਤਨੀ ਜਹਾਲਤ ਦਾ ਪਸਾਰਾ ਪਸਰਿਆ ਪਿਆ ਹੈ। ਗੁਰੂ ਸਾਹਿਬ ਦੀ ਮਿਹਰ ਦਾ ਪਾਤਰ ਬਣਨ ਨੂੰ ਕੋਈ ਤਿਆਰ ਨਹੀਂ ਜਿਸ ਨਾਲ ਸੂਝ-ਬੂਝ ਆ ਸਕਦੀ ਹੈ।

**(ਗੁਰਮਤ ਵਿੱਚ ਲੜਕੀ ਅਤੇ ਲੜਕੇ ਦੇ ਪਰਿਵਾਰਾਂ ਦਾ ਬਰਾਬਰ ਦਾ ਸਤਿਕਾਰ ਹੈ, ਕੋਈ ਉਚਾ ਜਾਂ ਨੀਵਾਂ ਨਹੀਂ ਹੈ।)**

ਹੇਠ ਲਿਖੇ ਸ਼ਬਦ ਵਿਆਹ ਸਮੇਂ ਪੜ੍ਹਨੇ ਅਰਥਾਂ ਦੇ ਅਨਰਥ ਹੈ, ਜੋ ਗਿਆਨੀ ਪੜ੍ਹਦੇ ਹਨ, ਉਹ ਗੁਰਬਾਣੀ ਅਰਥਾਂ ਤੋਂ ਕੋਰੇ ਲਗਦੇ ਹਨ-

**"ਪਲੈ ਮੈ ਤੈਂਡੇ ਲਾਗੀ-** ਹੇ ਅਕਾਲਪੁਰਖ, ਮੈਂ ਤੇਰੇ ਲੜ ਲਗ ਗਈ ਹਾਂ। 'ਵਿਆਹ ਹੋਆ ਮੇਰੇ ਬਾਬੁਲਾ-ਹੇ ਮੇਰੇ ਪਿਤਾ, ਪ੍ਰਭੂ-ਪਤੀ ਨਾਲ ਮੇਰਾ ਵਿਆਹ ਹੋ ਗਿਆ ਹੈ-ਗੁਰੂ ਦੀ ਸ਼ਰਨ ਪੈ ਕੇ ਮੈਨੂੰ ਪ੍ਰਭੂ ਪਤੀ ਮਿਲ ਗਿਆ ਹੈ। ਗੁਰਬਾਣੀ ਦੀ ਮਹਾਨ ਫਿਲਾਸਫੀ ਨੂੰ ਛੋਟੀਆਂ-ਛੋਟੀਆਂ ਰਸਮਾਂ ਨਾਲ ਜੋੜ ਕੇ ਗੁਰ-ਉਪਦੇਸਾਂ ਨੂੰ ਛੁਟਿਆਣ ਦਾ ਕੰਮ ਕਰਦੇ ਹਨ। "ਜੋੜੀ ਜੀਏ ਜੁਗ ਚਾਰ ਤਿਹਾਰੀ' ਦਸਮੇਸ ਪਿਤਾ ਦੀ ਰਚਨਾ ਨਹੀਂ। ਇਹ ਬਚਿਤ੍ਰ ਨਾਟਕ ਵਿਚੋਂ 405 ਤ੍ਰਿਯਾ ਚਰਿਤ੍ਰ (ਭੈੜੀਆਂ ਔਰਤਾਂ ਦੇ ਮਕਰ ਫਰੇਬ) ਵਿਚੋਂ 108ਵੇਂ ਚਲਿੱਤਰ ਦਾ 11ਵਾਂ ਅੰਕ ਹੈ, ਅਤੇ ਇਸ ਕਹਾਣੀ ਦੇ ਅਨੁਸਾਰ ਸੱਸੀ ਦਾ ਪੁੰਨੂੰ ਨਾਲ ਵਿਆਹ ਦੇ ਸਮੇਂ ਮੁਬਾਰਕਾਂ ਦੇਣ ਆਈਆਂ ਤੀਵੀਆਂ -- ਗੀਤ ਗਾਉਂਦੀਆਂ ਹਨ-ਢੋਲ ਮ੍ਰਿਦੰਗ ਬਜੇ ਸਭ ਹੀ ਘਰ--- ਇਥੇ ਦਸਮ ਪਿਤਾ ਦਾ ਕਿਧਰੇ ਜ਼ਿਕਰ ਨਹੀਂ ਹੈ। ਇਸੇ ਤਰ੍ਹਾਂ 'ਸੁਧ ਜਬ ਤੇ ਹਮ ਧਰੀਂ ਵੀ ਤ੍ਰਿਯਾ ਚਰਿਤ੍ਰ ਦਾ ਅੰਗ ਹੈ।

**(ਜੋੜੀ ਜੀਏ ਜੁਗ ਚਾਰ ਤਿਹਾਰੀਂ ਅਤੇ 'ਸੁਧ ਜਬ ਤੇ ਹਮ ਧਰੀਂ, ਦਸਮ ਪਿਤਾ ਦੀਆਂ ਰਚਨਾਵਾਂ ਨਹੀਂ ਹਨ।)**

ਅੱਜ ਕੱਲ ਵਿਆਹ ਸ਼ਾਦੀਆਂ ਅਤੇ ਰਿਸੈਪਸ਼ਨ ਸਮੇਂ ਅਮੀਰੀ ਦੇ ਨਸ਼ੇ ਵਿਚ ਮਦਮਸਤ ਸਿੱਖ ਆਪਣੀਆਂ ਧੀਆਂ, ਭੈਣਾਂ ਦੇ ਸਰੀਰ ਦੀ ਨੁਮਾਇਸ਼ ਕਰਵਾ ਕੇ ਸੜਕਾਂ ਉੱਤੇ ਗੈਰ ਮਰਦਾਂ ਨਾਲ ਨਾਚ (ਆਰਕੇਸਟਰਾ ਪਾਰਟੀ ਦੇ ਭੜਕਾਵੇਂ ਵਿਚ ਆ ਕੇ) ਹਰ ਛੋਟੇ ਵੱਡੇ ਦੀ ਸ਼ਰਮ ਲਾਹ ਕੇ, ਮੁੰਡੇ, ਕੁੜੀਆਂ, ਬੀਬੀਆਂ, ਮਰਦ, ਬੱਚੇ, ਪਿਉ ਦੇ ਸਾਹਮਣੇ ਧੀ ਤੇ ਨੂੰਹ ਨਚਦੀ ਹੈ, ਤੇ ਲੋਕ ਤਮਾਸ਼ਾ ਵੇਖਦੇ ਹਨ। ਸ਼ਰਾਬਾਂ ਦੇ ਦੌਰ ਚਲ ਰਹੇ ਹੁੰਦੇ ਹਨ। ਅਜੀਬੋ-ਗਰੀਬ ਕਿਸਮ ਦਾ ਸਭਿਆਚਾਰ ਪੇਸ਼ ਹੋ ਰਿਹਾ ਹੁੰਦਾ ਹੈ। ਭੰਗੜੇ-ਸ਼ਰਾਬਾਂ, ਬੈਡ ਗੀਤ ਇਹ ਸਭ ਗੈਰ ਇਖਲਾਕ ਦੀਆਂ ਗੱਲਾਂ ਹਨ, ਜੋ ਗੁਰੂ ਕੇ ਸਿੱਖ ਨੂੰ ਸ਼ੋਭਦੀਆਂ ਨਹੀਂ ਪਰ ਉਸ ਸਮੇਂ ਗੁਰੂ ਦੀ ਕੌਣ ਪ੍ਰਵਾਹ ਕਰਦਾ ਹੈ। ਸ਼ੇਖ ਚਿੱਲੀ ਦੀ ਤਰ੍ਹਾਂ ਜਿਸ ਟਾਹਣੀ ਉਤੇ ਬੈਠੇ ਹਾਂ, ਨਤੀਜਾ ਸਾਹਮਣੇ ਹੈ।

**(ਬਰਾਤ ਰੂਪੀ ਜਲੂਸ ਵਿਚ ਅਤੇ ਰਿਸੈਪਸ਼ਨ ਸਮੇਂ ਹਰ ਵੱਡੇ ਛੋਟੇ ਅਤੇ ਸਿੱਖ ਬੀਬੀਆਂ ਨੂੰ ਲਚਰ ਕਿਸਮ ਦੇ ਨਾਚ ਅਤੇ ਸਰੀਰਕ ਨੁਮਾਇਸ਼ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਸ਼ਰਾਬ ਨਾਲ ਝੱਲਪੁਣਾ ਤਾਂ ਆਉਂਦਾ ਹੀ ਹੈ, ਧੀ ਭੈਣ ਅਤੇ ਵੱਡੇ-ਛੋਟੇ ਦੀ ਤਮੀਜ਼ ਵੀ ਨਹੀਂ ਰਹਿੰਦੀ)**

- ਅਨੰਦ ਕਾਰਜ, ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਸੰਗਤਾਂ ਦੇ ਸਾਹਮਣੇ ਹੋਣਾ ਚਾਹੀਦਾ ਹੈ। ਇਹ ਜਰੂਰੀ ਨਹੀਂ ਵਿਆਹ ਦਿਨੇ 12 ਵਜੇ ਤੋਂ ਪਹਿਲਾ ਹੀ ਹੋਵੇ। ਕਈ ਗੁਰਮਤਿ ਦੇ ਧਾਰਨੀ ਇਸ ਕਾਰਜ ਲਈ ਅੰਮ੍ਰਿਤ ਵੇਲਾ ਭਾਲਦੇ ਹਨ, ਇਹ ਵੀ ਵਹਿਮ ਹੈ। ਗੁਰਮਤਿ ਵਿਚ ਵਿਆਹ ਦਾ ਮੰਤਵ ਕੇਵਲ ਭੋਗ-ਵਿਲਾਸ ਸ਼ਕਲਾਂ ਦੀ ਸੁੰਦਰਤਾ ਤੇ ਉਸ ਨੂੰ ਵਧਾਉਣ ਪਿਛੇ ਲਗੇ ਰਹਿਣਾ ਹੀ ਨਹੀਂ, ਬਲਕਿ ਇਕ ਉੱਚੇ-ਸੁਚੇ ਤੇ ਸਵੱਛ ਜੀਵਨ ਬਤਾਉਣ ਦਾ ਸਾਧਨ ਹੈ।

**(ਜਦ ਬਰਾਤ ਲੜਕੀ ਵਾਲਿਆਂ ਦੇ ਘਰ ਪੁਜਦੀ ਹੈ ਤਾਂ ਸਾਰੇ ਬਰਾਤੀ ਭਾਵ ਬੁਢੇ, ਬੱਚੇ, ਜਵਾਨ ਅਤੇ ਕੁੜੀਆਂ, ਬੀਬੀਆਂ ਬੜਾ ਜ਼ੋਰ ਲਗਾ ਕੇ ਨੱਚਦੇ ਹਨ। ਇਹ ਵੀ ਲੜਕੀ ਵਾਲਿਆਂ ਨੂੰ ਨੀਵਾਂ ਦਿਖਾਉਣ ਦਾ ਢੰਗ ਹੈ, ਜੋ ਠੀਕ ਨਹੀਂ ਹੈ। ਚੰਗੇ ਇਨਸਾਨਾਂ ਦੀ ਤਰ੍ਹਾਂ ਲੜਕੀ ਵਾਲਿਆਂ ਦੇ ਘਰ ਪੁੱਜਣਾ ਚਾਹੀਦਾ ਹੈ। ਮਿਲਣੀ ਦੀ ਰਸਮ ਦੀ ਲੋੜ ਹੀ ਨਹੀ, ਅੱਜ ਕੱਲ ਮਿਲਣੀ ਕਰਨ ਸਮੇਂ ਇਕ-ਦੂਜੇ ਨੂੰ ਕੰਬਲ ਆਦਿ ਭੇਂਟ ਕਰਦੇ ਹਨ ਅਤੇ ਨਾਲ ਜ਼ੋਰ ਅਜ਼ਮਾਈ ਵੀ। ਰੱਬ ਜਾਣੇ ਇਸ ਦਾ ਕੀ ਮੰਤਵ ਹੈ।)**

- ਲਾਵਾਂ ਤੋਂ ਪਹਿਲਾਂ ਬੱਚੇ-ਬੱਚੀ ਨੂੰ ਗੁਰਮਤ ਦੇ ਉਪਦੇਸ਼ ਤੇ ਸਿਖਿਆ ਦ੍ਰਿੜ ਕਰਵਾਈ ਜਾਵੇ ਤੇ ਉਪਦੇਸ਼ਾਂ ਦੀ ਪ੍ਰਵਾਨਗੀ ਲਈ ਜੋੜੀ ਗੁਰੂ ਗਰੰਥ ਸਾਹਿਬ ਅਗੇ ਮੱਥਾ ਟੇਕੇ।

- ਚਾਰ ਲਾਵਾਂ ਸਮੇਂ ਜੋੜੀ ਗੁਰੂ ਗਰੰਥ ਸਾਹਿਬ ਦੀ ਪ੍ਰਕਰਮਾ ਕਰੇ। ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਸੇਹਰੇ ਤੇ ਹਾਰ ਪਾਉਣੇ, ਗਦੇਲਾ, ਕਲਗੀ, ਮੁਕਟ, ਵੇਲਾਂ, (ਦਿਖਾ ਕੇ ਵਾਜੇ 'ਤੇ ਪੈਸੇ ਰਖਣੇ), ਘੁੰਡ ਕਢਣਾ, ਬੱਚੇ-ਬੱਚੀ ਉਪਰ ਫੁਲਾਂ ਦੀ ਵਰਖਾ ਕਰਨੀ, ਗੁਰੂ ਮਹਾਰਾਜ ਦੀ ਬੇਅਦਬੀ ਹੈ। ਪੈਰੀਂ ਪੈਣਾ ਵੀ ਗੁਰਮਤ ਰੀਤੀ ਨਹੀਂ ਹੈ।

- ਗੁਰਮਤ ਵਿਚ ਵਿਧਵਾ ਅਨੰਦ ਕਾਰਜ ਦੀ ਕੋਈ ਮਨਾਹੀ ਨਹੀਂ ਹੈ, ਬਾਲ ਵਿਆਹ ਮਨ੍ਹਾ ਹੈ। ਵਿਆਹ ਪੈਸੇ ਲੈ ਕੇ ਜਾਂ ਦਾਜ ਲੈ ਕੇ ਕਰਨਾ ਮਨ੍ਹਾ ਹੈ। ਸਿੱਖ ਧਰਮ ਵਿਚ ਆਤਮ ਹੱਤਿਆ, ਤਲਾਕ, ਕੁੜੀਆਂ ਨੂੰ ਸਾੜਨਾ, ਪੈਸੇ ਦੇ ਲਾਲਚ ਵਿਚ ਜਾਂ ਕਿਸੇ ਹੋਰ ਕਾਰਣ ਤੰਗ ਕਰਨਾ, ਸਕੈਨਿੰਗ ਜਾਂ ਸੈਕਸ ਟੈਸਟ ਰਾਹੀਂ ਲੜਕੀਆਂ ਨੂੰ ਮਾਰ ਦੇਣਾ ਵਿਵਰਜਤ ਹੈ।

**(ਆਤਮ-ਹੱਤਿਆ, ਤਲਾਕ, ਦਾਜ ਦਾ ਲਾਲਚ, ਸਕੈਨਿੰਗ, ਸੈਕਸ ਟੈਸਟ ਰਾਹੀਂ ਕੁੜੀਆਂ ਨੂੰ ਮਾਰਨਾ ਤੇ ਬਾਲ ਵਿਆਹ ਸਿੱਖ ਧਰਮ ਵਿਚ ਵਿਵਰਜਤ ਹਨ।)**

**ਨੋਟ :-** ਅੱਜ ਕਲ ਬੱਸਾਂ ਭਰ ਕੇ ਲੜਕੇ ਵਾਲੇ ਲੜਕੀ ਦੇਖਣ ਤੁਰ ਪੈਂਦੇ ਹਨ, ਅਤੇ ਚਾਹ ਪਾਣੀ ਦੀ ਸੇਵਾ ਕਰਵਾ ਕੇ ਨਾਂਹ ਕਰ ਆਉਂਦੇ ਹਨ। ਕਈ ਦਰਜਨਾਂ ਲੜਕੀਆਂ ਦੇਖਦੇ ਹਨ ਸੋਹਣੀ ਸ਼ਕਲ ਦੇ ਨਾਲ-ਨਾਲ ਲੜਕੀ ਦੇ ਮਾਂ-ਬਾਪ ਦੀ ਹਸਤੀ ਵੀ ਤੋਲਦੇ ਫਿਰਦੇ ਹਨ। ਪਤਾ ਨਹੀਂ ਦੂਸਰੇ ਗੁਰਸਿੱਖ ਪਰਿਵਾਰ ਦੀ ਬੱਚੀ ਅਤੇ ਉਸਦੇ ਮਾਂ-ਬਾਪ ਨੂੰ ਕਿਉਂ ਜ਼ਲੀਲ ਕਰਦੇ ਹਨ। ਲੜਕੀ ਵਾਲੇ ਵੀ ਕੇਵਲ ਅਮੀਰ ਘਰ ਹੀ ਵੇਖਦੇ ਹਨ। ਦੋਵੇਂ ਧਿਰਾਂ ਗੁਰਮਤਿ ਤੋਂ ਅਨਜਾਣ ਕੁਰਾਹੇ ਪਈਆਂ ਹਨ। ਬੱਚੇ-ਬੱਚੀ ਦੀ ਗੁਰਮਤਿ ਵਿਚ ਪਰਪਕਤਾ ਅਤੇ ਸ਼ੁਭ ਗੁਣਾਂ ਨੂੰ ਕੋਈ ਨਹੀਂ ਵੇਖਦਾ।

**(ਵਿਆਹ ਲਈ ਲੜਕੇ ਲੜਕੀ ਦੇ ਸ਼ੁਭ ਗੁਣਾਂ ਅਤੇ ਗੁਰਮਤਿ ਵਿਚ ਪਰਪਕਤਾ ਦਾ ਵੀਚਾਰ ਕਰਨਾ ਚਾਹੀਦਾ ਹੈ। ਪਰਿਵਾਰਾਂ ਦੀ ਆਰਥਕ ਹਸਤੀ ਨੂੰ ਤੋਲਦੇ ਫਿਰਨਾ ਠੀਕ ਨਹੀਂ ਹੈ।)**

(...ਚੱਲਦਾ)

**श्री गुरू अमरदास जी के प्रकाश दिवस पर विशेष**

# अरदास की शक्ति

**अमृत पाल बंसल # 98154–85668**

श्री गुरू ग्रंथ साहिब जी के पावन अंग–714 पर गुरबाणी का फ़ुरमान है:

**तीने ताप निवारणहारा दुख हंता सुख रास।।**

**ता कउ बिघन न कोऊ लागै जा की प्रभु आगै अरदासि।।**

भाव: हे भाई! परमात्मा का नाम मनुष्य के भीतर से आधि, विआधि तथा उपाधि तीनों ही ताप दूर करने वाला है, सभी दुखों का नाश करने वाला है और सुखों का भंडार (सरमाया) है। जिस मनुष्य की अरदास प्रभु के द्वार पर जाती है और जो परमात्मा के आगे अरदास करता है, उस को जीवन के मार्ग में कोई रूकावट नहीं आती।

बड़े बड़े ऋृषि मुनियों तथा संत महापुरूषों का मानना है कि प्रभु के आगे अरदास करने से मनुष्य को पाजिटिव इनर्जी (positive Energy) मिलती है। अगर परमात्मा से मिलाप करना हो तो परमात्मा की अरदास आराधना करना अति आवश्यक है। अरदास ही एक सहज तथा सुगम साधन है, जिस से मनुष्य संघर्षमई जीवन में विजयी होकर, अपने परम उदेश्य परमात्मा की प्राप्ती कर सकता है। अरदास करने से मनुष्य को शान्ति मिलती है और वह अपने जीवन को निरंतर सफलता की तरफ बढाता है। अरदास एक ऐसी प्रक्रिया है, जिस को कोई भी व्यक्ति, किसी भी समय और किसी भी स्थान पर कर सकता है। विश्व के प्रत्येक धर्म में प्रभु की अरदास, प्रार्थना, गुणगान, सहायता के लिए पुकार, मार्ग दर्शन की इच्छा और दूसरों की भलाई के लिए प्रार्थना इत्यादि करना, सब से पहली तथा आवश्यक शिक्षा है। इन्सान की फितरत (स्वभाव) ही ऐसी है कि जीवन के बुरे वक्त में ही, उसको प्रभु की याद आती है, तो फिर वह प्रभु की शरण में जाकर, उसके आगे कामना पूर्ति के लिए अरदास करता है।

समझने के लिए एक उदाहरण लेते हैं, जैसे एक हिरणी (मृगी) अपने बच्चों के साथ, जंगल के रास्ते, जल की तलाश के लिए जा रही थी। एक शिकारी की नज़र हिरणी तथा उसके बच्चों पर पड़ी। उसने बड़ी तेजी से हिरणी तथा उसके बच्चों को पकड़ने के लिए, जंगल के एक तरफ जाल लगा दिया। दूसरी तरफ अपना कुत्ता खड़ा कर दिया तथा तीसरी तरफ झाड़िओं को आग लगा दी तथा चौथी तरफ बंदूक पकड़ कर खड़ा हो गया। जब हिरणी ने चारों तरफ देखा, तो सोचा कि अब मेरा तथा मेरे बच्चों का बचकर निकलना मुश्किल है। अब यह शिकारी मेरे बच्चों को तथा मुझे मार देगा। एक दम परमात्मा को याद किया तथा परमात्मा के चरनों में अरदास की, हे सब की रक्षा करने वाले परमेश्वर! अब मेरा तथा मेरे बच्चों का इस घेरे में से निकलना असंभव (नामुमकिन) है। हे परमात्मा! अब मैं तेरी शरण में आई हूँ, मेरा नहीं तो इन मासूम बच्चों का वास्ता, अब आप ही हमारी रक्षा कर सकते है। शेष तो अन्य कोई चारा या सहारा नहीं रहा, बचकर निकलने का। श्री गुरू ग्रंथ साहिब जी में, श्री गुरू अरजन साहिब जी ने सिरीरागु में अपना इलाही शब्द दर्ज किया है:

**जा कउ मुसकल अति बणै ढोई कोइ ना देइ।।**
**लागू होए दुसमना साक भि भजि खलै।।**
**सभो भजै आसरा चुकै सभु असराऊ।।**
**चिति आवै उसु पारब्रहमु लगै न तती वाऊ।। 1 ।।**

**(अंग 70)**



भाव: जिस मनुष्य पर कोई बड़ा भारी संकट (विपता) आ जाए तथा जिस से बचने के लिए कोई भी उसको सहारा ना दे, शत्रु उसके मारू बन जाएं, उसके साक–संबंधी (रिशतेदार), उसको छोड़ कर भाग जाएं, उसका प्रत्येक तरह का आसरा समाप्त हो जाए तथा हर तरह का सहारा नष्ट हो जाए, अगर उस विपता के मारे मनुष्य के हृदय में परमात्मा याद आ जाए और वह परमात्मा के आगे अदरास करे, तो कोई भी उसका बाल भी बांका (टेढ़ा) नहीं कर सकता।

**प्रभु के द्वार के ही सेवक बन कर रहो। सेवक की अरदास कभी भी खाली नहीं जाती। प्रभु अवश्य सहायता करते हैं। वह परमात्मा सभी गुणों का भंडार है, सभी गुणों से भरपूर है। मुझे तो उस परमात्मा का ही सहारा है। जिस तरह परमात्मा बेअंत है, उसके आगे सच्चे मन से की गई अरदास की शक्ति भी बेअंत है। देर तो हमारी ही है, उसको याद करने की, परमात्मा तो हमारी सच्ची अरदास सुन कर पल छिन की भी देर नही करता।**

हिरणी की अरदास करने की देर **शेष पन्ना 37 पर**

Special on Birth Anniversary

# BHAGAT KABIR JI

-Amrit Paul Bansal
# 98154-85668

## A REVOLUTIONARY SAINT, POET AND SOCIAL REFORMER

Bhagat Kabir ji says:

**ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥**
**ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ ॥** (1349)

**First, Allah created the light; then, by his Creative Power, He made all mortal beings.**

**From the One Light, the entire universe welled up. So who is good, and who is bad? (1349)**

Bhagat Kabir Ji was a great revolutionary Saint-poet of the Bhakti Movement. He emphasized the equality and fraternity of all mankind. He was a famous poet, **s**aint and social Reformer of India.

Bhagat Kabir Ji's full name was Kabir Das **Kabir** in Arabic Language means great and the word **dasa** in Sanskrit language means **slave** or **servant.** Kabir Panth, which is religious community, recognizes kabir ji as its founder and its members are known as Kabirpanthis that is the followers of Bhagat Kabir ji; Weavers also call themselves as Kabir panthis.

According to Bhai Kahan Singh Nabha in his Encyclopedia of Sikh Literature (1930), more popularity known as Mahan Kosh, gives date of birth of Bhagat Kabir ji, as jeth sudi; 15, samvat 1455 (year 1398) and the date of his leaving for the heavenly abode as samvat 1575 (year 1518). Jeth is the third month of desi calendar and sudi 15 means full moon day. **This year that is in 2023, sudi 15 full day falls on June 04 and thus his birth anniversary is being celebrated on June 04, 2023.**

As per a scholar, Kabir Sahib was born to a Brahmin widow, who abandoned him near Banaras close to Lehar Talab (tank) in a forest. In order to escape dishonour associated with birth outside marriage. Abandoned by his mother, he was found by a Muslim weaver couple named-Ali Neeru and Neema; who brought him up as their own son. This couple taught him the weaver's skills, Bhagat Kabir ji, in one of his compositions, claims that he was following the occupation of Julahas (weavers).

**ਓਛੀ ਮਤਿ ਮੇਰੀ ਜਾਤਿ ਜੁਲਾਹਾ ॥ ਹਰਿ ਕਾ ਨਾਮੁ ਲਹਿਓ ਮੈ ਲਾਹਾ ॥**
(524)

**My intellect is lowly-I am a weaver by birth, but I have earned the profit of the Name of the Lord. (524)**

It is Believed that he was married to a God-fearing maiden named Loi. who was the daughter of Neti, a noble-hearted weaver. Kabir Ji and Loi had two children; one son Kammal and one daughter; Kammali. While compiling Adi Granth Sahib ji, Sri Guru Arjan Sahib ji included the Divine hymns of 15 bhagat Sahiban, 11 Bhatts and 3 other holy men, besides the hymns of the first four Guru Sahiban and his own hymns, out of 15 bhagat Sahibans, Bhagat Kabir ji's contribution is the largest i.e. 227 Padas in 17 Ragas and 237 slokas. Under each Raga or musical mode marking a section of the Holy Book, Kabir's hymns appear at the head of Bhagat Bani, a generic name for the works of contributors other than the Guru Sahibans. Bhagat Kabir ji is ranked as 5th as regards the volume of Gurbani, contributed to Sri Guru Granth Sahib ji. His writings also include Bijaki, Sakhi Granth, Kabir Granthavali and Anurag Sagar. He has been accepted as the most revolutionary of all the saints of the Bhakti Movement. He became a disciple of Swami Ramanand ji.

Besides loving devotion, which is the main and dominant theme of Kabir's Bani as included in Sri Guru Granth Sahib ji, he countracts the Brahmin's boast of high caste and strongly condemneo caste prejudices He say;

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ॥**
**ਤਉ ਆਨ ਬਾਟ ਕਾਹੇ ਨਹੀ ਆਇਆ ॥** (324)

If you are indeed a Brahmin, birth of a Brahmin mother, then why didn't you come by some other way? ](324)

With the help of another example, he refused to accept the superior status of Brahmins:

**ਤੁਮ ਕਤ ਬ੍ਰਾਹਮਣ ਹਮ ਕਤ ਸੂਦ ॥**
**ਹਮ ਕਤ ਲੋਹੂ ਤੁਮ ਕਤ ਦੂਧ ॥**
**ਕਹੁ ਕਬੀਰ ਜੋ ਬ੍ਰਹਮ ਬੀਚਾਰੈ ॥**
**ਸੋ ਬ੍ਰਾਹਮਣ ਕਹੀਅਤੁ ਹੈ ਹਮਾਰੈ ॥** (324)

How is it that you are a Brahmin, and I am of a low social status? How is it that I am formed of blood, and you are made of milk? ]

Says Kabeer, one who contemplates God, is said to be a Brahmin among us. ]

Bhagat Kabir ji tried to dispel humanity's fear of death. He reveals this fact in his hymn as under;

**ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ ॥**
**ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥** (1365)

Kabeer, the world is afraid of death-that death fills my mind with bliss.

It is only by death that perfect, supreme bliss is obtained. (1365)

At that time, a belief prevailed among the Hindus that if a person dies in kashi, he goes to heaven and a person who dies in Maghar, is reborn as an **Ass** to

disprove this theory, Bhagat Kabir ji, moved to Maghar in samvat 1575 i.e. 1518 and left for his heavenly abode from Maghar, in the same year. He Says;

ਬਹੁਤੁ ਬਰਸ ਤਪੁ ਕੀਆ ਕਾਸੀ ॥
ਮਰਨੁ ਭਇਆ ਮਗਹਰ ਕੀ ਬਾਸੀ ॥
ਕਾਸੀ ਮਗਹਰ ਸਮ ਬੀਚਾਰੀ ॥
ਓਛੀ ਭਗਤ ਕੈਸੇ ਉਤਰਸਿ ਪਾਰੀ ॥ (326)

For many years, I practiced penance and intence meditation at kashi; now that my time to die has come, I have come to dwell at Maghar; Kashi and Maghar. I consider them same, with inadequate devotion, how can anyone swim across?

Kabir Ji did not follow the strict path of rituals of both Hindu and Islam religious. He followed the simplest and straight way of treading the divine path with the recitation of the divine name with the complete love and devotion. He developed the devine Wisdom to see, "one in all and all in one". Bhagat Kabir ji was completely merged with the all pervading Divine Lord, Who expounded the "Divine hymns" through the mouth of Bhagat Kabir ji, for the spiritual welfare of the entire humanity. To-day the seekers of Divine path to merge with God, are most forhumble devotees because, the Divine hymns of the great saint, have been incorported in Sri Guru Granth Sahib ji, by Sri Guru Arjan Sahib ji, the fifth divine master of the Sikhs. They can realize God Almighty very easily by following the message given in these hymns.

In sacred memory of Bhagat Kabir ji at the place where he was abandoned near Lehar Talab and found by Ali Neeru and Neema; a temple has been established. In Kashi, his seat of preaching is known as kabir chaura. In 1550, the followers built his Smadh in Maghar, the place where he left for his heavenly abode.

Let all of us take inspiration, motivation and guidance from the life teachings and Divine hymns of Bhagat kabir ji and meditate upon the Name of Lord accordingly thus, we can crose over the terrifying world oceans. As Kabir Ji says;

ਰਮਈਆ ਜਪਹੁ ਪ੍ਰਾਣੀ ਅਨਤ ਜੀਵਣ ਬਾਣੀ
ਇਨ ਬਿਧਿ ਭਵ ਸਾਗਰੁ ਤਰਣਾ ॥ (92)

Meditate on the Lord, o martial being, through the word of His Bani; you shall be blessed with eternal life. In this way shall you cross over the terrifying world ocean.

-0-

पन्ना 35 का शेष

थी, वाहिगुरू के द्वार पर सच्चे मन से निकली अरदास कबूल हुई। एक हवा का झोंका आया, आग उड़कर जाल पर जा गिरी, जाल जल गया। साथ ही वर्षा शुरू हो गई, आग भी बुझ गई। जब शिकारी ने देखा कि दो रास्ते खुल गए हैं, हिरणी और उसके बच्चों ने निकल जाना है, वह निशाना लगा कर हिरणी को मारने लगा। इतनी देर में, पास ही एक खुड (बिल) में से एक सांप निकला तथा शिकारी की टांग पर डंक मारा, शिकारी का निशाना हिल गया तथा उसकी बंदूक से निकली हुई गोली से शिकारी का कुत्ता मर गया। इधर सांप के डंक मारने से शिकारी भी मारा गया। हिरणी और उसके बच्चे सही सलामत निकल गए। यह केवल समझने के लिए एक कहानी (साखी) है।


इस साखी से हमें, बहुत बड़ी शिक्षा मिलती है कि अगर आप के ऊपर बहुत भारी संकट आ जाए, कोई रास्ता ना दिखवाई दे, सभी साथी सहारे साथ छोड़ जाएं, उस वाहिगुरू अकाल पुरख के आगे निमाणे होकर अरदास करनी चाहिए। आप एक रास्ते की बात करते हैं, वाहिगुरू जी सारे ही रास्ते खोल देंगे, जिस तरह हिरणी के लिए सभी तरफ से रास्ते खोलकर, उसकी तथा उसके बच्चों की रक्षा की। गुरबाणी का फुरमान है:

**बिरथी कदे न होवई जन की अरदास।।**
**नानक जोरू गोबिंद का पूरन गुणतासि।। (अंग 819)**

भाव: हे भाई! प्रभु के द्वार के ही सेवक बन कर रहो। सेवक की अरदास कभी भी खाली नहीं जाती। प्रभु अवश्य सहायता करते हैं। वह परमात्मा सभी गुणों का भंडार है, सभी गुणों से भरपूर है। मुझे तो उस परमात्मा का ही सहारा है। जिस तरह परमात्मा बेअंत है, उसके आगे सच्चे मन से की गई अरदास की शक्ति भी बेअंत है। देर तो हमारी ही है, उसको याद करने की, परमात्मा तो हमारी सच्ची अरदास सुन कर पल छिन की भी देर नही करता।

– 0 –

## ਜੇਕਰ ਮੈਗਜ਼ੀਨ ਨਾ ਮਿਲੇ ਤਾਂ ...




ਸਾਰੇ ਪ੍ਰਚਾਰਕ ਵੀਰਾਂ ਨੂੰ ਬੇਨਤੀ ਹੈ ਕਿ 'ਗੁਰਮਤਿ ਵਿਰਸਾ' ਦੀ ਬੁਕਿੰਗ ਕਰਦਿਆਂ ਰਿਕਾਰਡ ਆਪਣੇ ਕੋਲ ਜ਼ਰੂਰ ਰੱਖੋ। 'ਗੁਰਮਤਿ ਵਿਰਸਾ' ਨਾ ਮਿਲਣ ਦੀ ਸੂਰਤ ਵਿਚ ਮੈਸਜ਼ ਜਾਂ ਵੱਟਸਅਪ ਮੈਸਜ਼ ਕਰ ਸਕਦੇ ਹੋ ਇਸ ਤੋਂ ਇਲਾਵਾ ਚਿੱਟ ਨੰਬਰ ਜਾਂ ਰਸੀਦ ਨੰਬਰ ਦਾ ਵੇਰਵਾ ਦੱਸੋ ਤਾਂ ਜੋ ਮੈਗਜ਼ੀਨ ਦੁਬਾਰਾ ਭੇਜਿਆ ਜਾ ਸਕੇ। ਬੁਕਿੰਗ ਸਮੇਂ ਟੈਲੀਫੋਨ ਨੰਬਰ ਸਾਫ ਸੁਥਰੇ, ਮੋਟੇ ਅੱਖਰਾਂ ਵਿਚ ਪਤਾ ਲਿਖੋ ਜੀ।

ਵੱਲੋਂ ਅਦਾਰਾ 'ਗੁਰਮਤਿ ਵਿਰਸਾ'

ਸਿਹਤ ਸੰਭਾਲ

–ਰਾਜੇਂਦਰ ਚਤੁਰਵੇਦੀ

# ਸਿਹਤ ਲਈ ਹਾਨੀਕਾਰਕ ਹਨ ਐਲੂਮੀਨੀਅਮ ਦੇ ਭਾਂਡੇ

ਬਹੁਤੇ ਘਰਾਂ ਵਿਚ ਭੋਜਨ ਪਕਾਉਣ ਲਈ ਐਲੂਮੀਨੀਅਮ ਦੇ ਭਾਂਡਿਆਂ ਦੀ ਵਰਤੋਂ ਕੀਤੀ ਜਾਂਦੀ ਹੈ ਕਿਉਂਕਿ ਇਹ ਗਰਮੀ ਦੇ ਬਹੁਤ ਚੰਗੇ ਸੁਚਾਲਕ ਹੋਣ ਦੇ ਨਾਲ ਹੀ ਨਾਲ ਹਲਕੇ ਅਤੇ ਸਸਤੇ ਵੀ ਹੁੰਦੇ ਹਨ। ਟੁੱਟਣ ਤੋਂ ਬਾਅਦ ਇਹ ਭਾਂਡੇ ਅੱਧੀ ਕੀਮਤ 'ਤੇ ਵਿਕ ਵੀ ਜਾਂਦੇ ਹਨ। ਐਲੂਮੀਨੀਅਮ ਦੇ ਭਾਂਡੇ ਵਿਚ 'ਜੇਕਰ ਫਲੋਰਾਈਡ ਵਾਲਾ ਪਾਣੀ ਉਬਾਲਿਆ ਜਾਵੇ ਤਾਂ ਉਸ ਵਿਚ ਐਲੂਮੀਨੀਅਮ ਦੀ ਮਾਤਰਾ ਹੋਰ ਜ਼ਿਆਦਾ ਘੁਲ ਜਾਂਦੀ ਹੈ। ਪੱਤ੍ਰਿਕਾ 'ਨੇਚਰ' ਅਨੁਸਾਰ ਇਕ ਪੀ.ਪੀ.ਐਮ. ਮਾਤਰਾ ਵਾਲੇ ਫਲੋਰਾਈਡ ਵਾਲੇ ਪਾਣੀ ਨੂੰ ਵੀ ਜੇਕਰ ਐਲੂਮੀਨੀਅਮ ਦੇ ਭਾਂਡੇ ਵਿਚ ਉਬਾਲਿਆ ਜਾਵੇ ਤਾਂ ਉਸ ਵਿਚ 220 ਪੀ.ਪੀ.ਐਮ. ਤੱਕ ਐਲੂਮੀਨੀਅਮ ਘੁਲ ਜਾਂਦਾ ਹੈ। ਜ਼ਿਆਦਾ ਸਮੇਂ ਤੱਕ ਉਬਾਲਣ 'ਤੇ ਇਹ ਮਾਤਰਾ ਵਧ ਕੇ 600 ਪੀ.ਪੀ.ਐਮ. ਤੱਕ ਹੋ ਜਾਂਦੀ ਹੈ।

ਆਪਣੇ ਦੇਸ਼ ਵਿਚ ਹਮੇਸ਼ਾ ਫਲੋਰਾਈਡ ਵਾਲਾ ਪਾਣੀ ਹੀ ਪਾਇਆ ਜਾਂਦਾ ਹੈ। ਦੇਸ਼ ਦੇ ਓੜੀਸਾ, ਬਿਹਾਰ, ਮਹਾਰਾਸ਼ਟਰ, ਮੱਧ ਪ੍ਰਦੇਸ਼, ਕਰਨਾਟਕ,

**ਸਾਨੂੰ ਧਿਆਨ ਰੱਖਣਾ ਚਾਹੀਦਾ ਕਿ ਸਾਡੀ ਰਸੋਈ ਵਿਚ ਐਲੂਮੀਨੀਅਮ ਦੇ ਭਾਂਡਿਆਂ ਦੀ ਮੌਜੂਦਗੀ ਘੱਟ ਤੋਂ ਘੱਟ ਹੋਵੇ। ਸਬਜ਼ੀਆਂ ਲਈ ਲੋਹੇ ਦੀ ਕੜਾਹੀ ਅਤੇ ਚਾਹ, ਕੌਫ਼ੀ ਲਈ ਸਟੀਲ ਦੇ ਭਾਂਡੇ ਹੀ ਠੀਕ ਰਹਿੰਦੇ ਹਨ। ਇਨ੍ਹਾਂ ਨਾਲ ਸਾਡੀ ਸਿਹਤ 'ਤੇ ਬੁਰਾ ਪ੍ਰਭਾਵ ਨਹੀਂ ਪੈਂਦਾ। ਲੋਹਾ ਤਾਂ ਸਿਹਤ ਲਈ ਲਾਭਕਾਰੀ ਹੁੰਦਾ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਅ ਵਿਚ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪਵੇਗੀ।**

ਗੁਜਰਾਤ ਤੇ ਹਰਿਆਣਾ ਦੇ ਕੁਝ ਹਿੱਸਿਆਂ ਦੇ ਪਾਣੀ ਵਿਚ ਤਾਂ 2 ਤੋਂ 30 ਪੀ.ਪੀ.ਐਮ. ਤੱਕ ਫਲੋਰਾਈਡ ਪਾਇਆ ਜਾਂਦਾ ਹੈ, ਇਸ ਲਈ ਸਾਨੂੰ ਸੁਚੇਤ ਹੋ ਜਾਣਾ ਚਾਹੀਦਾ ਹੈ। ਖ਼ਾਸ ਤੌਰ 'ਤੇ ਇਸ ਲਈ ਵੀ ਕਿਉਂਕਿ ਆਪਣੇ ਦੇਸ਼ ਵਿਚ ਚਾਹ, ਕੌਫ਼ੀ ਪੀਣ ਦਾ ਰਿਵਾਜ ਬਹੁਤ ਹੈ ਅਤੇ ਚਾਹ ਤੇ ਕੌਫ਼ੀ ਐਲੂਮੀਨੀਅਮ ਦੇ ਭਾਂਡਿਆਂ ਵਿਚ ਹੀ ਜ਼ਿਆਦਾਤਰ ਬਣਾਈ ਜਾਂਦੀ ਹੈ।

ਭਾਵ ਸਪੱਸ਼ਟ ਹੈ ਕਿ ਅਸੀਂ ਰੋਜ਼ ਚਾਹ, ਕੌਫ਼ੀ ਦੇ ਰੂਪ ਵਿਚ ਅਲੂਮੀਨੀਅਮ ਦੇ ਭਾਂਡਿਆਂ ਵਿਚ ਉੱਬਲਿਆ ਹੋਇਆ ਪਾਣੀ ਹੀ ਪੀ ਰਹੇ ਹਾਂ ਜੋ ਦਿਮਾਗ਼ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ ਕਿਉਂਕਿ ਵਿਗਿਆਨੀਆਂ ਅਨੁਸਾਰ ਐਲੂਮੀਨੀਅਮ ਦੀ ਜ਼ਿਆਦਾ ਮਾਤਰਾ ਸਾਡੀ ਵਿਚਾਰ ਸ਼ਕਤੀ ਅਤੇ ਯਾਦ ਸ਼ਕਤੀ ਨੂੰ ਖ਼ਤਮ ਕਰਦੀ ਹੈ।

ਐਲੂਮੀਨੀਅਮ ਇਕ ਕਿਰਿਆਸ਼ੀਲ ਧਾਤੂ ਹੈ ਅਤੇ ਇਸ ਦੇ ਭਾਂਡੇ ਹਵਾ ਦੇ ਸੰਪਰਕ ਨਾਲ ਆਪਣੇ ਉੱਪਰ ਆਕਸਾਈਡ ਦੀ ਪਰਤ ਵੀ ਜਮਾ ਲੈਂਦੇ ਹਨ। ਅਮਲ ਵਾਲੀਆਂ ਚੀਜ਼ਾਂ ਜਿਵੇਂ ਨਿੰਬੂ, ਟਮਾਟਰ, ਦਹੀਂ ਆਦਿ ਨਾਲ ਕਿਰਿਆ ਕਰ ਕੇ ਆਕਸਾਈਡ ਅਤੇ ਐਲੂਮੀਨੀਅਮ ਇਨ੍ਹਾਂ ਤੋਂ ਬਣੇ ਖਾਣ ਵਾਲੇ ਪਦਾਰਥਾਂ ਵਿਚ ਘੁਲ ਜਾਂਦਾ ਹੈ ਜੋ ਸਿਹਤ ਲਈ ਬਹੁਤ ਹਾਨੀਕਾਰਕ ਹੁੰਦਾ ਹੈ। ਇਹ ਹਾਜ਼ਮੇ, ਦਿਮਾਗ ਅਤੇ ਦਿਲ 'ਤੇ ਬੁਰਾ ਪ੍ਰਭਾਵ ਪਾਉਂਦਾ ਹੈ। ਇਨ੍ਹਾਂ ਤੱਤਾਂ ਨਾਲ ਕਿਰਿਆ ਹੋਣ ਤੋਂ ਬਾਅਦ ਭੋਜਨ ਦੇ ਪੌਸ਼ਟਿਕ ਤੱਤ ਅਸਰਹੀਣ ਜਾਂ ਘੱਟ ਅਸਰਦਾਰ ਹੋ ਜਾਂਦੇ ਹਨ।

ਲੰਡਨ ਦੇ ਡਾਕਟਰਾਂ ਨੇ ਵੀ ਇਸ ਤਰ੍ਹਾਂ ਹੀ ਨਤੀਜਾ ਕੱਢਿਆ ਸੀ ਕਿ ਐਲੂਮੀਨੀਅਮ ਦੇ ਲਵਣਾਂ ਨੂੰ ਖ਼ਤਮ ਸਮਝਣਾ ਅਤੇ ਇਨ੍ਹਾਂ ਨੂੰ ਸਾਡੇ ਹਾਜ਼ਮੇ ਵਲੋਂ ਨਾ ਸੋਖੇ ਜਾਣ ਲਾਇਕ ਸਮਝਣਾ ਬਹੁਤ ਵੱਡੀ ਭੁੱਲ ਹੈ। ਮਾਹਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਐਲੂਮੀਨੀਅਮ ਦੇ ਭਾਂਡੇ ਵਿਚ ਅਮਲ ਵਾਲਾ ਨਮਕੀਨ ਭੋਜਨ ਪਕਾਉਣਾ ਤਾਂ ਦੂਰ, ਪਕਾ ਕੇ ਰੱਖਣਾ ਵੀ ਨਹੀਂ ਚਾਹੀਦਾ।

ਸਾਨੂੰ ਧਿਆਨ ਰੱਖਣਾ ਚਾਹੀਦਾ ਕਿ ਸਾਡੀ ਰਸੋਈ ਵਿਚ ਐਲੂਮੀਨੀਅਮ



ਦੇ ਭਾਂਡਿਆਂ ਦੀ ਮੌਜੂਦਗੀ ਘੱਟ ਤੋਂ ਘੱਟ ਹੋਵੇ। ਸਬਜ਼ੀਆਂ ਲਈ ਲੋਹੇ ਦੀ ਕੜਾਹੀ ਅਤੇ ਚਾਹ, ਕੌਫ਼ੀ ਲਈ ਸਟੀਲ ਦੇ ਭਾਂਡੇ ਹੀ ਠੀਕ ਰਹਿੰਦੇ ਹਨ। ਇਨ੍ਹਾਂ ਨਾਲ ਸਾਡੀ ਸਿਹਤ 'ਤੇ ਬੁਰਾ ਪ੍ਰਭਾਵ ਨਹੀਂ ਪੈਂਦਾ। ਲੋਹਾ ਤਾਂ ਸਿਹਤ ਲਈ ਲਾਭਕਾਰੀ ਹੁੰਦਾ ਹੈ। ਹਾਂ, ਇਹ ਗੱਲ ਵੱਖਰੀ ਹੈ ਕਿ ਇਨ੍ਹਾਂ ਦੀ ਸਾਫ਼-ਸਫ਼ਾਈ ਅਤੇ ਰੱਖ-ਰਖਾਅ ਵਿਚ ਮਿਹਨਤ ਥੋੜ੍ਹੀ ਜ਼ਿਆਦਾ ਕਰਨੀ ਪਵੇਗੀ।

ਫਿਲਹਾਲ, ਇਹ ਧਿਆਨ ਤਾਂ ਰੱਖਿਆ ਹੀ ਜਾਣਾ ਚਾਹੀਦਾ ਹੈ ਕਿ ਐਲੂਮੀਨੀਅਮ ਦੇ ਭਾਂਡਿਆਂ ਵਿਚ ਟਮਾਟਰ, ਇਮਲੀ, ਅੰਬਚੂਰ, ਅੰਬ, ਦਹੀਂ ਆਦਿ ਅਮਲ ਕਾਰਨ ਖਾਣ ਵਾਲੇ ਪਦਾਰਥ ਨਾ ਬਣਾਓ ਅਤੇ ਨਾ ਹੀ ਉਨ੍ਹਾਂ 'ਚ ਚਾਹ ਤੇ ਕੌਫ਼ੀ ਹੀ ਪੀਓ। ਇਹ ਸਿਹਤ ਲਈ ਬਹੁਤ ਹੀ ਜ਼ਰੂਰੀ ਹੈ।-0-

## ਬਦਲਦੀ ਜੀਵਨਸ਼ੈਲੀ ਨਾਲ ਖੋਖਲੀਆਂ ਹੁੰਦੀਆਂ ਹਨ ਹੱਡੀਆਂ



ਹੱਡੀਆਂ ਲਈ ਕੈਲਸ਼ੀਅਮ ਖਣਿਜ ਤੱਤ ਅਤੇ ਵਿਟਾਮਿਨ ਡੀ ਬਹੁਤ ਜ਼ਰੂਰੀ ਹੁੰਦਾ ਹੈ ਪਰ ਆਧੁਨਿਕ ਜੀਵਨ ਸ਼ੈਲੀ ਦੇ ਚਲਦਿਆਂ ਇਹ ਢੁਕਵੀਂ ਮਾਤਰਾ 'ਚ ਖੀਣ-ਪੀਣ ਅਤੇ ਦਿਨ ਭਰ ਦੀ ਭੱਜ-ਨੱਠ 'ਚ ਨਹੀਂ ਮਿਲ ਰਿਹਾ ਹੈ। ਨਾਲ ਹੀ ਕੁਦਰਤੀ ਤੌਰ 'ਤੇ ਬਣੀਆਂ ਹੱਡੀਆਂ ਕਮਜ਼ੋਰ ਹੁੰਦੀਆਂ ਜਾ ਰਹੀਆਂ ਹਨ। 25 ਸਾਲ ਦੇ ਨੌਜਵਾਨ ਵੀ ਹੱਡੀਆਂ ਖੁਰਨ ਦੀ ਹਾਲਤ ਦੇ ਸ਼ਿਕਾਰ ਹੋ ਰਹੇ ਹਨ।

ਆਰਾਮ-ਪਸੰਦ ਜੀਵਨਸ਼ੈਲੀ, ਕੰਮ ਤੋਂ ਬਿਨਾਂ ਜੀਵਨ ਦੇ ਕਾਰ-ਵਿਹਾਰ ਅਤੇ ਕਸਰਤ ਅਤੇ ਸੂਰਜੀ ਧੁੱਪ ਦੀ ਲੋੜ ਸੱਠ ਸਾਲ ਦੀ ਬਜਾਏ 25 ਸਾਲ ਦੀ ਉਮਰ ਵਿਚ ਇਸ ਰੋਗ ਦਾ ਸ਼ਿਕਾਰ ਬਣ ਰਹੀ ਹੈ। ਇਹੀ ਨਸ਼ੇ, ਫਾਸਟ ਫੂਡ, ਕੋਲਡ ਡਿਰਕਸ ਆਦਿ ਮਿਲ ਕੇ ਇਸ ਸਥਿਤੀ ਨੂੰ ਗੰਭੀਰ ਬਣਾ ਰਹੇ ਹਨ। ਇਹ ਸਭ ਕੁਝ ਨੌਜਵਾਨ ਪੀੜ੍ਹੀ ਦੀਆਂ ਹੱਡੀਆਂ ਨੂੰ ਕਮਜ਼ੋਰ ਕਰ ਰਹੇ ਹਨ। ਨਵੀਂ ਪੀੜ੍ਹੀ ਤਾਕਤਵਰ ਰਹੇ, ਹੱਡੀਆਂ ਮਜ਼ਬੂਤ ਰਹਿਣ, ਇਸ ਲਈ ਜ਼ਰੂਰੀ ਹੈ ਕਿ ਖਾਣਾ-ਪੀਣਾ ਪੌਸ਼ਟਿਕਤਾ ਨਾਲ ਭਰਪੂਰ ਹੋਵੇ। ਨਸ਼ੇ, ਕੋਲਡ ਡਰਿੰਕਸ (ਪੀਣ ਵਾਲੇ ਬਾਜ਼ਾਰ ਵਾਲੇ ਠੰਢੇ) ਤੋਂ ਦੂਰ ਰਹੋ। ਆਪਣੇ ਰੋਜ਼ਮਰ੍ਹਾ ਦੇ ਜੀਵਨ 'ਚ ਕਸਰਤ ਨੂੰ ਮਹੱਤਵ ਦਿਓ।-0-

ਸਾਡੀ ਖੇਤੀ

# ਨਰਮੇ ਦੀ ਕਾਸ਼ਤ ਪ੍ਰਤੀ ਉਤਸ਼ਾਹ ਜਗਾਉਣਾ ਬਹੁਤ ਜ਼ਰੂਰੀ

**ਜੀ.ਐੱਸ. ਰੁਮਾਣਾ ਅਤੇ ਰਾਜ ਕੁਮਾਰ**



ਝੋਨੇ ਦੀ ਫ਼ਸਲ ਪੰਜਾਬ ਦੇ ਕਾਸ਼ਤ ਅਧੀਨ ਰਕਬੇ ਦਾ ਤਕਰੀਬਨ 75 ਪ੍ਰਤੀਸ਼ਤ ਹਿੱਸਾ ਘੇਰ ਚੁੱਕੀ ਹੈ। ਇਸ ਦੌੜ ਵਿਚ ਨਰਮਾ ਪੱਟੀ ਦੇ ਕਈ ਕਿਸਾਨ ਧਰਤੀ ਹੇਠਲੇ ਬੇਹੱਦ ਮਾੜੇ ਪਾਣੀ ਨਾਲ ਵੀ ਝੋਨੇ/ਬਾਸਮਤੀ ਦੀ ਕਾਸ਼ਤ ਕਰਨ ਲੱਗ ਗਏ ਹਨ, ਜੋ ਕਿ ਇਕ ਬਹੁਤ ਹੀ ਮਾਰੂ ਰੁਝਾਨ ਹੈ ਕਿਉਂਕਿ ਇਸ ਨਾਲ ਜ਼ਮੀਨਾਂ ਵਿਚ ਕੱਲਰ ਦੀ ਸੰਭਾਵਨਾ ਵਧ ਜਾਂਦੀ ਹੈ। ਜੇ ਇਹ ਰੁਝਾਨ ਨਾ ਰੁਕਿਆ ਤਾਂ ਸਾਡੀਆਂ ਜ਼ਮੀਨਾਂ ਕਣਕ ਦੀ ਕਾਸ਼ਤ ਦੇ ਕਾਬਲ ਵੀ ਨਹੀਂ ਰਹਿਣੀਆਂ। ਬੇਸ਼ੱਕ ਪਿਛਲੇ ਕੁਝ ਕੁ ਸਾਲਾਂ ਤੋਂ ਚਿੱਟੀ ਮੱਖੀ ਅਤੇ ਗੁਲਾਬੀ ਸੁੰਡੀ ਨੇ ਨਰਮੇ ਦੀ ਫ਼ਸਲ 'ਤੇ ਸਵਾਲੀਆ ਚਿੰਨ੍ਹ ਲਾ ਦਿੱਤਾ ਹੈ ਪਰ ਹਾਲੇ ਵੀ ਦੱਖਣੀ-ਪੱਛਮੀ ਪੰਜਾਬ ਵਿਚ ਦੇ ਹਾਲਾਤਾਂ ਅਤੇ ਮੌਜੂਦਾ ਖੇਤੀ ਢਾਂਚੇ ਅਨੁਸਾਰ ਨਰਮੇ ਦੀ ਫ਼ਸਲ ਹੀ ਝੋਨੇ ਦਾ ਸਭ ਤੋਂ ਵਧੀਆ ਬਦਲ ਹੈ। ਖੇਤੀ ਵਿਗਿਆਨੀਆਂ, ਪਸਾਰ ਮਾਹਿਰਾਂ ਅਤੇ ਕਿਸਾਨਾਂ ਦੇ ਇਕਜੁਟ ਹੋ ਕੇ ਹੰਭਲੇ ਮਾਰਨ ਨਾਲ ਨਰਮੇ ਉੱਪਰ ਹੋਣ ਵਾਲੇ ਕੀਟਾਂ ਦੇ ਹਮਲੇ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਗੁਣਵੱਤਾ ਪੱਖੋਂ ਪੰਜਾਬ ਵਿਚ ਪੈਦਾ ਹੋਈ ਰੂੰ ਉੱਚੇ ਦਰਜੇ ਦੀ ਹੈ, ਜਿਸ ਦੀ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੰਡੀ ਵਿਚ ਬਹੁਤ ਮੰਗ ਹੈ। ਸਾਲ 2016 ਤੋਂ ਪੀ.ਏ.ਯੂ. ਅਤੇ ਰਾਜ ਦੇ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵਲੋਂ ਨਰਮੇ/ਕਪਾਹ ਦੀ ਸਫ਼ਲ ਕਾਸ਼ਤ ਲਈ ਵੱਡੇ ਪੱਧਰ 'ਤੇ ਚਲਾਈ ਗਈ ਮੁਹਿੰਮ ਸਦਕਾ ਸਾਲ 2017-18 ਵਿਚ ਪੰਜਾਬ ਵਿਚ ਨਰਮੇ ਦਾ ਪ੍ਰਤੀ ਹੈਕਟੇਅਰ ਝਾੜ (ਰੂੰ ਦੇ ਰੂਪ ਵਿਚ) 750 ਕਿੱਲੋਗ੍ਰਾਮ, 2018-19 ਵਿਚ 776 ਕਿੱਲੋਗ੍ਰਾਮ ਅਤੇ 2019-20 ਵਿਚ 827 ਕਿੱਲੋਗ੍ਰਾਮ 'ਤੇ ਜਾ ਪਹੁੰਚਿਆ ਜੋ ਕਿ ਹੁਣ ਤੱਕ ਦਾ ਰਿਕਾਰਡ ਝਾੜ ਸੀ। ਝੋਨੇ/ਬਾਸਮਤੀ ਲਈ 15-30 ਪਾਣੀਆਂ ਦੇ ਮੁਕਾਬਲੇ ਨਰਮੇ ਦੀ ਫ਼ਸਲ ਸਿਰਫ਼ 4-6 ਪਾਣੀਆਂ ਨਾਲ ਪਲ ਜਾਂਦੀ ਹੈ। ਨਰਮੇ ਅਤੇ ਝੋਨੇ ਦੀ ਪੀ.ਏ.ਯੂ. ਦੀਆਂ ਸਿਫ਼ਾਰਿਸ਼ਾਂ ਕੀਤੀ ਕਾਸ਼ਤ ਦੇ ਅਧਿਐਨ ਅਨੁਸਾਰ ਨਰਮੇ ਦੀ ਫ਼ਸਲ ਤੋਂ 40000 ਤੋਂ 60000 ਰੁਪਏ ਪ੍ਰਤੀ ਏਕੜ ਅਤੇ ਝੋਨੇ/ਬਾਸਮਤੀ ਤੋਂ 38000 ਤੋਂ 40000 ਰੁਪਏ ਪ੍ਰਤੀ ਏਕੜ ਦੀ ਬੱਚਤ ਹੋਣ ਦੀ ਸੰਭਾਵਨਾ ਹੁੰਦੀ ਹੈ। ਇਸ ਤੋਂ ਇਲਾਵਾ ਨਰਮੇ ਦਾ ਘੱਟੋ-ਘੱਟ ਸਮਰਥਨ ਮੁੱਲ ਸਰਕਾਰ ਵਲੋਂ ਨਿਰਧਾਰਿਤ ਕੀਤਾ ਜਾਂਦਾ ਹੈ ਪਰ ਬਾਸਮਤੀ ਦਾ ਨਹੀਂ। ਬਾਸਮਤੀ ਦੀਆਂ ਕੀਮਤਾਂ ਹਮੇਸ਼ਾ ਅਨਿਸ਼ਚਿਤ ਰਹਿੰਦੀਆਂ ਹਨ ਕਿਉਂਕਿ ਇਹ ਪ੍ਰਾਈਵੇਟ ਖਰੀਦਦਾਰਾਂ ਦੇ ਹੱਥ ਹੁੰਦੀਆਂ ਹਨ। ਪਿਛਲੇ ਦਹਾਕੇ ਵਿਚ ਬਾਸਮਤੀ ਦੀ ਮੰਡੀ ਵਿਚ ਕੀਮਤ 1200 ਰੁਪਏ ਤੋਂ ਲੈ ਕੇ 4500 ਰੁਪਏ ਪ੍ਰਤੀ ਕੁਇੰਟਲ ਤੱਕ ਰਹੀ ਹੈ। ਬਾਸਮਤੀ ਹੇਠ ਰਕਬਾ ਵਧਣ ਨਾਲ ਇਸ ਦੀਆਂ ਕੀਮਤਾਂ ਵਿਚ ਕਾਫ਼ੀ ਗਿਰਾਵਟ ਆ ਜਾਂਦੀ ਹੈ ਜਦੋਂ ਕਿ ਨਰਮੇ ਦਾ ਸਮਰਥਨ ਮੁੱਲ ਵਧਦਾ ਹੀ ਰਹਿੰਦਾ ਹੈ। ਯੂਰਪੀਅਨ ਯੂਨੀਅਨ ਵਲੋਂ ਬਾਸਮਤੀ ਵਿਚ ਵਰਤੇ ਜਾਂਦੇ ਉੱਲੀਨਾਸ਼ਕ ਰਸਾਇਣ (ਟਰਾਈਸਾਈਕਲਾਜੋਲ) ਦੀ ਰਹਿੰਦ-ਖੂੰਹਦ ਸੰਬੰਧੀ ਕਰੜੇ ਮਾਪਦੰਡ ਦੀਆਂ ਸ਼ਰਤਾਂ ਕਾਰਨ ਇਸ ਦੇ ਨਿਰਯਾਤ ਉੱਪਰ ਨਕਾਰਾਤਮਕ ਪ੍ਰਭਾਵ ਪੈ ਸਕਦਾ ਹੈ। ਬਾਸਮਤੀ ਦੇ ਭਾਅ ਵੀ ਇਸ ਦੇ ਨਿਰਯਾਤ 'ਤੇ ਨਿਰਭਰ ਕਰਦੇ ਹਨ। ਝੋਨੇ ਦੇ ਮੁਕਾਬਲੇ ਨਰਮੇ ਦੀ ਫ਼ਸਲ ਵਿਚ ਕਾਮਿਆਂ ਲਈ ਵੀ ਰੁਜ਼ਗਾਰ ਦੇ ਵਧੇਰੇ ਘੰਟੇ ਉਪਲਬੱਧ ਹੁੰਦੇ ਹਨ। ਝੋਨੇ/ਬਾਸਮਤੀ ਵਿਚ ਪ੍ਰਤੀ ਏਕੜ 110 ਤੋਂ 180 ਘੰਟੇ ਕੰਮ ਮਜ਼ਦੂਰਾਂ ਨੂੰ ਮਿਲਦਾ ਹੈ ਜਦੋਂ ਕਿ ਨਰਮੇ/ਕਪਾਹ ਵਿਚ 250 ਤੋਂ 400 ਘੰਟੇ ਤੱਕ ਕੰਮ ਦੀ ਜ਼ਰੂਰਤ ਹੈ। ਰਾਜ ਦੀ ਨਰਮਾ ਪੱਟੀ ਵਿਚ ਧਰਤੀ ਹੇਠਲੇ ਮਾੜੇ ਪਾਣੀ ਨਾਲ ਬਾਸਮਤੀ ਉਗਾਉਣਾ ਆਪਣੇ ਪੈਰੀਂ ਆਪ ਕੁਹਾੜਾ ਮਾਰਨਾ ਹੈ। ਇਸ ਲਈ ਇਸ ਇਲਾਕੇ ਵਿਚ ਨਹਿਰੀ ਪਾਣੀ ਨਾਲ ਨਰਮੇ ਦੀ ਕਾਸ਼ਤ ਕਰਨਾ ਇਕ ਸੂਝ-ਬੂਝ ਵਾਲਾ ਕਦਮ ਸਾਬਤ ਹੋ ਸਕਦਾ ਹੈ। ਇਸ ਨਾਲ ਜਿੱਥੇ ਜ਼ਮੀਨ ਬੰਜਰ ਹੋਣ ਤੋਂ ਬਚ ਸਕੇਗੀ, ਉੱਥੇ ਰੁਜ਼ਗਾਰ ਦੇ ਵੱਧ ਮੌਕੇ ਵੀ ਮਿਲਣਗੇ ਅਤੇ ਖੇਤੀ ਵਿਭਿੰਨਤਾ ਵੱਲ ਕਦਮ ਵੀ ਵਧਣਗੇ।

-ਇਕੋਨੋਮਿਕਸ ਅਤੇ ਸ਼ੋਸ਼ਿਆਲੋਜੀ ਵਿਭਾਗ
ਪੀ.ਏ.ਯੂ., ਲੁਧਿਆਣਾ।
ਮੋਬਾਈਲ: 79736-34974

## ਰਾਤ ਪੈ ਲੈਣ ਦੇ


**-ਜਨਮੇਜਾ ਸਿੰਘ ਜੌਹਲ**



ਬਹੁਤੇ ਲੋਕ ਰਾਤ ਤੋਂ ਡਰਦੇ ਹਨ। ਉਨ੍ਹਾਂ ਨੂੰ ਲੱਗਦਾ ਹੈ ਕਿ ਸਭ ਮਾੜੇ ਕੰਮ ਰਾਤ ਨੂੰ ਹੁੰਦੇ ਹਨ। ਚੋਰ ਉਚੱਕੇ ਲੁਟੇਰੇ ਰਾਤ ਨੂੰ ਨਿਕਲਦੇ ਹਨ। ਚਮਗਿੱਦੜ, ਉੱਲੂ ਵੀ ਰਾਤ ਦੇ ਰਾਜੇ ਹਨ। ਭੂਤ, ਚੁੜੇਲਾਂ ਵੀ ਰਾਤ ਨੂੰ ਹੀ ਸ਼ਿਕਾਰ ਕਰਦੇ ਹਨ। ਰੁੱਖ ਵੀ ਰਾਤ ਨੂੰ ਹੀ ਭੈੜੀ ਹਵਾ ਛੱਡਦੇ ਹਨ। ਪਰ ਰਾਤ ਐਨੀ ਮਾੜੀ ਨਹੀਂ ਹੁੰਦੀ। ਰਾਤ ਜੀਵਾਂ ਦੀ ਲੰਮੀ ਤੇ ਸਿਹਤਮੰਦ ਉਮਰ ਲਈ ਵਰਦਾਨ ਹੈ। ਰਾਤ ਨੂੰ ਸਾਡੇ ਸਾਰੇ ਅੰਗਾਂ ਨੂੰ ਜ਼ਰੂਰੀ ਆਰਾਮ ਮਿਲਦਾ ਹੈ, ਨਹੀਂ ਤਾਂ ਅਸੀਂ ਸਾਰਾ ਦਿਨ ਤੁਰ ਫਿਰਕੇ ਜਾਂ ਖਾਣ ਪੀਣ ਕਰਕੇ ਸਰੀਰ ਨੂੰ ਅੰਦਰੋਂ ਬਾਹਰੋਂ ਥਕਾ ਦਿੰਦੇ ਹਾਂ। ਦਿਨ ਵੇਲੇ ਸੂਰਜ ਦੀ ਤੇਜ਼ ਰੋਸ਼ਨੀ ਤੋਂ ਇਲਾਵਾ ਸੂਰਜ ਦੀ ਵੱਡੀ ਗੁਰੂਤਾ ਦੀ ਖਿੱਚ ਵੀ ਸਾਡੇ ਦਿਮਾਗ਼ ਨੂੰ ਭਕਾਈ ਰੱਖਦੀ ਹੈ। ਰਾਤ ਨੂੰ ਇਸ ਤੋਂ ਵੀ ਰਾਹਤ ਮਿਲਦੀ ਹੈ। ਰਾਤ ਨੂੰ ਟਿਮਟਿਮਾਉਂਦੇ ਤਾਰੇ ਲੱਖਾਂ ਲੋਕਾਂ ਨੂੰ ਕਵੀ ਬਣਾ ਚੁੱਕੇ ਹਨ। ਮੌਸਮ ਦੀ ਠੰਢਕ ਜੀਵਾਂ 'ਤੇ ਬਨਸਪਤੀ ਦੀ ਉੱਤਪਤੀ ਵਿਚ ਵਾਧਾ ਕਰਦੀ ਹੈ। ਸਭ ਤੋਂ ਵੱਧ ਹੁਸੀਨ ਹੁੰਦਾ ਹੈ, ਦਿਨ ਦਾ ਰਾਤ ਵਿਚ ਬਦਲਣਾ ਅਤੇ ਟੀਸੀ 'ਤੇ ਚੜ੍ਹ ਦੋਵੇਂ ਦ੍ਰਿਸ਼ ਇਕੋ ਵੇਲੇ ਮਾਨਣੇ।

# ਗੁਰਮਤਿ ਸੰਜੋਗ

ਆਪ ਜੀ ਨੂੰ ਜਾਣ ਕੇ ਅਤਿ ਪ੍ਰਸੰਨਤਾ ਹੋਵੇਗੀ ਕਿ ਗੁਰਸਿੱਖ ਬੱਚੇ/ਬੱਚੀਆਂ ਦੇ ਵਿਆਹ / ਅਨੰਦ ਕਾਰਜਾਂ ਲਈ ਜੀ.ਜੀ.ਐਮ.ਸੀ. ਵਿਖੇ ਮਾਸਿੱਖ ਪੱਤਰ 'ਗੁਰਮਤਿ ਵਿਰਸਾ' ਰਾਹੀਂ ਉਪਰਾਲੇ ਕੀਤੇ ਜਾ ਰਹੇ ਹਨ। ਹੁਣ ਆਪ ਇਸ ਸੇਵਾ ਦਾ ਹੋਰ ਫਾਇਦਾ ਲੈਣ ਲਈ ਆਪਣੇ ਬੱਚਿਆਂ ਦੀ ਪੋਸਟ ਕਾਰਡ ਸਾਇਜ਼ ਫੋਟੋ ਸਮੇਤ ਬਾਇਓ ਡਾਟਾ ਸੋਮਵਾਰ ਤੋਂ ਸ਼ੁੱਕਰਵਾਰ 12 ਤੋਂ 2 ਵਜੇ ਦੁਪਹਿਰ ਤਕ ਗੁਰਮਤਿ ਗਿਆਨ ਮਿਸ਼ਨਰੀ ਕਾਲਜ, ਪੰਜਾਬੀ ਬਾਗ, ਜਵੱਦੀ ਵਿਖੇ ਮਿਲਣ ਦੀ ਕ੍ਰਿਪਾਲਤਾ ਕਰੋ ਜੀ। ਫਾਰਮ ਭਰਨ ਦੀ ਫੀਸ ਕੇਵਲ ਇਕ ਵਾਰ 500/- ਰੁਪਏ ਲਈ ਜਾਵੇਗੀ। ਸਾਰੀ ਜਾਣਕਾਰੀ ਗੁਪਤ ਰੱਖੀ ਜਾਵੇਗੀ।



**ਜਿਨ੍ਹਾਂ ਇਸ਼ਤਿਹਾਰਦਾਤਾਵਾਂ ਦੇ ਰਿਸ਼ਤੇ ਹੋ ਗਏ ਹਨ, ਕ੍ਰਿਪਾ ਕਰਕੇ ਫੋਨ ਨੰਬਰ 97819-90206 'ਤੇ ਸੰਪਰਕ ਕਰਕੇ ਜ਼ਰੂਰ ਦੱਸੋ ਜੀ, ਤਾਂ ਜੋ ਕਿਸੇ ਹੋਰ ਲੋੜਵੰਦ ਦਾ ਇਸ਼ਤਿਹਾਰ ਲਗਾਉਣ ਲਈ ਜਗ੍ਹਾ ਮਿਲ ਸਕੇ।**

## ਲਾੜੀ ਦੀ ਲੋੜ

**ਫਾਰਮ ਨੰ. 347**

ਲੁਧਿਆਣਾ ਵਾਸੀ, ਜਨਮ ਮਿਤੀ 18-11-88, ਕੱਦ 5'-7", 10th & (Information Technology Diploma Holder) Doing Job is Sangrur Court, Salary 30,000/- PM, may be IELTS clear, No Dowery, ਬਿਨਾਂ ਨੱਕ-ਕੰਨ ਛੇਦੇ, ਲੜਕੀ ਦੀ ਲੋੜ ਹੈ। ਸੰਪਰਕ: 98881-00755

**ਫਾਰਮ ਨੰ. 348**

ਨਵਾਂਸ਼ਹਿਰ ਵਾਸੀ, ਜਨਮ ਮਿਤੀ 23-11-86, ਕੱਦ 5'-10", ਕੰਪਿਊਟਰ ਡਿਪਲੋਮਾ, ਆਪਣਾ ਬਿਜ਼ਨੈਸ ਲੜਕੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98152-92643, 80549-37410

**ਫਾਰਮ ਨੰ. 350**

ਲੁਧਿਆਣਾ ਵਾਸੀ, ਤਲਾਕਸ਼ੁਦਾ, ਜਨਮ ਮਿਤੀ 19-11-1990, ਕੱਦ 5'-3", BA, Computer Course, Business ਕਰਦੇ ਲਈ ਲੜਕੀ ਦੀ ਲੋੜ ਹੈ। ਸੰਪਰਕ: 98882-77889

**ਫਾਰਮ ਨੰ. 351**

ਲੁਧਿਆਣਾ ਵਾਸੀ, ਜਨਮ ਮਿਤੀ 26-05-1991, ਕੱਦ 5'-11", BBA, MBA, Senior Business Officer in Pharma MNC Company ਲਈ ਗੁਰਸਿੱਖ ਲੜਕੀ ਦੀ ਲੋੜ ਹੈ। ਸੰਪਰਕ: 97795-85956

**ਫਾਰਮ ਨੰ. 353**

ਲੁਧਿਆਣਾ ਵਾਸੀ, ਜਨਮ ਮਿਤੀ 29-08-1994, ਕੱਦ 5'-5", 12th Pass, Businessman ਲਈ ਲੜਕੀ ਦੀ ਲੋੜ ਹੈ। ਸੰਪਰਕ: 78887-27296, 9914924920

**ਫਾਰਮ ਨੰ. 355**

ਜਲੰਧਰ ਵਾਸੀ ਅੰਮ੍ਰਿਤਧਾਰੀ, ਜਨਮ ਮਿਤੀ 04-01-1986, ਕੱਦ 5'-10", B.Tech, MBA, Job: SBI Card as Assistant Vice President, Posted in Gurgaon ਲਈ ਵੈਜੀਟੇਰੀਅਨ, ਗੁਰੂ ਗ੍ਰੰਥ ਸਾਹਿਬ ਵਿਚ ਯਕੀਨ ਰੱਖਣ ਵਾਲੀ ਲੜਕੀ ਦੀ ਲੋੜ ਹੈ- ਸੰਪਰਕ 97791-48911, 97790-48911

**ਫਾਰਮ ਨੰ. 356**

ਦਿੱਲੀ ਵਾਸੀ, ਜਨਮ ਮਿਤੀ 02-03-1992, ਕੱਦ 5'-6", 10+2, Own Restaurant & One Shop Rented in Janakpuri ਲਈ ਯੋਗ ਲੜਕੀ ਦੀ ਲੋੜ ਹੈ- ਸੰਪਰਕ 99147-92225, 98114-49930

**ਫਾਰਮ ਨੰ. 358**

ਲੰਡਨ ਵਾਸੀ, ਗੁਰਸਿੱਖ, ਜਨਮ 1989, ਕੱਦ 6'-1", M.Sc. (Computer) working as a Network Eng. ਲਈ ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ 0044-7904050832

**ਫਾਰਮ ਨੰ. 360**

ਲੁਧਿਆਣਾ ਵਾਸੀ, ਜਨਮ 17-10-1994, ਕੱਦ 5'-11", B. Tech. (ਬਿਜਲੀ ਬੋਰਡ ਵਿਚ JE) ਲਈ ਅੰਮ੍ਰਿਤਧਾਰੀ, ਪੜ੍ਹੀ ਲਿਖੀ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 85688-22417, 84377-04610

**ਫਾਰਮ ਨੰ. 363**

ਲੁਧਿਆਣਾ ਵਾਸੀ, ਜਨਮ 28-09-1991, ਕੱਦ 5'-7", +2, One year diploma in Manifold, Manifold Operator in Mediway Hospital ਲਈ ਦਾਜ ਰਹਿਤ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98882-91607

**ਫਾਰਮ ਨੰ. 365**

ਲੁਧਿਆਣਾ ਵਾਸੀ, ਜਨਮ 22-01-1991, ਕੱਦ 5'-8", B.A. ਆਪਣਾ ਕਾਰੋਬਾਰ ਲਈ ਘਰੇਲੂ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 92171-13272, 99883-34032

**ਫਾਰਮ ਨੰ. 366**

ਲੁਧਿਆਣਾ ਵਾਸੀ, ਜਨਮ 1991, ਕੱਦ, 5'-9", B.Tech (Mechanical Engg.) ਆਪਣਾ ਕਾਰੋਬਾਰ (ਹਾਰਡਵੇਅਰ) ਲਈ ਪੜ੍ਹੀ-ਲਿਖੀ, ਗੁਰਸਿੱਖ, ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 94173-86867

**ਫਾਰਮ ਨੰ. 367**

ਲੁਧਿਆਣਾ ਵਾਸੀ, ਜਨਮ ਮਿਤੀ 10-08-1984, ਕੱਦ, 5'-8", 10+2 (Non Medical), Marketing Job in Jivo Canola Oil, ਲਈ ਸੁਚੱਜੀ ਲੜਕੀ ਦੀ ਲੋੜ ਹੈ। ਸੰਪਰਕ 98723-30471, 83608-14845

**ਫਾਰਮ ਨੰ. 368**

ਲੁਧਿਆਣਾ ਵਾਸੀ, ਅਰੋੜਾ ਸਿੱਖ, ਜਨਮ ਮਿਤੀ 07-09-1992, ਕੱਦ, 5'-11", (Well Established Chartered Accountant ਲਈ ਬਰਾਬਰ ਦੀ ਯੋਗਤਾ ਵਾਲੀ ਸੁੰਦਰ ਅਤੇ ਸੁਘੜ (ਦਾਜ ਰਹਿਤ) ਲੜਕੀ ਦੀ ਲੋੜ ਹੈ। ਜਾਤੀ ਬੰਧਨ ਕੋਈ ਨਹੀਂ। ਸੰਪਰਕ: 98151-22379, 95010-19163 -0-

**ਫਾਰਮ ਨੰ. 369**

ਕੈਨੇਡਾ ਵਿਚ ਪੜ੍ਹਾਈ ਪੂਰੀ ਕਰ ਚੁੱਕੇ ਲੁਧਿਆਣਾ ਵਾਸੀ, ਗੁਰਸਿੱਖ ਅੰਮ੍ਰਿਤਧਾਰੀ, ਜਨਮ ਮਿਤੀ 4-7-1995, ਕੱਦ 5'-8" B.C.A, MBA, ਲਈ ਅੰਮ੍ਰਿਤਧਾਰੀ ਲੜਕੀ ਦੀ ਲੋੜ ਹੈ। ਸੰਪਰਕ: 98150-80530

**ਫਾਰਮ ਨੰ. 370**

ਲੁਧਿਆਣਾ ਵਾਸੀ, ਜਨਮ ਮਿਤੀ 10-10-92, ਕੱਦ 5'-4" ਮੈਟ੍ਰਿਕ ਪਾਸ, ਪ੍ਰਾਈਵੇਟ ਜੋਬ 18000/-, ਆਪਣਾ ਮਕਾਨ ਲਈ ਲੜਕੀ ਦੀ ਲੋੜ ਹੈ। ਸੰਪਰਕ: 9988331841, 98884-40967

**ਫਾਰਮ ਨੰ. 371**

ਲੁਧਿਆਣਾ ਵਾਸੀ, ਜਨਮ ਮਿਤੀ 06-12-91, ਕੱਦ 5'-10" M.Com, MBA, Bed., ਆਮਦਨ 50000/- ਮਹੀਨਾ, Teaching & Self Coaching Centre ਲਈ ਲੜਕੀ ਦੀ ਲੋੜ ਹੈ। ਸੰਪਰਕ: 98143-84999

**ਫਾਰਮ ਨੰ. 372**

ਲੁਧਿਆਣਾ ਵਾਸੀ, ਜਨਮ ਮਿਤੀ 13-7-94, ਕੱਦ 5'-8" B-Tech Elec. Engineering, Settled in Canada ਲਈ ਲੜਕੀ ਦੀ ਲੋੜ ਹੈ। ਸੰਪਰਕ: 94647-63356 -0-

**ਫਾਰਮ ਨੰ. 373**

ਲੁਧਿਆਣਾ ਵਾਸੀ, ਜਨਮ ਮਿਤੀ 11-10-90, ਕੱਦ 6', 10+2, ਪ੍ਰਾਈਵੇਟ ਨੌਕਰੀ, 1.80 ਲੱਖ ਸਾਲਾਨਾ, ਘਰੇਲੂ ਲੜਕੀ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਸੰਪਰਕ: 98767-99132

-0-

## ਲਾੜੇ ਦੀ ਲੋੜ

**ਫਾਰਮ ਨੰ. 344**

ਲੁਧਿਆਣਾ ਵਾਸੀ, ਜਨਮ ਅਕਤੂਬਰ 1994, ਕੱਦ 5'-3", MBBS, Study (USEMLI) ਡਾਕਟਰ ਲੜਕੀ ਲਈ ਗੁਰਸਿੱਖ ਡਾਕਟਰ ਲੜਕੇ ਦੀ ਲੋੜ ਹੈ। ਸੰਪਰਕ: 97797-59542

**ਫਾਰਮ ਨੰ. 361**

ਜਲੰਧਰ ਵਾਸੀ, ਗੁਰਸਿੱਖ ਅੰਮ੍ਰਿਤਧਾਰੀ ਵਿਡੋ (Widow) ਲੜਕੀ, ਜਨਮ ਮਿਤੀ 5-11-1981, MCA ਲਈ ਅੰਮ੍ਰਿਤਧਾਰੀ ਲੜਕੇ ਦੀ ਲੋੜ ਹੈ। ਸੰਪਰਕ: 98728-10427

**ਫਾਰਮ ਨੰ. 364**

ਲੁਧਿਆਣਾ ਵਾਸੀ, ਤਲਾਕਸ਼ੁਦਾ ਲੜਕੀ, ਜਨਮ ਮਿਤੀ 11-11-1988, B.A., E.T.T., N.T.T. Teacher ਲਈ ਲੜਕੇ ਦੀ ਲੋੜ ਹੈ। ਸੰਪਰਕ: 9501894943, 98765-55925

**ਫਾਰਮ ਨੰ. 374**

ਪੀਲੀਭੀਤ ਵਾਸੀ, ਅੰਮ੍ਰਿਤਧਾਰੀ, ਜਨਮ ਮਿਤੀ 16-06-1997, M.A., B.ed. ਲਈ ਯੋਗ ਵਰ ਦੀ ਲੋੜ ਹੈ। ਸੰਪਰਕ: 94128-69007, 80062-35004 -0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਚਲਾਏ ਜਾ ਰਹੇ ਪ੍ਰਚਾਰ ਕੇਂਦਰਾਂ ਦੀਆਂ ਅਪ੍ਰੈਲ ਮਹੀਨੇ ਦੀਆਂ ਸਰਗਰਮੀਆਂ

**ਮਾਝਾ:-**

**1. ਚੋਹਲਾ ਸਾਹਿਬ (95924-72453)-** ਕੇਂਦਰ ਦੇ ਪ੍ਰਚਾਰਕ ਭਾਈ ਦਿਲਰਾਜ ਸਿੰਘ ਵੱਲੋਂ 3 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਗੁਰ ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ।

**2. ਤਰਨ-ਤਾਰਨ (88472-67156)-** ਕੇਂਦਰ ਦੇ ਪ੍ਰਚਾਰਕ ਭਾਈ ਗੁਰਪ੍ਰੀਤ ਸਿੰਘ ਵੱਲੋਂ 6 ਪਿੰਡਾਂ ਵਿੱਚ ਅਤੇ 2 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਸੰਥਿਆ, ਇਤਿਹਾਸ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਖਾਲਸਾ ਸਾਜਨਾ ਦਿਵਸ ਦੇ ਸੰਬੰਧ ਵਿੱਚ ਪਿੰਡ ਨੱਥੂ ਚੱਕ ਦੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਵਿਖੇ ਵੀਚਾਰਾਂ ਕੀਤੀਆਂ ਗਈਆਂ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**3. ਡੱਲ (98149-31134)-** ਕੇਂਦਰ ਦੇ ਪ੍ਰਚਾਰਕ ਭਾਈ ਸੁਖਵਿੰਦਰ ਸਿੰਘ ਖਾਲੜਾ ਵਲੋਂ 4 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਪਿੰਡ ਭਿੱਖੀਵਿੰਡ ਵਿਖੇ ਹਰ ਰੋਜ਼ ਗਤਕਾ, ਕੀਰਤਨ ਅਤੇ ਟਿਊਸ਼ਨ ਕਲਾਸ ਲਗਾਈ ਜਾਂਦੀ ਹੈ।

**4. ਮਾਲੂਵਾਲ (98885-20250)-** ਕੇਂਦਰ ਦੇ ਪ੍ਰਚਾਰਕ ਭਾਈ ਨਿਰਮਲ ਸਿੰਘ ਵਲੋਂ 7 ਪਿੰਡਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ। ਪਿੰਡਾਂ ਵਿੱਚ ਲੱਗ ਰਹੀਆਂ ਕਲਾਸਾਂ ਵਿੱਚ ਬੱਚਿਆਂ ਨਾਲ ਖਾਲਸਾ ਸਾਜਨਾ ਦਿਵਸ ਵੈਸਾਖੀ ਸੰਬੰਧੀ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ। ਖਾਲਸਾ ਸਾਜਨਾ ਦਿਵਸ ਵੈਸਾਖੀ ਨੂੰ ਸਮਰਪਿਤ ਪਿੰਡ ਜਰਮੱਸਤਪੁਰ ਵਿਖੇ ਕਰਵਾਏ ਗਏ ਗੁਰਮਤਿ ਸਮਾਗਮ ਅਤੇ ਧਰਮ ਪ੍ਰਚਾਰ ਕਮੇਟੀ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ ਵਲੋਂ ਅੰਮ੍ਰਿਤ ਸੰਚਾਰ ਵਿੱਚ 19 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ।

**ਮਾਲਵਾ:-**

**5. ਰਤਨਗੜ੍ਹ ਸਿੰਧੜਾਂ (80543-49970)-** ਪ੍ਰਚਾਰਕ ਭਾਈ ਗੁਰਬਾਜ ਸਿੰਘ ਜੀ ਵਲੋਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸ਼ਾਮ 4 ਤੋਂ 5 ਵਜੇ ਤੱਕ ਪਿੰਡ ਮੁਨਸ਼ੀਵਾਲਾ ਵਿਖੇ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। ਸੋਮਵਾਰ ਤੋਂ ਸ਼ਨੀਵਾਰ ਤੱਕ ਸ਼ਾਮ 6 ਤੋਂ 7 ਵਜੇ ਤੱਕ ਪਿੰਡ ਖਨਾਲ ਕਲਾਂ ਵਿਖੇ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। ਸ਼ਨੀਵਾਰ ਸ਼ਾਮ 4 ਤੋਂ 5 ਵਜੇ ਤੱਕ ਪਿੰਡ ਤੂਰ ਵਣਜਾਰਾ ਵਿਖੇ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। ਹਰ ਐਤਵਾਰ ਸਵੇਰੇ 8:30 ਤੋਂ 10 ਵਜੇ ਤੱਕ ਪਿੰਡ ਮੁਨਸ਼ੀਵਾਲਾ ਅਤੇ 10 ਤੋਂ 12 ਵਜੇ ਤੱਕ ਪਿੰਡ ਰਤਨਗੜ੍ਹ ਸਿੰਧੜਾਂ ਅਤੇ 2 ਤੋਂ 3 ਵਜੇ ਤੱਕ ਖਨਾਲ ਕਲਾਂ ਵਿਖੇ ਅਤੇ ਸ਼ਾਮ 4 ਤੋਂ 5 ਵਜੇ ਤੱਕ ਪਿੰਡ ਤੂਰ ਵਣਜਾਰਾ ਵਿਖੇ ਬੱਚਿਆਂ ਦੀ ਕਲਾਸ ਲਗਾਈ ਜਾਂਦੀ ਹੈ। 30 ਬੱਚੇ ਸਹਿਜ ਪਾਠ ਕਰ ਰਹੇ ਹਨ।

**6. ਪਟਿਆਲਾ (87289-34413)-** ਪ੍ਰਚਾਰਕ ਬੀਬੀ ਬਲਜੀਤ ਕੌਰ ਵਲੋਂ ਪਿੰਡ ਅਨੈਤਪੁਰ ਵਿਖੇ ਸ਼ਾਮ ਦੇ ਦੀਵਾਨਾਂ ਦੀ ਹਾਜ਼ਰੀ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸ ਸਾਹਿਬ ਦਾ ਪਾਠ, ਅਰਦਾਸ, ਹੁਕਨਾਮਾ ਅਤੇ ਸੁਖਆਸਨ ਦੀ ਸੇਵਾ ਕੀਤੀ ਜਾਂਦੀ ਹੈ। ਪਟਿਆਲਾ ਦੇ ਵਿਦਿਆ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਸਿਖਲਾਈ ਵੀ ਦਿੱਤੀ ਜਾਂਦੀ ਹੈ।

**7. ਪਟਿਆਲਾ (98788-13795)-** ਪ੍ਰਚਾਰਕ ਬੀਬੀ ਸੁਖਮਨੀ ਕੌਰ ਵਲੋਂ ਪਿੰਡ ਬੱਲਰਾਂ ਵਿਖੇ ਸ਼ਾਮ ਦੇ ਦੀਵਾਨਾਂ ਦੀ ਹਾਜ਼ਰੀ ਬੱਚਿਆਂ ਵਲੋਂ ਨਿਭਾਈ ਜਾਂਦੀ ਹੈ, ਜਿਸ ਵਿੱਚ ਰਹਿਰਾਸ ਸਾਹਿਬ ਦਾ ਪਾਠ, ਅਰਦਾਸ, ਹੁਕਨਾਮਾ ਅਤੇ ਸੁਖਆਸਨ ਦੀ ਸੇਵਾ ਕੀਤੀ ਜਾਂਦੀ ਹੈ। ਪਟਿਆਲਾ ਦੇ ਵਿਦਿਆ ਨਗਰ ਦੇ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਦੀਵਾਨਾਂ ਦੀ ਸੇਵਾ ਨਿਭਾਈ ਜਾਂਦੀ ਹੈ। ਬੱਚਿਆਂ ਨੂੰ ਦਸਤਾਰ ਸਿਖਲਾਈ ਅਤੇ ਗੁਰ ਇਤਿਹਾਸ ਜੋੜਿਆ ਜਾਂਦਾ ਹੈ।

**8. ਲਤਾਲਾ (98556-27927)-** ਕੇਂਦਰ ਦੇ ਪ੍ਰਚਾਰਕ ਭਾਈ ਰੁਪਿੰਦਰ ਸਿੰਘ ਵੱਲੋਂ 4 ਸਕੂਲਾਂ ਵਿੱਚ ਅਤੇ 4 ਪਿੰਡਾਂ ਵਿੱਚ ਗੁਰਮਤਿ ਦੀਆਂ ਕਲਾਸਾਂ ਜਾਂਦੀਆਂ ਹਨ। ਵੈਸਾਖੀ ਦੇ ਸੰਬੰਧ ਵਿੱਚ ਪਿੰਡ ਭੈਣੀ ਰੋੜਾ ਵਿਖੇ ਦਸਤਾਰ ਸਿਖਲਾਈ ਕੈਂਪ ਲਗਾਇਆ ਗਿਆ। ਪਿੰਡ ਕਲਸੀਆਂ ਵਿਖੇ ਲੰਮੇ ਕੇਸ ਅਤੇ ਦਸਤਾਰ ਮੁਕਾਬਲੇ ਕਰਵਾਏ ਗਏ, ਜੇਤੂ ਬੱਚਿਆਂ ਨੂੰ ਇਨਾਮ ਦਿੱਤੇ ਗਏ। ਭਾਈ ਰੁਪਿੰਦਰ ਸਿੰਘ ਵੱਲੋਂ ਵੈਸਾਖੀ ਦੇ ਸੰਬੰਧ ਵਿੱਚ ਸੰਗਤ ਨਾਲ ਵਿਚਾਰ ਸਾਂਝੇ ਕੀਤੇ ਗਏ ਅਤੇ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ। ਮੰਡੀ ਅਹਿਮਦਗੜ੍ਹ ਅਤੇ ਨਾਰੰਗਵਾਲ ਵਿਖੇ ਕਿਤਾਬਾਂ ਦੀ ਸਟਾਲ ਲਗਾਈ ਗਈ। ਪਿੰਡ ਬੱਸੀਆਂ ਵਿਖੇ ਦਸਤਾਰ ਮੁਕਾਬਲੇ ਕਰਵਾਏ ਗਏ। ਪਿੰਡ ਲਤਾਲਾ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਬੱਚਿਆਂ ਨੇ ਕਵਿਤਾਵਾਂ ਅਤੇ ਲੈਕਚਰ ਦੁਆਰਾ ਪੇਸ਼ਕਾਰੀ ਕੀਤੀ। ਗੁਰੂ ਨਾਨਕ ਪਬਲਿਕ ਸਕੂਲ ਬੱਸੀਆਂ ਵਿਖੇ ਸਕੂਲੀ ਵਿਦਿਆਰਥੀਆਂ ਦੇ ਦਸਤਾਰ ਅਤੇ ਦੁਮਾਲਾ ਮੁਕਾਬਲੇ ਕਰਵਾਏ ਗਏ ਅਤੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। 3 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**9. ਗਲੋਲੀ (76962-16025)-** ਕੇਂਦਰ ਦੇ ਪ੍ਰਚਾਰਕ ਭਾਈ ਰਾਹੁਲਵੀਰ ਸਿੰਘ ਵਲੋਂ ਪਿੰਡ ਗਲੋਲੀ ਦੇ ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਸੋਮਵਾਰ ਤੋਂ ਲੈ ਕੇ ਸ਼ੁੱਕਰਵਾਰ ਤੱਕ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ।

**10. ਬੁਗਰਾ (98555-31984)-** ਪ੍ਰਚਾਰਕ ਭਾਈ ਜਗਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਵਲੋਂ ਗੁਰਦੁਆਰਾ ਪਾਤਸ਼ਾਹੀ ਨੌਵੀਂ ਪਿੰਡ ਬੁਗਰਾ ਵਿਖੇ ਰੋਜ਼ਾਨਾ ਸਵੇਰੇ ਲੜੀਵਾਰ ਸ਼ਬਦ-ਵੀਚਾਰ ਕੀਤੀ ਜਾਂਦੀ ਹੈ। ਖਾਲਸਾ ਪ੍ਰਗਟ ਦਿਵਸ ਮੌਕੇ ਹੋਏ ਗੁਰਮਤਿ ਸਮਾਗਮ ਵਿੱਚ ਬੱਚਿਆਂ ਅਤੇ ਨੌਜਵਾਨਾਂ ਦਾ ਦਸਤਾਰ ਸਿਖਲਾਈ ਮੁਕਾਬਲਾ ਕਰਵਾਇਆ ਗਿਆ, ਜਿਸ ਵਿੱਚ ਪਹਿਲੇ, ਦੂਜੇ ਤੇ ਤੀਜੇ ਸਥਾਨ 'ਤੇ ਆਉਣ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਖਾਲਸਾ ਪ੍ਰਗਟ ਦਿਵਸ ਮੌਕੇ 37 ਪ੍ਰਾਣੀਆਂ ਨੇ ਖੰਡੇ ਬਾਟੇ ਦੀ ਪਾਹੁਲ ਛਕੀ ਹੈ। 4 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ 5 ਬੱਚਿਆਂ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**11. ਗੁੱਜਰਵਾਲ (94655-66666)-** ਕੇਂਦਰ ਦੇ ਪ੍ਰਚਾਰਕ ਭਾਈ ਅਮਰਪ੍ਰੀਤ ਸਿੰਘ ਵੱਲੋਂ 6 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾਈਆਂ ਗਈਆਂ ਹਨ। ਨਾਰੰਗਵਾਲ, ਗੁੱਜਰਵਾਲ ਅਤੇ ਸਹੋਲੀ ਵਿਖੇ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀਆਂ ਗਈਆਂ। 25 ਬੱਚੇ ਸਹਿਜ ਪਾਠ ਕਰ ਰਹੇ ਹਨ।

**12. ਖਨਾਲ ਖੁਰਦ (62390-80242)-** ਪ੍ਰਚਾਰਕ ਭਾਈ ਕੁਲਦੀਪ ਸਿੰਘ ਜੀ ਵਲੋਂ ਖਨਾਲ ਖੁਰਦ ਦੇ ਗੁਰਦੁਆਰਾ ਸਾਹਿਬ ਵਿਖੇ ਸਵੇਰ-ਸ਼ਾਮ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। ਦੁਪਹਿਰ ਨੂੰ ਬੀਬੀਆਂ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ, ਸ਼ਾਮ ਨੂੰ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ ਅਤੇ ਸ਼ਾਮ ਨੂੰ 8 ਤੋਂ 9 ਵਜੇ ਤੱਕ ਵੀਰਾਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। 45 ਬੱਚੇ ਸਹਿਜ ਪਾਠ ਕਰ ਰਹੇ ਹਨ।

**13. ਚੁੱਪਕੀਤੀ (98777-94586)-** ਪ੍ਰਚਾਰਕ ਭਾਈ ਹਰਜੀਤ ਸਿੰਘ ਜੀ ਵਲੋਂ 4 ਪਿੰਡਾਂ ਵਿੱਚ ਹਰ ਰੋਜ਼ ਗੁਰਮਤਿ ਕਲਾਸਾਂ ਲਗਾ ਕੇ ਬੱਚਿਆਂ ਨੂੰ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾਂਦੀ ਹੈ। 16 ਅਪ੍ਰੈਲ ਨੂੰ ਕੇਂਦਰ ਵਿਖੇ ਵਿਸ਼ੇਸ਼ ਤੌਰ ਤੇ ਕੈਪਟਨ ਅਵਤਾਰ ਸਿੰਘ ਜੀ ਵਲੋਂ ਸਾਰੀਆਂ ਕਲਾਸਾਂ ਵਿੱਚ ਪਹੁੰਚ ਕੇ ਬੱਚਿਆਂ ਅਤੇ ਸੰਗਤ ਨਾਲ ਵੀਚਾਰਾਂ ਦੀ ਸਾਂਝ ਪਾਈ ਗਈ। ਹਰ ਐਤਵਾਰ ਨੂੰ ਪਿੰਡ ਮੱਲੀਆਂ ਵਾਲਾ ਦੇ ਗੁਰਦੁਆਰਾ ਸਾਹਿਬ ਵਿਖੇ ਸੰਗਤ ਨਾਲ ਕਥਾ-ਵੀਚਾਰ ਦੀ ਸਾਂਝ ਪਾਈ ਜਾਂਦੀ ਹੈ। 50 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**14. ਘਨੌਲੀ (86998-99996)-** ਪ੍ਰਚਾਰਕ ਭਾਈ ਅਜੀਤ ਸਿੰਘ ਵਲੋਂ 12 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ

ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਬੱਚਿਆਂ ਦੀਆਂ ਗੱਤਕਾ ਸਿਖਲਾਈ ਅਤੇ ਗੁਰਬਾਣੀ ਕੀਰਤਨ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ।

**15. ਘਨੌਲੀ (81460-16099)-** ਪ੍ਰਚਾਰਕ ਭਾਈ ਪਰਮਵੀਰ ਸਿੰਘ ਵਲੋਂ 13 ਪਿੰਡਾਂ ਵਿੱਚ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਵੱਖ-ਵੱਖ ਪਿੰਡਾਂ ਵਿੱਚ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਲਗਾਈਆਂ ਜਾਂਦੀਆਂ ਹਨ। ਸਹਿਜ ਪਾਠ ਚਲਦੇ ਹਨ।

**ਦੁਆਬਾ**

**16. ਸ੍ਰੀ ਗੁਰੂ ਸਿੰਘ ਸਭਾ ਗੁਰਮਤਿ ਪ੍ਰਚਾਰ ਕੇਂਦਰ (ਨਵਾਂ ਸ਼ਹਿਰ) (87290-86035)-** ਪ੍ਰਚਾਰਕ ਭਾਈ ਸਿਮਰਪ੍ਰੀਤ ਸਿੰਘ ਵਲੋਂ ਹਰ ਐਤਵਾਰ ਪਿੰਡ ਪਨਾਮ, ਬਰਨਾਲਾ ਅਤੇ ਮਜਾਰੀ ਵਿਖੇ ਗੁਰਮਤਿ ਕਲਾਸਾਂ ਲਗਾਈਆਂ ਜਾਂਦੀਆਂ ਹਨ, ਜਿਸ ਵਿੱਚ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਹਰ ਸੋਮਵਾਰ, ਮੰਗਲਵਾਰ ਅਤੇ ਬੁੱਧਵਾਰ ਨੂੰ ਪਿੰਡ ਸਾਹਲੋਂ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਵੀਰਵਾਰ ਨੂੰ ਗੁਰੂ ਤੇਗ ਬਹਾਦਰ ਨਗਰ ਨਵਾਂ ਸ਼ਹਿਰ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਸ਼ੁੱਕਰਵਾਰ ਨੂੰ ਜੈ ਭਾਰਤ ਮਾਡਲ ਸਕੂਲ ਸਮੁੰਦੜਾ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਹਰ ਸ਼ਨੀਵਾਰ ਬਾਬਾ ਵਜੀਰ ਸਿੰਘ ਪਬਲਿਕ ਸਕੂਲ ਨਵਾਂ ਸ਼ਹਿਰ ਵਿਖੇ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਕੇਂਦਰ ਵਲੋਂ 350 ਪ੍ਰਾਣੀ online ਗੁਰਬਾਣੀ ਸੰਥਿਆ ਕਰ ਰਹੇ ਹਨ। 4 ਬੱਚਿਆਂ ਨੇ ਸਹਿਜ ਪਾਠ ਆਰੰਭ ਕੀਤੇ ਹਨ।

**17. ਭਾਈ ਤਿਲਕਾ ਜੀ (ਗੜ੍ਹਸ਼ੰਕਰ) (94654-93275)-** ਪ੍ਰਚਾਰਕ ਭਾਈ ਦਵਿੰਦਰ ਸਿੰਘ ਵਲੋਂ ਰੋਜ਼ਾਨਾ ਗੁਰਮਤਿ ਵੀਚਾਰਾਂ ਕੀਤੀਆਂ ਜਾਂਦੀਆਂ ਹਨ। ਹਰ ਮੰਗਲਵਾਰ ਨੂੰ ਸੰਗਤ ਦੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ।

**18. ਚੱਕ ਸਿੰਘਾ (98553-99892)-** ਪ੍ਰਚਾਰਕ ਭਾਈ ਪ੍ਰਭਸ਼ਰਨਜੀਤ ਸਿੰਘ ਵਲੋਂ ਗੁਰਦੁਆਰਾ ਸਾਹਿਬ ਵਿਖੇ ਹਰ ਰੋਜ਼ ਨਿਤਨੇਮ ਅਤੇ ਕਥਾ ਵੀਚਾਰ ਕੀਤੀ ਜਾਂਦੀ ਹੈ। ਹਰ ਰੋਜ਼ ਸ਼ਾਮ ਨੂੰ ਬੱਚਿਆਂ ਦੀ ਗੁਰਬਾਣੀ ਸੰਥਿਆ ਦੀ ਕਲਾਸ ਲਗਾਈ ਜਾਂਦੀ ਹੈ। ਗੁਰਦੁਆਰਾ ਸਾਹਿਬ ਵਿੱਚ ਹਫਤਾਵਾਰੀ ਗੁਰਮਤਿ ਸਮਾਗਮ ਕੀਤਾ ਜਾਂਦਾ ਹੈ। 20 ਬੱਚੇ ਸਹਿਜ ਪਾਠ ਕਰ ਰਹੇ ਹਨ।

**19. ਭੋਗਪੁਰ (99148-38148)-** ਪ੍ਰਚਾਰਕ ਭਾਈ ਸੁਖਦੀਪ ਸਿੰਘ ਵਲੋਂ 2 ਪਿੰਡਾਂ ਵਿੱਚ ਅਤੇ 4 ਸਕੂਲਾਂ ਵਿੱਚ ਗੁਰਮਤਿ ਕਲਾਸਾਂ ਲਗਾ ਕੇ ਸਿੱਖੀ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ। ਵਿਸਾਖੀ ਮੌਕੇ ਪਿੰਡ ਸਨੌਰਾ ਅਤੇ ਲੜੋਆ ਵਿਖੇ ਹੋਏ ਗੁਰਮਤਿ ਸਮਾਗਮਾਂ ਵਿੱਚ ਵੀ ਕਥਾ-ਵੀਚਾਰ ਕੀਤੀ ਗਈ ਅਤੇ ਮੂਲ ਨਾਨਕਸ਼ਾਹੀ ਕੈਲੰਡਰ ਵੰਡੇ ਗਏ। ਗੁਰੂ ਅੰਗਦ ਸਾਹਿਬ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪਿੰਡ ਝੋਝੜਾਂ ਵਿਖੇ ਹੋਏ ਗੁਰਮਤਿ ਸਮਾਗਮ ਵਿੱਚ ਕਥਾ-ਵੀਚਾਰ ਕੀਤੀ ਗਈ।

**20. ਚੱਕ ਕਲਾਂ (75088-51496)-** ਪ੍ਰਚਾਰਕ ਭਾਈ ਤਰਲੋਚਨ ਸਿੰਘ ਵਲੋਂ 4 ਪਿੰਡਾਂ ਵਿੱਚ ਕਲਾਸਾਂ ਲਗਾ ਕੇ ਬੱਚਿਆਂ ਨੂੰ ਗੁਰਮਤਿ ਦੀ ਸਿੱਖਿਆ ਦਿੱਤੀ ਜਾਂਦੀ ਹੈ। ਕੇਂਦਰ ਵਿਖੇ 2 ਗੁਰਦੁਆਰਿਆਂ ਵਿੱਚ ਗੁਰਮਤਿ ਦੀਆਂ ਕਲਾਸਾਂ ਦੇ ਨਾਲ-ਨਾਲ ਕੀਰਤਨ ਅਤੇ ਗਤਕੇ ਦੀਆਂ ਕਲਾਸਾਂ ਵੀ ਲਗਾਈਆਂ ਜਾਂਦੀਆਂ ਹਨ। ਕੀਰਤਨ ਸਿੱਖਣ ਵਾਲੇ ਬੱਚੇ ਹਰ ਸੰਗਰਾਂਦ ਨੂੰ ਗੁਰਦੁਆਰਾ ਸਿੰਘ ਸਭਾ ਵਿਖੇ ਕੀਰਤਨ ਦੀ ਹਾਜ਼ਰੀ ਭਰਦੇ ਹਨ। ਇਸ ਮਹੀਨੇ 7 ਤਾਰੀਕ ਨੂੰ ਵਿਸਾਖੀ ਨੂੰ ਸਮਰਪਿਤ ਹੋਏ ਗੁਰਮਤਿ ਸਮਾਗਮ ਵਿੱਚ ਗੁਰਦੁਆਰਾ ਸਾਹਿਬ ਫਲਾਹੀ ਵਾਲਾ ਵਿਖੇ ਗੁਰਮਤਿ ਕਲਾਸਾਂ ਵਿੱਚ ਹਾਜ਼ਰੀ ਭਰਨ ਵਾਲੇ ਬੱਚਿਆਂ ਨੂੰ ਸਨਮਾਨਿਤ ਕੀਤਾ ਗਿਆ। ਪਿੰਡ ਹੇਰਾਂ ਵਿਖੇ ਵਿਸਾਖੀ ਨੂੰ ਸਮਰਪਿਤ ਹੋਏ ਸਮਾਗਮ ਵਿੱਚ ਗੁਰਮਤਿ ਕਲਾਸ ਵਿੱਚ ਹਾਜ਼ਰੀ ਭਰਨ ਵਾਲੇ ਬੱਚਿਆਂ ਵਲੋਂ ਕਵਿਤਾ, ਕਵੀਸ਼ਰੀ, ਲੈਕਚਰ ਤੇ ਕੀਰਤਨ ਦੀ ਹਾਜ਼ਰੀ ਭਰੀ ਗਈ ਅਤੇ ਬੱਚਿਆਂ ਨੂੰ ਸਨਮਾਨਿਤ ਵੀ ਕੀਤਾ ਗਿਆ। 24 ਅਪ੍ਰੈਲ ਨੂੰ ਪਿੰਡ ਸੰਘੇ ਜਗੀਰ ਦੇ ਗੁਰਦੁਆਰਾ ਬਾਬਾ ਰਵਿਦਾਸ ਮਹਾਰਾਜ ਵਿਖੇ ਕਥਾ-ਵੀਚਾਰ ਕੀਤੀ ਗਈ। 8 ਬੱਚੇ ਸਹਿਜ ਪਾਠ ਕਰ ਰਹੇ ਹਨ, ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ, ਇੱਕ ਬੱਚੇ ਨੇ ਸਹਿਜ ਪਾਠ ਦੀ ਸਮਾਪਤੀ ਕੀਤੀ ਹੈ ਅਤੇ 15 ਬੱਚੇ ਐਲੀਮੈਂਟਰੀ ਕੋਰਸ ਕਰ ਰਹੇ ਹਨ।

**21. ਡੱਲਾ (98158-80996)-** ਪ੍ਰਚਾਰਕ ਭਾਈ ਗੁਰਦਿੱਤਾ ਸਿੰਘ ਵਲੋਂ ਪਿੰਡ ਡੱਲਾ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਨਿਭਾਈ ਜਾ ਰਹੀ ਹੈ, ਜਿਸ ਵਿੱਚ ਸਵੇਰੇ-ਸ਼ਾਮ ਨਿਤਨੇਮ ਅਤੇ ਕਥਾ ਵੀਚਾਰ ਕੀਤੀ ਜਾਂਦੀ ਹੈ। ਵੱਖ-ਵੱਖ ਘਰਾਂ ਵਿੱਚ ਹੋਏ ਗੁਰਮਤਿ ਸਮਾਗਮਾਂ ਵਿੱਚ ਕਥਾ-ਵੀਚਾਰ ਕੀਤੀ ਗਈ। 3 ਬੱਚੇ ਸਹਿਜ ਪਾਠ ਕਰ ਰਹੇ ਹਨ ਅਤੇ ਇੱਕ ਬੱਚੇ ਨੇ ਕੇਸਾਂ ਦੀ ਸੰਭਾਲ ਆਰੰਭ ਕੀਤੀ ਹੈ।

**22. ਆਦਮਪੁਰ (98723-10997)-** ਪ੍ਰਚਾਰਕ ਭਾਈ ਜਗਜੀਵਨ ਸਿੰਘ ਵਲੋਂ ਗੁਰਦੁਆਰਾ ਸਾਧ ਸੰਗਤ ਜੁਆਹਰ ਨਗਰ (ਆਦਮਪੁਰ) ਵਿਖੇ ਨਿਤਨੇਮ ਦੀ ਸੇਵਾ ਨਿਭਾਈ ਜਾਂਦੀ ਹੈ।

**23. ਖੁਰਦਪੁਰ (98720-92062)-** ਪ੍ਰਚਾਰਕ ਭਾਈ ਮੰਗਲਜੀਤ ਸਿੰਘ ਵਲੋਂ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ (ਖੁਰਦਪੁਰ) ਵਿਖੇ ਰੋਜ਼ਾਨਾ ਸਵੇਰੇ ਸ਼ਾਮ ਨਿਤਨੇਮ ਅਤੇ ਕਥਾ-ਵੀਚਾਰ ਕੀਤੀ ਜਾਂਦੀ ਹੈ। 2 ਬੱਚੇ ਸਹਿਜ ਪਾਠ ਕਰ ਰਹੇ ਹਨ।

**ਪੰਜਾਬ ਤੋਂ ਬਾਹਰ ਦੇ ਕੇਂਦਰ-**

**24. ਜਮਸ਼ੇਦਪੁਰ (ਟਾਟਾ ਨਗਰ)-** ਪ੍ਰਚਾਰਕ ਭਾਈ ਹਰਵਿੰਦਰ ਸਿੰਘ ਜਮਸ਼ੇਦਪੁਰੀ ਵਲੋਂ ਸੰਗਤ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿੱਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਸਾਹਿਬ ਜੈਮਕੋ ਅਜਾਦ ਬਸਤੀ ਵਿਖੇ ਭਾਈ ਸਾਹਿਬ ਵਲੋਂ ਸੰਗਤ ਨਾਲ ਗੁਰਮਤਿ ਵੀਚਾਰਾਂ ਕੀਤੀਆਂ ਗਈਆਂ।

**25. ਜਰਮਨ (0049-1631 892161)-** ਪ੍ਰਚਾਰਕ ਭਾਈ ਸੰਦੀਪ ਸਿੰਘ ਖਾਲਸਾ ਜੀ ਵਲੋਂ ਬੱਚਿਆਂ ਦੀਆਂ ਗੁਰਮਤਿ ਕਲਾਸਾਂ ਲਗਾ ਕੇ ਸਿੱਖ ਰਹਿਤ ਮਰਿਯਾਦਾ ਬਾਰੇ ਜਾਣਕਾਰੀ ਦਿੱਤੀ ਜਾਂਦੀ ਹੈ। ਸੰਗਤ ਦੀਆਂ ਕਲਾਸਾਂ ਲਗਾ ਕੇ ਧਾਰਮਿਕ ਅਤੇ ਨੈਤਿਕ ਸਿਖਿਆ ਦਿੱਤੀ ਜਾਂਦੀ ਹੈ।

**26. ਸਿੰਬਲ ਕੈਂਪ (ਜੰਮੂ) (90865-31984)-** ਪ੍ਰਚਾਰਕ ਭਾਈ ਪੁਸ਼ਪਿੰਦਰ ਸਿੰਘ ਵਲੋਂ ਗੁਰਦੁਆਰਾ ਸਾਹਿਬ ਟਾਹਲੀ ਮੋੜ, ਗੁਰਦੁਆਰਾ ਮੁਰਾਲੀਆਂ ਮੀਰਾਂ ਸਾਹਿਬ ਅਤੇ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਵਿਖੇ ਬੱਚਿਆਂ ਦੀਆਂ ਕਲਾਸਾਂ ਲਗਾ ਕੇ ਉਹਨਾਂ ਨੂੰ ਗੁਰਬਾਣੀ ਅਤੇ ਨੈਤਿਕ ਸਿਖਿਆ ਦਿੱਤੀ ਜਾ ਰਹੀ ਹੈ। ਗੁਰਦੁਆਰਾ ਫਿੰਦੜ ਆਰ. ਐਸ. ਪੁਰਾ ਵਿਖੇ ਸ਼ਾਮ ਨੂੰ ਬੱਚਿਆਂ ਦੀ ਸਭਾ ਲਗਾਈ ਜਾਂਦੀ ਹੈ। ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਖੋੜ ਭਊਆਂ ਆਰ. ਐਸ. ਪੁਰਾ ਵਿਖੇ ਵੱਡਿਆਂ ਦੀ ਗੁਰਬਾਣੀ ਸੰਥਿਆ ਦੀ ਕਾਲਸ ਸ਼ੁਰੂ ਕੀਤੀ ਗਈ। 6 ਬੱਚੇ ਸਹਿਜ ਪਾਠ ਕਰ ਰਹੇ ਹਨ।

**27. ਬੜਾ ਗੁੜਾ (ਸਿਰਸਾ) (97296-10753)-** ਪ੍ਰਚਾਰਕ ਭਾਈ ਲਖਵੀਰ ਸਿੰਘ ਮੁਕਤਸਰ ਵਲੋਂ ਪਿੰਡ ਗੁੜਾ ਦੇ ਗੁਰਦੁਆਰਾ ਭੱਠਾ ਸਾਹਿਬ ਵਿਖੇ ਹਰ ਰੋਜ਼ ਸਵੇਰੇ ਲੜੀਵਾਰ ਕਥਾ-ਵੀਚਾਰ ਕੀਤੀ ਜਾਂਦੀ ਹੈ। ਕੇਂਦਰ ਵਿਖੇ ਬੱਚਿਆਂ ਦੀ ਗੁਰਮਤਿ ਕਲਾਸ ਲਗਾਈ ਜਾਂਦੀ ਹੈ। ਇੱਕ ਬੱਚੇ ਨੇ ਸਹਿਜ ਪਾਠ ਆਰੰਭ ਕੀਤਾ ਹੈ।

**28. ਇੰਫਾਲ (ਮਨੀਪੁਰ):-** ਭਾਈ ਜਗਦੀਪ ਸਿੰਘ ਸੈਦਪੁਰ ਵਲੋਂ ਹਰ ਰੋਜ਼ ਹੁਕਮਨਾਮੇ ਦੀ ਵੀਚਾਰ ਕੀਤੀ ਜਾਂਦੀ ਹੈ ਅਤੇ ਸੰਗਤ ਨਾਲ ਗੁਰਮਤਿ ਵੀਚਾਰਾਂ ਦੀ ਸਾਂਝ ਪਾਈ ਜਾ ਰਹੀ ਹੈ।

**29. ਹਾਂਗਕਾਂਗ (97810-49449)-** ਪ੍ਰਚਾਰਕ ਭਾਈ ਕਰਨਬੀਰ ਸਿੰਘ ਖਾਲਸਾ ਵਲੋਂ ਗੁਰਦੁਆਰਾ ਗੁਰੂ ਨਾਨਕ ਦਰਬਾਰ ਹਾਂਗਕਾਂਗ ਵਿਖੇ ਹਫਤਾਵਾਰੀ ਗੁਰਮਤਿ ਸਮਾਗਮ ਅਤੇ ਗੁਰਮਤਿ ਕਲਾਸਾਂ ਲਗਾ ਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ ਜਾ ਰਿਹਾ ਹੈ। ਦਸਤਾਰ ਸਿਖਲਾਈ ਕੈਂਪ ਲਗਾ ਕੇ ਦਸਤਾਰ ਅਤੇ ਦੁਮਾਲਾ ਬੰਨ੍ਹਣ ਦੀ ਜਾਚ ਸਿਖਾਈ ਜਾਂਦੀ ਹੈ।

**30. ਗਾਂਧੀਧਾਮ (ਗੁਜਰਾਤ) (98057-08111)-** ਪ੍ਰਚਾਰਕ ਭਾਈ ਜਸਪ੍ਰੀਤ ਸਿੰਘ ਵਲੋਂ ਗੁਜਰਾਤ ਵਿੱਚ ਕੱਛ ਜਿਲ੍ਹੇ ਦੇ ਗਾਂਧੀਧਾਮ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿੱਚ ਗੁਰਦੁਆਰਾ ਸ੍ਰੀ ਗੁਰੂ ਨਾਨਕ ਸਿੰਘ ਸਭਾ ਦੇ ਸਹਿਯੋਗ ਨਾਲ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਬੱਚੇ ਗੁਰੂ ਗ੍ਰੰਥ ਸਾਹਿਬ ਜੀ ਦੀ ਸਿੱਖਿਆ ਪ੍ਰਾਪਤ ਕਰਦੇ ਹਨ।

-0-

# ਗੁਰਮਤਿ ਗਿਆਨ ਮਿਸ਼ਨਰੀ ਕਾਲਜ ਵਲੋਂ ਵੱਖ ਵੱਖ ਖੇਤਰਾਂ ਵਿਚ ਚਲਾਏ ਜਾ ਰਹੇ ਗੁਰਮਤਿ ਪ੍ਰਚਾਰ ਕੇਂਦਰਾਂ ਦੀ ਕਾਰਗੁਜ਼ਾਰੀ ਤਸਵੀਰਾਂ ਦੀ ਜ਼ੁਬਾਨੀ



ਕੇਂਦਰ ਖਾਲੜਾ ਦੇ ਸਹਿਯੋਗ ਸਦਕਾ ਸਰਕਾਰੀ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ



ਕੇਂਦਰ ਚੋਹਲਾ ਸਾਹਿਬ ਦੇ ਨਿਊ ਲਾਈਫ ਸਕੂਲ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਤਰਨਤਾਰਨ ਦੇ ਪਿੰਡ ਪਲਾਸੌਰ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਕੁੱਬਾ ਦੇ ਵੱਖ-ਵੱਖ ਪਿੰਡਾਂ ਵਿਚ ਗੁਰਮਤਿ ਕਲਾਸਾਂ ਲਗਾਈਆਂ ਜਾ ਰਹੀਆਂ ਹਨ।



ਕੇਂਦਰ ਰਤਨਗੜ੍ਹ ਸਿੰਧੜਾਂ ਦੇ ਪਿੰਡ ਮੁਨਸ਼ੀਵਾਲਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ।



ਕੇਂਦਰ ਜੰਮੂ ਦੇ ਗੁਰਦੁਆਰਾ ਸਾਹਿਬ ਮਮਕਾ ਆਰ.ਐਸ.ਪੁਰਾ ਵਿਖੇ ਲੱਗ ਰਹੀ ਬੱਚਿਆਂ ਦੀ ਗੁਰਮਤਿ ਕਲਾਸ





ਕੇਂਦਰ ਲਤਾਲਾ ਗੁਰੂ ਨਾਨਕ ਪਬਲਿਕ ਸਕੂਲ ਵਿਖੇ ਗੁਰਮਤਿ ਕੈਂਪ ਲਗਾਇਆ ਗਿਆ, ਬੱਚਿਆਂ ਸਨਮਾਨਤ ਵੀ ਕੀਤਾ ਗਿਆ।





ਕੇਂਦਰ ਮਹਾਸਿੰਘਨਗਰ ਦੇ ਸਾਈਂ ਪਬਲਿਕ ਸਕੂਲ ਵਿਖੇ ਤਿੰਨ ਰੋਜ਼ਾ ਬੱਚਿਆਂ ਦਾ ਗੁਰਮਤਿ ਕੈਂਪ ਲਗਾਇਆ ਗਿਆ (ਸੱਜੇ) ਕੈਂਪ ਲਗਾਉਣ ਵਾਲੀ ਸਮੁੱਚੀ ਟੀਮ

RNI No.: PUNMUL/2019/78309 Postal Regd. No.: LDC/0786/2021-23 (31-12-2023) Postal Date: 5th of every month




ਮੁ.ਫਤ ਦਾਖਲਾ ਸ਼ੁਰੂ ਹੈ ਮੁ.ਫਤ

# ਦਾਖਲਾ ਸੂਚਨਾ



## ਗੁਰਬਾਣੀ ਸੰਥਿਆ, ਇਤਿਹਾਸ, ਫਿਲਾਸਫੀ, ਸਿੱਖ ਰਹਿਤ ਮਰਿਯਾਦਾ, ਕਥਾ-ਕੀਰਤਨ ਆਦਿ ਲਈ ਪ੍ਰਚਾਰਕ ਦਾ ਤਿੰਨ ਸਾਲਾ ਡਿਪਲੋਮਾ ਕੋਰਸ ਲਈ ਦਾਖਲਾ ਸ਼ੁਰੂ ਹੈ।

**ਯੋਗਤਾ :** 10+2 ਪਾਸ, ਵੱਧ ਪੜ੍ਹੇ ਲਿਖੇ ਨੂੰ ਤਰਜੀਹ, ਖਾਸ ਹਾਲਤਾਂ ਵਿਚ ਮੈਟ੍ਰਿਕ ਪਾਸ।

**ਉਮਰ :** 18 ਤੋਂ 28 ਸਾਲ।

**ਦਾਖਲਾ ਮਿਤੀ (ਲੜਕੇ) : 6 ਜੁਲਾਈ 2023 (ਵੀਰਵਾਰ)**

ਦਾਖਲੇ ਵਾਲੇ ਚਾਹਵਾਨ ਉਮੀਦਵਾਰ 6 ਜੁਲਾਈ 2023 ਦਿਨ ਵੀਰਵਾਰ ਨੂੰ ਸਵੇਰੇ 9 ਵਜੇ ਤੋਂ ਬਾਅਦ ਦੁਪਹਿਰ 2:30 ਵਜੇ ਤਕ, ਕਾਲਜ ਵਿਖੇ ਆਪਣੇ ਅਸਲੀ ਸਰਟੀਫਿਕੇਟ ਅਤੇ 2 ਫੋਟੋਆਂ ਲੈ ਕੇ ਆਪਣੇ ਖਰਚੇ ਉੱਤੇ ਕਾਲਜ ਦੇ ਪਤੇ ’ਤੇ ਪਹੁੰਚ ਸਕਦੇ ਹਨ।

ਨੋਟ : 1. ਯੋਗ ਵਿਦਿਆਰਥੀਆਂ ਨੂੰ ਟ੍ਰੇਨਿੰਗ ਉਪਰੰਤ ਸਹੂਲਤਾਂ ਦੇ ਕੇ ਪ੍ਰਚਾਰਕ ਨਿਯੁਕਤ ਕੀਤਾ ਜਾਂਦਾ ਹੈ।
2. ਗੁਰਮਤਿ ਕੋਰਸ ਕਰ ਚੁੱਕੇ ਵੀਰ ਪ੍ਰਚਾਰਕ ਸੇਵਾ ਲਈ ਸੰਪਰਕ ਕਰਨ।

**ਟ੍ਰੇਨਿੰਗ ਦੌਰਾਨ ਪੜ੍ਹਾਈ, ਰਿਹਾਇਸ਼, ਲੰਗਰ ਅਤੇ ਹੋਰ ਜ਼ਰੂਰੀ ਚੀਜ਼ਾਂ ਦਾ ਪ੍ਰਬੰਧ ਕਾਲਜ ਵਲੋਂ ਫ੍ਰੀ ਕੀਤਾ ਜਾਵੇਗਾ**

ਦਾਖਲਾ ਫੀਸ 2000/- ਕਿਤਾਬਾਂ 3500/-

ਸੰਪਰਕ ਕਰੋ: 98146-35655, 99155-29725, 98555-98855

ਜਹ ਗਿਆਨ ਪ੍ਰਗਾਸੁ ਅਗਿਆਨੁ ਮਿਟੰਤੁ
GIAN
ਗੁਰਮਤਿ ਗਿਆਨ

# ਗੁਰਮਤਿ ਗਿਆਨ ਮਿਸ਼ਨਰੀ ਕਾਲਜ

ਪੰਜਾਬੀ ਬਾਗ਼, ਜਵੱਦੀ, ਲੁਧਿਆਣਾ ਫੋਨ: 0161-2521700

**Email:** gurmatgian@rediffmail.com **Website:** gurmatgian.org